ਸੋਮਵਾਰ, 13 ਅਕਤੂਬਰ, 2025
28 ਅੱਸੂ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 133

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • MONDAY, 13 OCTOBER, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫੇ : 14

# ਪਾਕਿ ਤੇ ਅਫ਼ਗਾਨ ਫੌਜਾਂ ਵਿਚਾਲੇ ਭਾਰੀ ਗੋਲੀਬਾਰੀ

**ਕਾਬਲ :** ਅਫਗਾਨਿਸਤਾਨ ਸਰਹੱਦ ਉਪਰ ਦੋਵਾਂ ਪਾਸਿਆਂ ਤੋਂ ਗੋਲਾਬਾਰੀ ਦਰਮਿਆਨ ਇਸਲਾਮਾਬਾਦ ਨੇ ਆਪਣੇ 23 ਜਵਾਨਾਂ ਦੇ ਮਾਰੇ ਜਾਣ ਦੀ ਪੁਸ਼ਟੀ ਕਰਦਿਆਂ ਦਾਅਵਾ ਕੀਤਾ ਹੈ ਕਿ ਉਸ ਦੀ ਫੌਜੀ ਕਾਰਵਾਈ ਵਿੱਚ ਅਫਗਾਨਿਸਤਾਨ ਦੇ 200 ਸੈਨਿਕ ਮਾਰੇ ਗਏ ਹਨ। ਦੂਸਰੇ ਪਾਸੇ ਅਫਗਾਨਿਸਤਾਨ ਨੇ ਕਿਹਾ ਹੈ ਕਿ ਰਾਤ ਭਰ ਚੱਲੇ ਆਪਰੇਸ਼ਨ ਦੌਰਾਨ 58 ਪਾਕਿਸਤਾਨੀ ਸੈਨਿਕ ਮਾਰੇ ਗਏ ਹਨ ਤੇ ਉਸ ਨੇ ਇਹ ਕਾਰਵਾਈ ਪਾਕਿਸਤਾਨ ਦੁਆਰਾ ਵਾਰ-ਵਾਰ ਉਸ ਦੇ ਖੇਤਰ ਦੀ ਹਵਾਈ ਉਲੰਘਣਾ ਕਰਨ ਕਾਰਨ ਕੀਤੀ ਹੈ।

ਰੋਜ਼ਨਾਮਚਾ 'ਡਾਅਨ' ਨੇ ਆਪਣੀ ਇਕ ਰਿਪੋਰਟ ਵਿਚ ਦਾਅਵਾ ਕੀਤਾ ਹੈ ਕਿ ਖੈਬਰ-ਪਖਤੂਨਖਵਾ ਅਤੇ ਬਲੋਚਿਸਤਾਨ ਵਿੱਚ ਪਾਕਿ-ਅਫ਼ਗਾਨ ਸਰਹੱਦ 'ਤੇ ਕਈ ਥਾਵਾਂ ਉੱਤੇ ਗੋਲੀਬਾਰੀ ਤੋਂ ਬਾਅਦ ਪਾਕਿਸਤਾਨੀ ਸੁਰੱਖਿਆ ਬਲਾਂ ਅਤੇ ਅਫ਼ਗਾਨ ਫੌਜਾਂ ਵਿਚਕਾਰ ਝੜਪਾਂ ਹੋਈਆਂ ਹਨ। ਇਹ ਹਿੰਸਕ ਝੜਪਾਂ ਸ਼ਨਿੱਚਰਵਾਰ ਦੇਰ ਰਾਤ ਉਦੋਂ ਸ਼ੁਰੂ ਹੋਈਆਂ, ਜਦੋਂ ਤਾਲਿਬਾਨ ਬਲਾਂ ਨੇ ਕਈ ਪਾਕਿਸਤਾਨੀ ਸਰਹੱਦੀ ਚੌਕੀਆਂ 'ਤੇ ਗੋਲੀਬਾਰੀ ਕੀਤੀ। ਉਧਰ ਅਫ਼ਗਾਨ ਹਥਿਆਰਬੰਦ ਬਲਾਂ ਨੇ ਵੀ ਜਵਾਬੀ ਕਾਰਵਾਈ ਵਜੋਂ ਸ਼ਨਿੱਚਰਵਾਰ ਰਾਤ ਨੂੰ ਡੂਰੰਡ ਲਾਈਨ ਦੇ ਨਾਲ ਪਾਕਿਸਤਾਨੀ ਫੌਜੀ ਚੌਕੀਆਂ ਨੂੰ ਨਿਸ਼ਾਨਾ ਬਣਾਇਆ। ਰੱਖਿਆ ਮੰਤਰਾਲੇ ਨੇ ਚਿਤਾਵਨੀ ਦਿੱਤੀ ਕਿ ਅਫ਼ਗਾਨ ਫੌਜਾਂ ਕਿਸੇ ਵੀ ਹਮਲੇ ਦਾ ਟਾਕਰਾ ਕਰਨ ਤੇ ਸਰਹੱਦਾਂ ਦੀ ਰੱਖਿਆ ਕਰਨ ਲਈ ਤਿਆਰ ਬਰ ਤਿਆਰ ਹਨ। ਅਫ਼ਗਾਨਿਸਤਾਨ ਨੇ ਦਾਅਵਾ ਕੀਤਾ ਕਿ ਉਸ ਨੇ ਸ਼ਨਿੱਚਰਵਾਰ ਦੇਰ ਰਾਤ ਪਾਕਿ ਨਾਲ ਲੱਗਦੀ ਸਰਹੱਦ 'ਤੇ ਕੀਤੀ ਫੌਜੀ ਕਾਰਵਾਈ ਵਿਚ 58 ਪਾਕਿਸਤਾਨੀ ਫੌਜੀਆਂ ਨੂੰ ਮਾਰ ਮੁਕਾਇਆ ਹੈ। ਤਾਲਿਬਾਨ ਸਰਕਾਰ ਦੇ ਮੁੱਖ ਤਰਜਮਾਨ ਜ਼ਬੀਉੱਲ੍ਹਾ ਮੁਜਾਹਿਦ ਨੇ ਕਿਹਾ ਕਿ ਅਫ਼ਗਾਨ ਸੁਰੱਖਿਆ ਬਲਾਂ ਨੇ ਪਾਕਿਸਤਾਨੀ ਫੌਜ ਦੀਆਂ 25 ਚੌਕੀਆਂ 'ਤੇ ਕਬਜ਼ਾ ਕਰ ਲਿਆ ਹੈ। ਇਸ ਦੌਰਾਨ 58 ਫੌਜੀ ਮਾਰੇ ਗਏ ਤੇ 30 ਹੋਰ ਜ਼ਖ਼ਮੀ ਹੋ ਗਏ। 'ਡਾਅਨ' ਅਖ਼ਬਾਰ ਨੇ ਸੁਰੱਖਿਆ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ, "ਤੇਜ਼ ਅਤੇ ਸਖ਼ਤ ਜਵਾਬੀ ਕਾਰਵਾਈ ਵਿੱਚ, ਪਾਕਿਸਤਾਨੀ ਬਲਾਂ ਨੇ ਕਈ ਅਫ਼ਗਾਨ ਸਰਹੱਦੀ ਚੌਕੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਸ਼ਾਨਾ ਬਣਾਇਆ।" ਰਿਪੋਰਟ ਵਿਚ ਕਈ ਅਫ਼ਗਾਨ ਚੌਕੀਆਂ ਅਤੇ ਅੱਤਵਾਦੀ ਟਿਕਾਣਿਆਂ ਨੂੰ ਕਾਫ਼ੀ ਨੁਕਸਾਨ ਪਹੁੰਚਣ ਦਾ ਦਾਅਵਾ ਕੀਤਾ ਗਿਆ ਹੈ। ਝੜਪਾਂ ਉਦੋਂ ਸ਼ੁਰੂ ਹੋਈਆਂ, ਜਦੋਂ ਕਾਬੁਲ ਨੇ ਇਸ ਹਫ਼ਤੇ ਦੇ ਸ਼ੁਰੂ ਵਿੱਚ ਇਸਲਾਮਾਬਾਦ 'ਤੇ ਕਾਬੁਲ 'ਤੇ ਹਵਾਈ ਹਮਲੇ ਕਰਨ ਦਾ ਦੋਸ਼ ਲਗਾਇਆ।



ਸਰਹੱਦ ਨੇੜੇ ਖੋਸਤ ਸੂਬੇ ਦੇ ਜ਼ਜ਼ਈ ਮੈਦਾਨ ਜ਼ਿਲ੍ਹੇ ਵਿੱਚ ਗਸ਼ਤ ਕਰਦੇ ਅਫਗਾਨ ਲੜਾਕੇ।

# ਵੱਡੀ ਗਿਣਤੀ 'ਚ ਪਰਵਾਸੀ ਭਾਰਤੀ 'ਮਿਸ਼ਨ ਚੜ੍ਹਦੀਕਲਾ' ਦੇ ਸਮਰਥਨ 'ਚ ਆਏ

**ਚੰਡੀਗੜ੍ਹ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਹੜ੍ਹ ਪ੍ਰਭਾਵਿਤ ਸੂਬੇ ਦੀ ਮਦਦ ਲਈ ਆਪਣੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਆਸਟਰੇਲੀਆ ਅਤੇ ਨਿਊਜ਼ੀਲੈਂਡ ਤੋਂ ਪਰਵਾਸੀ ਭਾਰਤੀਆਂ ਨੇ ਉਨ੍ਹਾਂ ਨੂੰ ਪੰਜਾਬ ਸਰਕਾਰ ਦੁਆਰਾ ਸ਼ੁਰੂ ਕੀਤੇ ਗਏ ਮਿਸ਼ਨ ਚੜ੍ਹਦੀਕਲਾ ਨੂੰ ਪੂਰਾ ਸਮਰਥਨ ਅਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ।ਆਸਟਰੇਲੀਆ ਅਤੇ ਨਿਊਜ਼ੀਲੈਂਡ ਤੋਂ ਪਰਵਾਸੀ ਭਾਰਤੀਆਂ ਨਾਲ ਇੱਕ ਆਨਲਾਈਨ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਦੇਸ਼ ਨਾਲ ਪਰਵਾਸੀ ਭਾਰਤੀਆਂ ਦੇ ਮਜ਼ਬੂਤ ? ?ਭਾਵਨਾਤਮਕ ਅਤੇ ਵਿਕਾਸ ਦੇ ਰਿਸ਼ਤੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪਰਵਾਸੀ ਭਾਰਤੀਆਂ ਨੇ ਸਖ਼ਤ ਮਿਹਨਤ ਅਤੇ ਲਗਨ ਨਾਲ ਬਾਹਰਲੇ ਮੁਲਕਾਂ ਵਿੱਚ ਆਪਣੀ ਪਛਾਣ ਬਣਾਈ ਹੈ ਪਰ ਫਿਰ ਵੀ ਉਹ ਕਦੇ ਆਪਣੀ ਮਾਤ ਭੂਮੀ ਨੂੰ ਨਹੀਂ ਭੁੱਲੇ। ਮਾਨ ਨੇ ਪਰਵਾਸੀ ਭਾਰਤੀਆਂ ਨੂੰ ਚੱਲ ਰਹੇ ਰਿਕਵਰੀ ਪ੍ਰਾਜੈਕਟਾਂ ਬਾਰੇ ਦੱਸਿਆ ਅਤੇ ਪਰਵਾਸੀ ਭਾਰਤੀਆਂ ਨੂੰ ਸੀਐਸਆਰ ਰਾਹੀਂ ਰੰਗਲਾ ਪੰਜਾਬ ਫੰਡ ਵਿੱਚ ਯੋਗਦਾਨ ਦੇਣ ਦਾ ਸੱਦਾ ਦਿੱਤਾ। ਮੁੱਖ ਮੰਤਰੀ ਨੇ ਪਰਵਾਸੀ ਭਾਰਤੀਆਂ ਨੂੰ ਦੱਸਿਆ ਕਿ ਸੂਬੇ ਨੇ ਹਾਲ ਹੀ ਵਿੱਚ ਇੰਨੇ ਭਿਆਨਕ ਹੜ੍ਹ ਦੇਖੇ ਹਨ ਕਿ ਇਹ ਪੀੜ੍ਹੀਆਂ ਤੱਕ ਲੋਕਾਂ ਦੇ ਮਨਾਂ ਵਿੱਚ ਰਹਿਣਗੇ।



ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਪੰਜਾਬ ਦਾ ਸਭ ਤੋਂ ਵੱਡਾ ਇਮਤਿਹਾਨ ਵੀ ਹੈ, ਪਰ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸੂਬਾ ਹਮੇਸ਼ਾ ਹਰ ਸੰਕਟ ਵਿੱਚੋਂ ਮਜ਼ਬੂਤੀ ਨਾਲ ਉੱਭਰਦਾ ਆਇਆ ਹੈ।ਉਨ੍ਹਾਂ ਕਿਹਾ ਕਿ ਕਿਉਂਕਿ ਪਰਵਾਸੀ ਭਾਰਤੀ ਮੁੱਖ ਮੰਤਰੀ ਰਾਹਤ ਫੰਡ ਵਿੱਚ ਯੋਗਦਾਨ ਨਹੀਂ ਪਾ ਸਕਦੇ, ਇਸ ਲਈ ਸੂਬਾ ਸਰਕਾਰ ਨੇ ਉਨ੍ਹਾਂ ਵਾਸਤੇ ਰੰਗਲਾ ਪੰਜਾਬ ਨਾਮ ਹੇਠ ਨਵਾਂ ਖਾਤਾ ਖੋਲ੍ਹਿਆ ਹੈ। ਮਾਨ ਨੇ ਕਿਹਾ ਕਿ ਸੰਸਦ ਮੈਂਬਰਾਂ ਨੇ ਵੀ ਨਵੇਂ ਫੰਡ ਵਿੱਚ ਆਪਣੇ ਐਮਪੀਐਲਏਡੀ ਫੰਡ ਵਿੱਚੋਂ 20 ਲੱਖ ਤੋਂ ਵੱਧ ਦਾ ਯੋਗਦਾਨ ਪਾਇਆ ਹੈ ਅਤੇ ਕੁਝ ਆਗੂਆਂ ਨੇ ਆਪਣੇ ਨਿੱਜੀ ਹਿੱਤਾਂ ਕਰਕੇ ਇਸ ਫੰਡ ਦਾ ਵਿਰੋਧ ਵੀ ਕੀਤਾ ਹੈ।ਇਸ ਦੌਰਾਨ ਬ੍ਰਿਸਬੇਨ, ਮੈਲਬੌਰਨ, ਐਡੀਲੇਡ, ਸਿਡਨੀ, ਪਰਥ ਅਤੇ ਆਕਲੈਂਡ ਤੋਂ ਮੁੱਖ ਮੰਤਰੀ ਨਾਲ ਜੁੜੇ ਪਰਵਾਸੀ ਭਾਈਚਾਰੇ ਨੇ ਇਸ ਨੇਕ ਕਾਰਜ ਲਈ ਸੂਬਾ ਸਰਕਾਰ ਨੂੰ ਪੂਰਾ ਸਮਰਥਨ ਅਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਆਗੂਆਂ, ਉੱਦਮੀਆਂ, ਪੇਸ਼ੇਵਰਾਂ, ਕਾਰੋਬਾਰੀ ਮਾਲਕਾਂ, ਪੰਜਾਬੀ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਅਤੇ ਹੋਰਾਂ ਸਮੇਤ ਪਰਵਾਸੀ ਭਾਰਤੀ ਭਾਈਚਾਰੇ ਨੇ ਭਗਵੰਤ ਸਿੰਘ ਮਾਨ ਨੂੰ ਭਰੋਸਾ ਦਿੱਤਾ ਕਿ ਉਹ ਇਸ ਮਿਸ਼ਨ ਲਈ ਖੁੱਲ੍ਹੇ ਦਿਲ ਨਾਲ ਯੋਗਦਾਨ ਪਾਉਣਗੇ। ਉਨ੍ਹਾਂ ਨੇ ਹੜ੍ਹ ਪ੍ਰਭਾਵਿਤ ਪੰਜਾਬ ਵਿੱਚ ਜ਼ਿੰਦਗੀ ਨੂੰ ਮੁੜ ਲੀਹ ਤੇ ਲਿਆਉਣ ਲਈ ਠੋਸ ਯਤਨ ਕਰਨ ਵਾਸਤੇ ਮੁੱਖ ਮੰਤਰੀ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਸ਼ਲਾਘਾ ਵੀ ਕੀਤੀ।ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਸੰਜੀਵ ਅਰੋੜਾ, ਮੁੱਖ ਸਕੱਤਰ ਕੇ ਏ ਪੀ ਸਿਨਹਾ, ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਦੇ ਸਲਾਹਕਾਰ ਦੀਪਕ ਬਾਲੀ ਅਤੇ ਹੋਰ ਮੌਜੂਦ ਸਨ।

# ਡੀ ਜੀ ਪੀ ਨੂੰ ਗ੍ਰਿਫ਼ਤਾਰ ਕਰਨ ਲਈ ਅਲਟੀਮੇਟਮ

**ਚੰਡੀਗੜ੍ਹ :** ਹਰਿਆਣਾ ਦੇ ਸੀਨੀਅਰ ਆਈ ਪੀ ਐਸ ਅਧਿਕਾਰੀ ਵਾਈ ਪੂਰਨ ਕੁਮਾਰ ਦੇ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਚੰਡੀਗੜ੍ਹ ਦੇ ਸੈਕਟਰ 20 ਸਥਿਤ ਰਵਿਦਾਸ ਭਵਨ ਵਿਚ ਕਿਸਾਨ ਮਹਾ ਪੰਚਾਇਤ ਕੀਤੀ ਗਈ। ਇਸ ਦੌਰਾਨ ਹਰਿਆਣਾ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਪੂਰਨ ਕੁਮਾਰ ਦੀ ਮੌਤ ਦੇ ਮਾਮਲੇ ਵਿੱਚ ਸਹੀ ਕਾਰਵਾਈ ਨਾ ਕਰਨ ਦੀ ਨਿਖੇਧੀ ਕੀਤੀ ਗਈ। ਇਸ ਦੇ ਨਾਲ ਹੀ ਮਹਾ ਪੰਚਾਇਤ ਵਿੱਚ ਮੌਜੂਦ ਲੋਕਾਂ ਨੇ ਹਰਿਆਣਾ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਕਿ ਜੇਕਰ 48 ਘੰਟਿਆਂ ਵਿੱਚ ਡੀ ਜੀ ਪੀ ਸ਼ਤਰੂਜੀਤ ਕਪੂਰ ਨੂੰ ਅਹੁਦੇ ਤੋਂ ਹਟਾ ਕੇ ਗ੍ਰਿਫ਼ਤਾਰ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਤੇਜ਼ ਕੀਤਾ ਜਾਵੇਗਾ। ਮਾਮਲੇ ਦੀ ਜਾਂਚ ਆਈ ਜੀ ਪੱਧਰ ਦੇ ਅਧਿਕਾਰੀ ਤੋਂ ਕਰਵਾਉਣ ਦੀ ਥਾਂ ਹਾਈਕੋਰਟ ਦੇ ਜੱਜ ਦੀ ਅਗਵਾਈ ਹੇਠ ਕਰਵਾਉਣ ਦੀ ਮੰਗ ਕੀਤੀ ਗਈ। ਇਸ ਦੇ ਨਾਲ ਹੀ ਐਲਾਨ ਕੀਤਾ ਕਿ ਜਦੋਂ ਤੱਕ ਪੀੜਤ ਪਰਿਵਾਰ ਨੂੰ ਇਨਸਾਫ ਨਹੀਂ ਮਿਲ ਜਾਂਦਾ ਸੰਘਰਸ਼ ਜਾਰੀ ਰਹੇਗਾ। ਇਸੇ ਦੌਰਾਨ ਪੂਰਨ ਕੁਮਾਰ ਦੇ ਖੁਦਕੁਸ਼ੀ ਮਾਮਲੇ ਵਿੱਚ ਦਰਜ ਕੀਤੀ ਗਈ ਐੱਫ ਆਈ ਆਰ ਵਿੱਚ ਪੁਲਸ ਨੇ ਨਵੀਂ ਧਾਰਾ ਜੋੜੀ ਹੈ। ਪੀੜਤ ਪਰਵਾਰ ਨੇ ਮੰਗ ਕੀਤੀ ਸੀ ਕਿ ਇਸ ਮਾਮਲੇ ਵਿਚ ਐੱਸ ਸੀ/ਐੱਸ ਟੀ ਐਕਟ ਦੀਆਂ ਸੰਬੰਧਤ ਧਾਰਾਵਾਂ ਜੋੜੀਆਂ ਜਾਣ, ਜਿਸ ਤੋਂ ਬਾਅਦ ਪੁਲਸ ਨੇ ਇਹ ਧਾਰਾ ਐੱਫ ਆਈ ਆਰ ਵਿਚ ਦਰਜ ਕਰ ਦਿੱਤੀ ਹੈ। ਦੂਜੇ ਪਾਸੇ ਪੂਰਨ ਕੁਮਾਰ ਦੇ ਪਰਵਾਰ ਨੇ ਹਾਲੇ ਤੱਕ ਪੋਸਟਮਾਰਟਮ ਲਈ ਸਹਿਮਤੀ ਨਹੀਂ ਦਿੱਤੀ ਹੈ। ਪਰਵਾਰ ਨੇ ਕਿਹਾ ਹੈ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਹੋ ਜਾਂਦੀਆਂ, ਉਹ ਪੋਸਟ ਮਾਰਟਮ ਨਹੀਂ ਕਰਵਾਉਣਗੇ।

# ਜਨ ਸੁਰਾਜ ਪਾਰਟੀ ਸ਼ਰਾਬਬੰਦੀ ਖਤਮ ਕਰੇਗੀ

**ਪਟਨਾ :** ਪ੍ਰਸ਼ਾਂਤ ਕਿਸ਼ੋਰ ਦੀ ਜਨ ਸੁਰਾਜ ਪਾਰਟੀ ਨੇ ਐਤਵਾਰ ਕਿਹਾ ਕਿ ਜੇ ਉਹ ਸੱਤਾ ਵਿਚ ਆ ਗਈ ਤਾਂ ਨਿਤੀਸ਼ ਕੁਮਾਰ ਵੱਲੋਂ 2016 ਤੋਂ ਮੜ੍ਹੀ ਸ਼ਰਾਬਬੰਦੀ ਖਤਮ ਕਰ ਦੇਵੇਗੀ। ਪਾਰਟੀ ਦੇ ਕੌਮੀ ਪ੍ਰਧਾਨ ਉਦੈ ਸਿੰਘ ਨੇ ਕਿਹਾ ਕਿ ਸ਼ਰਾਬ ਦੀ ਵਿਕਰੀ ਨਾਲ ਹੋਣ ਵਾਲੀ ਸਾਲਾਨਾ ਕਰੀਬ 28 ਹਜ਼ਾਰ ਕਰੋੜ ਰੁਪਏ ਦੀ ਕਮਾਈ ਨਾਲ ਸੰਸਾਰ ਬੈਂਕ ਤੇ ਕੌਮਾਂਤਰੀ ਮਾਲੀ ਫੰਡ ਤੋਂ ਪੰਜ-ਛੇ ਲੱਖ ਕਰੋੜ ਦਾ ਕਰਜ਼ਾ ਲੈ ਕੇ ਸੂਬੇ ਦਾ ਵਿਕਾਸ ਕੀਤਾ ਜਾਵੇਗਾ।

# ਪੱਤਰਕਾਰ ਬੀਬੀਆਂ ਨੂੰ ਅੱਗੇ ਬਿਠਾਇਆ



**ਨਵੀਂ ਦਿੱਲੀ :** ਅਫਗਾਨਿਸਤਾਨ ਦੇ ਵਿਦੇਸ਼ ਮੰਤਰੀ ਅਮੀਰ ਖਾਨ ਮੁਤੱਕੀ ਨੇ ਐਤਵਾਰ ਕਿਹਾ ਕਿ ਅਜਿਹਾ ਨਹੀਂ ਹੈ ਕਿ ਨਵੀਂ ਦਿੱਲੀ ਵਿੱਚ ਸ਼ੁੱਕਰਵਾਰ ਦੀ ਪ੍ਰੈੱਸ ਕਾਨਫਰੰਸ ਵਿੱਚ ਔਰਤਾਂ ਨੂੰ ਜਾਣਬੁੱਝ ਕੇ ਸੱਦਾ ਨਹੀਂ ਦਿੱਤਾ ਗਿਆ, ਬਲਕਿ ਇਹ ਤਕਨੀਕੀ ਗਲਤੀ ਦਾ ਨਤੀਜਾ ਸੀ। ਪਿਛਲੀ ਵਾਰ ਪੱਤਰਕਾਰਾਂ ਦੀ ਛੋਟੀ ਸੂਚੀ ਤਿਆਰ ਕੀਤੀ ਗਈ ਸੀ ਕਿਉਂਕਿ ਸਮਾਂ ਘੱਟ ਸੀ। ਉਨ੍ਹਾ ਸਪੱਸ਼ਟ ਕੀਤਾ ਕਿ ਇਹ ਫੈਸਲਾ ਔਰਤਾਂ ਨਾਲ ਵਿਤਕਰੇ 'ਤੇ ਆਧਾਰਤ ਨਹੀਂ ਸੀ। ਮੁਤੱਕੀ ਨੇ ਦੱਸਿਆ ਕਿ ਅਫਗਾਨਿਸਤਾਨ ਵਿੱਚ ਇੱਕ ਕਰੋੜ ਵਿਦਿਆਰਥੀ ਸਕੂਲ ਤੇ ਹੋਰਨਾਂ ਅਦਾਰਿਆਂ 'ਚ ਪੜ੍ਹਦੇ ਹਨ। ਇਨ੍ਹਾਂ ਵਿੱਚ 28 ਲੱਖ ਕੁੜੀਆਂ ਹਨ। ਮਦਰੱਸਿਆਂ ਵਿੱਚ ਗ੍ਰੈਜੂਏਸ਼ਨ ਪੱਧਰ ਤੱਕ ਪੜ੍ਹਾਈ ਕਰਾਈ ਜਾਂਦੀ ਹੈ। ਕੁਝ ਖੇਤਰਾਂ ਵਿੱਚ ਬੰਦਸ਼ਾਂ ਹਨ ਪਰ ਇਸਦਾ ਮਤਲਬ ਇਹ ਨਹੀਂ ਹੈ ਕਿ ਉਹ ਕੁੜੀਆਂ ਨੂੰ ਸਿੱਖਿਅਤ ਕਰਨ ਦੇ ਖਿਲਾਫ ਹਨ। ਕੁੜੀਆਂ ਦੀ ਸਿੱਖਿਆ ਨੂੰ ਧਾਰਮਕ ਤੌਰ 'ਤੇ ਹਰਾਮ ਨਹੀਂ ਐਲਾਨਿਆ ਗਿਆ ਹੈ। (ਪ੍ਰੈੱਸ ਕਾਨਫਰੰਸ ਵਿੱਚ ਪੱਤਰਕਾਰ ਬੀਬੀਆਂ ਨੂੰ ਅਗਲੀ ਕਤਾਰ ਵਿੱਚ ਬਿਠਾਇਆ ਗਿਆ।)

# ਟੈਰਿਫ ਤੋਂ ਡਰਦੇ ਨਹੀਂ ਹਾਂ, ਜਵਾਬੀ ਕਾਰਵਾਈ ਸੰਭਵ : ਚੀਨ

**ਬੀਜਿੰਗ :** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਚੀਨ ਤੋਂ ਦਰਾਮਦ ਉਪਰ 100% ਟੈਰਿਫ ਲਾਉਣ ਦੇ ਐਲਾਨ ਦਾ ਚੀਨ ਨੇ ਢੁਕਵਾਂ ਜਵਾਬ ਦਿੱਤਾ ਹੈ। ਚੀਨ ਦਾ ਕਹਿਣਾ ਹੈ ਕਿ ਉਹ ਟਕਰਾਅ ਨਾਲੋਂ ਕੂਟਨੀਤੀ ਨੂੰ ਤਰਜੀਹ ਦਿੰਦਾ ਹੈ ਪਰ ਜੇਕਰ ਭੜਕਾਇਆ ਗਿਆ ਤਾਂ ਉਹ ਜਵਾਬੀ ਕਾਰਵਾਈ ਕਰਨ ਤੋਂ ਝਿਜਕੇਗਾ ਨਹੀਂ। ਚੀਨ ਦੇ ਵਣਜ ਮੰਤਰਾਲੇ ਨੇ ਇੱਕ ਬਿਆਨ ਜਾਰੀ ਕਰਕੇ ਅਮਰੀਕਾ ਨੂੰ ਸਪੱਸ਼ਟ ਸੰਦੇਸ਼ ਦਿੱਤਾ ਹੈ ਤੇ ਕਿਹਾ ਹੈ ਕਿ ਚੀਨ ਦਾ ਰੁਖ਼ ਸਪੱਸ਼ਟ ਹੈ। ਅਸੀਂ ਟੈਰਿਫ ਯੁੱਧ ਨਹੀਂ ਚਾਹੁੰਦੇ, ਪਰ ਅਸੀਂ ਇਸ ਤੋਂ ਡਰਦੇ ਵੀ ਨਹੀਂ ਹਾਂ। ਵਣਜ ਮੰਤਰਾਲੇ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਸਾਂਝੀ ਕੀਤੀ, ਜਿਸ ਵਿੱਚ ਲਿਖਿਆ ਹੈ ਕਿ ਜੇਕਰ ਅਮਰੀਕਾ ਅਜਿਹੀਆਂ ਕਾਰਵਾਈਆਂ ਜਾਰੀ ਰੱਖਦਾ ਹੈ, ਤਾਂ ਚੀਨ ਨੂੰ ਵੀ ਆਪਣੀ ਸੁਰੱਖਿਆ ਅਤੇ ਅਧਿਕਾਰਾਂ ਦੀ ਰੱਖਿਆ ਲਈ ਜ਼ਰੂਰੀ ਕਦਮ ਚੁੱਕਣੇ ਪੈਣਗੇ।


## ਦੀਵਾਲੀ ਵਿਸ਼ੇਸ਼ ਸਪਲੀਮੈਂਟ



ਡਾ. ਰਮਨ (ਫਗਵਾੜਾ) 88378-31314


ਰਮੇਸ਼ ਕਟਾਰੀਆ ਰਾਜਪੁਰਾ 99880-13675


ਕ੍ਰਿਸ਼ਨ ਗਰਗ ਚੰਡੀਗੜ੍ਹ 94175-93500


ਸੁਖਵਿੰਦਰ ਸਫਰੀ ਟੂਟੋਮਜਾਰਾ 99158-16713


ਸੰਜੀਵ ਅਰੋੜਾ ਜਗਰਾਓਂ 98145-56990


ਹਰਬਿੰਦਰ ਸਿੰਘ ਰਾਣਾ ਵੇਰਕਾ (ਅੰਮ੍ਰਿਤਸਰ) 98881-45991


ਰੀਨਾ ਸ਼ਰਮਾ ਨਕੋਦਰ 79861-27371


ਹਰਭਜਨ ਢਿੱਲੋਂ ਭਲਾਣ (ਨੰਗਲ) 94645-21052


ਮਲਵਿੰਦਰ ਸਿੰਘ ਬਟਾਲਾ 98550-20576

ਦੀਵਾਲੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ।

-ਜਨਰਲ ਮੈਨੇਜਰ


# ਉੱਚ ਅਧਿਕਾਰੀ ਸੁਰੱਖਿਅਤ ਨਹੀਂ ਤਾਂ ਆਮ ਦਲਿਤ ਦਾ ਕੀ ਹਾਲ : ਅਰਸ਼ੀ



**ਫਰੀਦਕੋਟ. (ਐਲਿਗਜੈਂਡਰ ਡਿਸੂਜਾ)** ਦੇਸ਼ ਵਿੱਚ ਦਲਿਤਾਂ 'ਤੇ ਵਧ ਰਹੇ ਜ਼ੁਲਮਾਂ ਵਿਰੁੱਧ ਅਵਾਜ਼ ਬੁਲੰਦ ਕਰਦਿਆਂ ਸੀਨੀਅਰ ਕਮਿਊਨਿਸਟ ਆਗੂ ਅਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਅਰਸ਼ੀ ਨੇ ਸਵਾਲ ਕੀਤਾ ਹੈ ਕਿ ਜੇ ਦਲਿਤ ਵਰਗ ਨਾਲ ਸੰਬੰਧਤ ਉੱਚ ਅਧਿਕਾਰੀ ਵੀ ਸਮਾਜਿਕ ਜਬਰ ਦਾ ਸ਼ਿਕਾਰ ਹੋ ਸਕਦੇ ਹਨ, ਤਾਂ ਆਮ ਦਲਿਤ ਮਨੁੱਖ ਦਾ ਕੀ ਹਾਲ ਹੁੰਦਾ ਹੋਵੇਗਾ ? ਉਨ੍ਹਾ ਇਹ ਟਿੱਪਣੀ ਇੱਥੇ ਕਾਮਰੇਡ ਗੁਰਨਾਮ ਸਿੰਘ ਮਾਨੀ ਵਾਲਾ ਦੀ ਪ੍ਰਧਾਨਗੀ ਹੇਠ ਹੋਈ ਸੀ ਪੀ ਆਈ ਜ਼ਿਲ੍ਹਾ ਕੌਂਸਲ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤੀ।ਕਾਮਰੇਡ ਅਰਸ਼ੀ ਨੇ 'ਨੈਸ਼ਨਲ ਕਰਾਈਮ ਰਿਕਾਰਡ ਬਿਊਰੋ' ਦੇ ਅੰਕੜਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਜਦੋਂ ਤੋਂ ਭਾਜਪਾ ਸਰਕਾਰ ਕੇਂਦਰ ਦੀ ਸੱਤਾ 'ਤੇ ਕਾਬਜ਼ ਹੋਈ ਹੈ, ਦਲਿਤ ਜਾਤੀਆਂ 'ਤੇ ਜ਼ੁਲਮਾਂ ਵਿੱਚ ਡੇਢ ਗੁਣਾ ਅਤੇ ਦਲਿਤ ਜਨਜਾਤੀਆਂ ਖਿਲਾਫ਼ ਜੁਰਮਾਂ ਵਿੱਚ ਦੁੱਗਣਾ ਵਾਧਾ ਹੋਇਆ ਹੈ। ਉਨ੍ਹਾਂ ਪਿਛਲੇ ਦਿਨੀਂ ਵਾਪਰੀਆਂ ਦੋ ਅਹਿਮ ਘਟਨਾਵਾਂ ਦਾ ਜ਼ਿਕਰ ਕੀਤਾ, ਦੇਸ਼ ਦੀ ਸਰਵਉੱਚ ਅਦਾਲਤ ਦੇ ਮੁੱਖ ਜੱਜ ਜਸਟਿਸ ਗਵਈ (ਜੋਕਿ ਦਲਿਤ ਭਾਈਚਾਰੇ

• ਬਾਕੀ ਸਫਾ 2 'ਤੇ

# ਬੀ ਐੱਸ ਐੱਫ ਨੂੰ ਮਿਲੀ ਪਹਿਲੀ ਮਹਿਲਾ ਫਲਾਈਟ ਇੰਜੀਨੀਅਰ

**ਨਵੀਂ ਦਿੱਲੀ :** ਬੀ ਐੱਸ ਐੱਫ ਦੇ ਏਅਰ ਵਿੰਗ ਨੂੰ ਆਪਣੇ 50 ਸਾਲਾਂ ਤੋਂ ਵੱਧ ਦੇ ਇਤਿਹਾਸ ਵਿਚ ਸਿਖਲਾਈ ਦਾ ਅਮਲ ਮੁਕੰਮਲ ਕਰਨ ਮਗਰੋਂ ਪਹਿਲੀ ਮਹਿਲਾ ਫਲਾਈਟ ਇੰਜੀਨੀਅਰ ਮਿਲ ਗਈ ਹੈ। ਬੀ ਐੱਸ ਐੱਫ ਦੇ ਡਾਇਰੈਕਟਰ ਜਨਰਲ ਦਲਜੀਤ ਸਿੰਘ ਚੌਧਰੀ ਨੇ ਹਾਲ ਹੀ ਵਿਚ ਇੰਸਪੈਕਟਰ ਭਾਵਨਾ ਚੌਧਰੀ ਨੂੰ ਚਾਰ ਪੁਰਸ਼ ਸੁਬਾਰਡੀਨੇਟ ਅਧਿਕਾਰੀਆਂ ਨਾਲ ਉਨ੍ਹਾਂ ਦੇ ਫਲਾਈਂਗ ਬੈਜ ਦਿੱਤੇ ਹਨ। ਬੀ ਐੱਸ ਐੱਫ ਕੋਲ ਸਾਲ 1969 ਤੋਂ ਕੇਂਦਰੀ ਗ੍ਰਹਿ ਮੰਤਰਾਲੇ ਦੀ ਹਵਾਬਾਜ਼ੀ ਯੂਨਿਟ ਚਲਾਉਣ ਦਾ ਕੰਮ ਹੈ ਤੇ ਇਹ ਸਾਰੇ ਨੀਮ ਫੌਜੀ ਬਲਾਂ, ਐੱਨ ਐੱਸ ਜੀ ਤੇ ਐੱਨ ਡੀ ਆਰ ਐੱਫ ਵਰਗੇ ਵਿਸ਼ੇਸ਼ ਬਲਾਂ ਦੀਆਂ ਸਾਰੀਆਂ ਅਪਰੇਸ਼ਨਲ ਲੋੜਾਂ ਨੂੰ ਪੂਰਾ ਕਰਦੀ ਹੈ।

# ਰਾਤ 12:30 ਵਜੇ ਬਾਹਰ ਕਿਵੇਂ ਗਈ ?

**ਕੋਲਕਾਤਾ :** ਪੱਛਮੀ ਬੰਗਾਲ ਦੇ ਦੁਰਗਾਪੁਰ ਵਿੱਚ 23 ਸਾਲਾ ਐੱਮ ਬੀ ਬੀ ਐੱਸ ਵਿਦਿਆਰਥਣ ਨਾਲ ਹੋਏ ਸਮੂਹਿਕ ਜਬਰ-ਜ਼ਨਾਹ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ। ਇਸ ਦੌਰਾਨ ਰਾਜ ਦੀ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਹੈ ਕਿ ਵਿਦਿਆਰਥਣ ਰਾਤ 12:30 ਵਜੇ ਬਾਹਰ ਕਿਵੇਂ ਗਈ ? ਮੀਡੀਆ ਨਾਲ ਗੱਲ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ, ਪੀੜਤ ਇੱਕ ਨਿੱਜੀ ਕਾਲਜ ਵਿੱਚ ਪੜ੍ਹਦੀ ਸੀ। ਇਸ ਘਟਨਾ ਲਈ ਕੌਣ ਜ਼ਿੰਮੇਵਾਰ ਹੈ ? ਉਹ ਰਾਤ 12:30 ਵਜੇ ਕਿਵੇਂ ਬਾਹਰ ਗਈ ? ਮਮਤਾ ਬੈਨਰਜੀ ਨੇ ਕਿਹਾ, ਪੁਲਸ ਨੇ 3 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੂਜੇ ਮੁਲਜ਼ਮਾਂ ਦੀ ਭਾਲ ਜਾਰੀ ਹੈ। ਇਸ ਮਾਮਲੇ ਵਿੱਚ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਇਹ ਘਟਨਾ ਸ਼ੁੱਕਰਵਾਰ ਦੇਰ ਰਾਤ ਵਾਪਰੀ ਜਦੋਂ ਪੀੜਤਾ ਆਪਣੇ ਦੋਸਤ ਨਾਲ ਕੈਂਪਸ ਦੇ ਬਾਹਰ ਘੁੰਮ ਰਹੀ ਸੀ।

# ਅੱਜ-ਨਾਮਾ

ਹਾਦਸੇ ਵਧਣ ਦੀ ਬਾਤ ਸਭ ਲੋਕ ਮੰਨਣ,
ਕਾਰਨ ਬਾਰੇ ਨਾ ਵੱਖ ਕੋਈ ਰਾਏ ਮੀਆਂ।
ਪਹਿਲੀ ਗੱਲ ਇਹ ਸਾਰੇ ਹਨ ਮੰਨ ਲੈਂਦੇ,
ਕਾਬੂ ਵਿੱਚ ਰਫਤਾਰ ਨਹੀਂ ਆਏ ਮੀਆਂ।
ਨਿਯਮ-ਕਾਨੂੰਨ ਦੀ ਖਾਸ ਨਾ ਸੂਝ ਹੁੰਦੀ,
ਸਚਾਈ ਇਹ ਵੀ ਕੌਣ ਠੁਕਰਾਏ ਮੀਆਂ।
ਆਵਾਰਾ ਪਸ਼ੂ ਜੋ ਹੁੰਦੇ ਆ ਸੜਕ ਉੱਤੇ,
ਕਿਹੜਾ ਉਹਨਾਂ ਤੋਂ ਜਾਨ ਬਚਾਏ ਮੀਆਂ।
ਕਾਰਨ ਇੱਕ ਜੇ ਹੁੰਦਾ ਤਾਂ ਕਹਿ ਲਈਏ,
ਗਾਲਿਬ ਮੌਤ ਇਨਸਾਨ'ਤੇ ਹੋਈ ਮੀਆਂ।
ਬਾਹਲੀ ਮਰਦੀ ਜਵਾਨੀ ਹੈ ਸੜਕ ਉੱਤੇ,
ਜਾਂਦੇ ਘਰੀਂ ਬਜ਼ੁਰਗ ਕਈ ਰੋਈ ਮੀਆਂ।

-ਤੀਸ ਮਾਰ ਖਾਂ

# 'ਅਪਰੇਸ਼ਨ ਬਲਿਊ ਸਟਾਰ' ਗਲਤ ਤਰੀਕਾ ਸੀ : ਚਿਦੰਬਰਮ

**ਕਸੌਲੀ :** ਕਾਂਗਰਸ ਦੇ ਸੰਸਦ ਮੈਂਬਰ ਪੀ ਚਿਦੰਬਰਮ ਨੇ ਕਿਹਾ ਕਿ 1984 ਵਿੱਚ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਵਿੱਚੋਂ ਅੱਤਵਾਦੀਆਂ ਨੂੰ ਬਾਹਰ ਕੱਢਣ ਲਈ ਚਲਾਇਆ ਗਿਆ ਅਪਰੇਸ਼ਨ ਬਲਿਊ ਸਟਾਰ ਗਲਤ ਤਰੀਕਾ ਸੀ ਤੇ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਇਸ ਗਲਤੀ ਕਾਰਨ ਆਪਣੀ ਜਾਨ ਗੁਆਉਣੀ ਪਈ ਸੀ, ਹਾਲਾਂਕਿ ਇਹ ਫੈਸਲਾ ਇਕੱਲਾ ਇੰਦਰਾ ਗਾਂਧੀ ਦਾ ਨਹੀਂ ਸੀ। ਉਨ੍ਹਾਂ ਖੁਸ਼ਵੰਤ ਸਿੰਘ ਸਾਹਿਤਕ ਸਮਾਗਮ 2025 ਵਿੱਚ ਸ਼ਿਰਕਤ ਕਰਦਿਆਂ ਕਿਹਾ ਕਿ ਉਹ ਕਿਸੇ ਫੌਜੀ ਅਧਿਕਾਰੀ ਦੀ ਬੇਇਜ਼ਤੀ ਕੀਤੇ ਬਿਨਾਂ ਕਹਿਣਾ ਚਾਹੁੰਦੇ ਹਨ ਕਿ ਅਪਰੇਸ਼ਨ ਬਲਿਊ ਸਟਾਰ ਦੌਰਾਨ ਗੋਲਡਨ ਟੈਂਪਲ ਵਿੱਚੋਂ ਅੱਤਵਾਦੀਆਂ ਨੂੰ ਬਾਹਰ ਕੱਢਣ ਦਾ ਤਰੀਕਾ ਗਲਤ ਸੀ, ਪਰ ਜੂਨ 1984 ਦਾ ਅਪਰੇਸ਼ਨ ਬਲਿਊ ਸਟਾਰ ਫੌਜ, ਪੁਲਸ, ਖੁਫੀਆ ਅਤੇ ਸਿਵਲ ਸੇਵਾਵਾਂ ਦੇ ਅਧਿਕਾਰੀਆਂ ਦਾ ਸਾਂਝਾ ਫੈਸਲਾ ਸੀ। ਚਿਦੰਬਰਮ ਦੀ ਸਾਕਾ ਨੀਲਾ ਤਾਰਾ 'ਤੇ ਟਿੱਪਣੀ ਉਪਰ ਕਾਂਗਰਸ ਨੇਤਾ ਰਾਸ਼ਿਦ ਅਲਵੀ ਨੇ ਕਿਹਾ ਹੈ ਕਿ ਸਾਕਾ ਨੀਲਾ ਤਾਰਾ ਸਹੀ ਸੀ ਜਾਂ ਗਲਤ, ਇਹ ਇਕ ਵੱਖਰਾ ਮਾਮਲਾ ਹੈ ਪਰ ਚਿਦੰਬਰਮ ਨੂੰ 50 ਸਾਲ ਬਾਅਦ ਕਾਂਗਰਸ ਪਾਰਟੀ 'ਤੇ ਹਮਲਾ ਕਰਨ ਅਤੇ ਇਹ ਦਾਅਵਾ ਕਰਨ ਦੀ ਕੀ ਜ਼ਰੂਰਤ ਸੀ ਕਿ ਇੰਦਰਾ ਗਾਂਧੀ ਨੇ ਗਲਤ ਕਦਮ ਚੁੱਕਿਆ ਸੀ ? ਉਹ ਉਹੀ ਕਰ ਰਹੇ ਹਨ ਜੋ ਭਾਜਪਾ ਅਤੇ ਪ੍ਰਧਾਨ ਮੰਤਰੀ ਕਰ ਰਹੇ ਹਨ। ਇਹ ਮੰਦਭਾਗਾ ਹੈ। ਚਿਦੰਬਰਮ ਦੇ ਕਾਂਗਰਸ ਪਾਰਟੀ 'ਤੇ ਵਾਰ-ਵਾਰ ਹਮਲੇ ਕਈ ਸ਼ੰਕੇ ਪੈਦਾ ਕਰ ਰਹੇ ਹਨ। ਉਨ੍ਹਾ ਵਿਰੁੱਧ ਅਪਰਾਧਿਕ ਮਾਮਲੇ ਅਜੇ ਵੀ ਲੰਬਿਤ ਹਨ। ਮੈਨੂੰ ਹੈਰਾਨੀ ਹੈ ਕਿ ਕੀ ਉਨ੍ਹਾਂ 'ਤੇ ਕਾਂਗਰਸ ਪਾਰਟੀ 'ਤੇ ਹਮਲਾ ਜਾਰੀ ਰੱਖਣ ਲਈ ਕੋਈ ਦਬਾਅ ਹੈ। ਅੱਜ ਇਹ ਕਹਿਣ ਦੀ ਕੀ ਲੋੜ ਹੈ ਕਿ ਇੰਦਰਾ ਗਾਂਧੀ ਸਾਕਾ ਨੀਲਾ ਤਾਰਾ ਲਈ ਜ਼ਿੰਮੇਵਾਰ ਸੀ ਅਤੇ ਉਨ੍ਹਾਂ ਨੂੰ ਇਸ ਲਈ ਆਪਣੀ ਜਾਨ ਦੇਣੀ ਪਈ।




13-OCT-PAGE-1.qxd 10/12/2025 9:20 PM Page 2



## ਖੁੱਡੀਆਂ ਨੇ ਮੰਡੀ ਪੰਨੀਵਾਲਾ ਫੱਤਾ ਤੇ ਕਿੱਲਿਆਂਵਾਲੀ 'ਚ ਝੋਨੇ ਦੀ ਖਰੀਦ ਸ਼ੁਰੂ ਕਰਵਾਈ



**ਲੰਬੀ/ਗਿੱਦੜਬਾਹਾ (ਜਸਵੰਤ ਗਿੱਲ ਛੋਟਾਆਣਾ)**- ਪੰਜਾਬ ਸਰਕਾਰ ਵੱਲੋਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਬਾਬਤ ਪੁਖਤਾ ਪ੍ਰਬੰਧ ਕੀਤੇ ਗਏ ਹਨ ਤੇ ਝੋਨੇ ਦੀ ਖਰੀਦ, ਲਿਫਟਿੰਗ ਤੇ ਅਦਾਇਗੀ ਸਬੰਧੀ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾ ਰਹੀ।ਇਹ ਪ੍ਰਗਟਾਵਾ ਕੈਬਨਿਟ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਲੰਬੀ ਹਲਕੇ ਦੀ ਮੰਡੀ ਪੰਨੀਵਾਲਾ ਫੱਤਾ ਤੇ ਕਿੱਲਿਆਂਵਾਲੀ ਵਿਖੇ ਝੋਨੇ ਦੀ ਖ਼ਰੀਦ ਸ਼ੁਰੂ ਕਰਵਾਉਣ ਮੌਕੇ ਕੀਤਾ।ਇਸ ਖਰੀਦ ਦੌਰਾਨ ਉਨ੍ਹਾਂ ਕਿਸਾਨ ਭਰਾਵਾਂ ਦਾ ਮੂੰਹ ਮਿੱਠਾ ਕਰਵਾਇਆ ਤੇ ਖਰੀਦ ਸ਼ੁਰੂ ਕਰਵਾਈ। ਕੈਬਨਿਟ ਮੰਤਰੀ ਖੁੱਡੀਆਂ ਨੇ ਦੱਸਿਆ ਕਿ ਝੋਨੇ ਦੀ ਖਰੀਦ ਲਈ ਸਰਕਾਰ ਵੱਲੋਂ ਝੋਨੇ ਵਿੱਚ ਨਮੀ ਦੀ ਵੱਧ ਤੋਂ ਵੱਧ ਮਾਤਰਾ 17 ਫੀਸਦੀ ਨਿਰਧਾਰਤ ਕੀਤੀ ਗਈ ਹੈ ਤੇ ਇਸ ਮਾਪਦੰਡ ਵਿੱਚ ਆਉਣ ਵਾਲੇ ਦਾਣੇ-ਦਾਣੇ ਦੀ ਨਿਰਵਿਘਨ ਖਰੀਦ ਯਕੀਨੀ ਬਣਾਈ ਜਾਵੇਗੀ।ਉਨ੍ਹਾਂ ਕਿਹਾ ਕਿ ਇਸ ਵਾਰ ਬਾਰਦਾਨਾ, ਲੇਬਰ ਤੇ ਢੋਆ ਢੁਆਈ ਦੇ ਪ੍ਰਬੰਧ ਮੁਕੰਮਲ ਹਨ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ ਵਿੱਚ ਸੁੱਕੀ ਤੇ ਸਾਫ਼ ਫਸਲ ਲਿਆਉਣ ਤਾਂ ਜੋ ਉਨ੍ਹਾਂ ਨੂੰ ਨਮੀ ਘਟਣ ਤੱਕ ਮੰਡੀਆਂ ਵਿੱਚ ਰੁਕਣਾ ਨਾ ਪਵੇ।

## ਆਰ ਟੀ ਆਈ ਐਕਟ ਨੂੰ ਕਮਜ਼ੋਰ ਕਰਨ ਦੇ ਯਤਨ ਬੰਦ ਹੋਣ : ਵਿਜੈ ਇੰਦਰ ਸਿੰਗਲਾ



**ਸੰਗਰੂਰ (ਪ੍ਰਵੀਨ ਸਿੰਘ)**- ਇਤਿਹਾਸਕ ਸੂਚਨਾ ਦਾ ਅਧਿਕਾਰ (ਆਰ ਟੀ ਆਈ) ਐਕਟ 2005 ਦੇ 20 ਸਾਲ ਪੂਰੇ ਹੋ ਗਏ ਹਨ।ਇਹ ਕਾਨੂੰਨ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਲੋਕਾਂ ਨੂੰ ਸ਼ਕਤੀ ਦੇਣ ਲਈ ਲਿਆਂਦਾ ਸੀ। ਇਸ ਮੌਕੇ ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਵਿਜੈ ਇੰਦਰ ਸਿੰਗਲਾ ਨੇ ਦੱਸਿਆ ਕਿ ਆਰ ਟੀ ਆਈ ਐਕਟ ਨੇ ਦੇਸ਼ ਦੀ ਸ਼ਾਸਨ ਪ੍ਰਣਾਲੀ ਨੂੰ ਪਾਰਦਰਸ਼ੀ ਤੇ ਜਵਾਬਦੇਹ ਬਣਾਇਆ।ਇਹ ਕਾਨੂੰਨ ਸਮਾਜ ਦੇ ਆਮ ਨਾਗਰਿਕਾਂ ਲਈ ਇੱਕ ਜੀਵਨ ਰੇਖਾ ਸਾਬਿਤ ਹੋਇਆ ਹੈ, ਜਿਸ ਨਾਲ ਲੋਕਾਂ ਨੂੰ ਉਨ੍ਹਾਂ ਦੇ ਹੱਕ, ਜਿਵੇਂ ਕਿ ਰਾਸ਼ਨ, ਪੈਨਸ਼ਨ ਤੇ ਬਕਾਇਆ ਮਜ਼ਦੂਰੀ ਮਿਲੀ ਹੈ।ਪਰ 2014 ਤੋਂ ਬਾਅਦ ਆਰ ਟੀ ਆਈ ਐਕਟ ਨੂੰ ਯੋਜਨਾਬੱਧ ਢੰਗ ਨਾਲ ਕਮਜ਼ੋਰ ਕੀਤਾ ਜਾ ਰਿਹਾ ਹੈ।2019 ਦੇ ਸੋਧਾਂ ਨੇ ਸੂਚਨਾ ਕਮਿਸ਼ਨਰਾਂ ਦੀ ਆਜ਼ਾਦੀ ਨੂੰ ਖ਼ਤਮ ਕਰਕੇ ਕਾਰਜਪਾਲਿਕਾ ਦਾ ਪ੍ਰਭਾਵ ਵਧਾ ਦਿੱਤਾ।2023 ਦੇ ਡਾਟਾ ਪ੍ਰੋਟੈਕਸ਼ਨ ਐਕਟ ਨੇ ਨਿੱਜੀ ਜਾਣਕਾਰੀ ਦੀ ਆੜ ਹੇਠ ਜਨਤਕ ਹਿੱਤ ਨਾਲ ਜੁੜੀ ਜਾਣਕਾਰੀ ਨੂੰ ਵੀ ਗੁਪਤ ਰੱਖਣ ਦਾ ਰਾਹ ਖੋਲ੍ਹ ਦਿੱਤਾ ਹੈ, ਜੋ ਪਾਰਦਰਸ਼ਤਾ ਦੇ ਸਿਧਾਂਤ ਦੇ ਵਿਰੁੱਧ ਹੈ।ਅੱਜ ਕੇਂਦਰੀ ਤੇ ਰਾਜ ਸੂਚਨਾ ਕਮਿਸ਼ਨਾਂ ਵਿੱਚ ਜ਼ਿਆਦਾਤਰ ਅਹੁਦੇ ਖਾਲੀ ਪਏ ਹਨ ਤੇ ਦੇਸ਼ ਭਰ ਵਿੱਚ ਲਗਭਗ 4 ਲੱਖ ਤੋਂ ਵੱਧ ਮਾਮਲੇ ਲੰਬਿਤ ਪਏ ਹਨ। ਆਰ ਟੀ ਆਈ ਐਕਟ ਦੀ 20ਵੀਂ ਵਰ੍ਹੇਗੰਢ 'ਤੇ ਭਾਰਤੀ ਰਾਸ਼ਟਰੀ ਕਾਂਗਰਸ ਜ਼ੋਰਦਾਰ ਮੰਗ ਕਰਦੀ ਹੈ ਕਿ 2019 ਦੇ ਸੋਧਾਂ ਨੂੰ ਤੁਰੰਤ ਰੱਦ ਕੀਤਾ ਜਾਵੇ, ਸਾਰੇ ਖਾਲੀ ਅਹੁਦੇ ਭਰੇ ਜਾਣ ਤੇ ਵਿਸਲ ਬਲੋਅਰ ਐਕਟ ਨੂੰ ਪੂਰਨ ਰੂਪ ਵਿੱਚ ਲਾਗੂ ਕੀਤਾ ਜਾਵੇ।ਆਰ ਟੀ ਆਈ ਆਧੁਨਿਕ ਭਾਰਤ ਦੇ ਸਭ ਤੋਂ ਮਹੱਤਵਪੂਰਨ ਲੋਕਤਾਂਤਰਿਕ ਸੁਧਾਰਾਂ ਵਿੱਚੋਂ ਇੱਕ ਹੈ।ਇਸ ਦੀ ਕਮਜ਼ੋਰੀ, ਲੋਕਤੰਤਰ ਦੀ ਕਮਜ਼ੋਰੀ ਹੈ।ਅਸੀਂ ਇਸ ਕਾਨੂੰਨ ਦੀ ਸੁਰੱਖਿਆ ਲਈ ਸੰਕਲਪਬੱਧ ਹਾਂ।

## ਹਾਰਵਰਡ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਨੇ ਜ਼ੋਨਲ ਖੇਡਾਂ 'ਚ ਗੱਡੇ ਝੰਡੇ



**ਬਾਘਾ ਪੁਰਾਣਾ (ਮਨੀ ਸਿੰਗਲਾ)**- ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵੀ ਨਾਮਣਾ ਖੱਟ ਰਿਹਾ ਹੈ।ਇਸ ਲੜੀ ਤਹਿਤ ਸਕੂਲ ਨੇ ਜ਼ੋਨਲ ਦੀਆਂ ਵੱਖ ਵੱਖ ਖੇਡਾਂ ਵਿੱਚ ਸੈਂਕੜੇ ਮੈਡਲ ਹਾਸਲ ਕੀਤੇ।ਇਸ ਸਭ ਦੀ ਜਾਣਕਾਰੀ ਦਿੰਦੇ ਹੋਏ ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ ਨੇ ਦੱਸਿਆ ਕਿ ਸਕੂਲ ਦੀ ਅੰਡਰ-14, ਅੰਡਰ 19 ਖੋ-ਖੋ ਦੀਆਂ (ਲੜਕੀਆਂ) ਨੇ ਪਹਿਲਾ ਸਥਾਨ, ਅੰਡਰ-17 ਖੋ-ਖੋ ਦੂਜਾ ਸਥਾਨ, ਅੰਡਰ-14 ਬੈਡਮਿੰਟਨ ਪਹਿਲਾ ਸਥਾਨ, ਅੰਡਰ-17 ਬੈਡਮਿੰਟਨ ਤੀਜਾ ਸਥਾਨ, ਚੈੱਸ ਅੰਡਰ-17 ਦੂਜਾ ਸਥਾਨ, ਬਾਸਕਟ ਬਾਲ ਅੰਡਰ-14 ਦੂਜਾ ਸਥਾਨ, ਵਾਲੀਬਾਲ (ਲੜਕੇ) ਅੰਡਰ-14 ਪਹਿਲਾ ਸਥਾਨ, ਚੈੱਸ ਅੰਡਰ-14 ਪਹਿਲਾ ਸਥਾਨ, ਅੰਡਰ-17 ਪਹਿਲਾ ਸਥਾਨ, ਫੁੱਟਬਾਲ ਅੰਡਰ-17 ਪਹਿਲਾ ਸਥਾਨ, ਅੰਡਰ-14 ਦੂਜਾ ਸਥਾਨ, ਬੈਡਮਿੰਟਨ ਅੰਡਰ-14 'ਚ ਦੂਜਾ ਸਥਾਨ ਪ੍ਰਾਪਤ ਕੀਤਾ।ਇਸ ਤੋਂ ਬਾਅਦ ਐਥਲੈਟਿਕਸ ਅੰਡਰ-14 (ਲੜਕੇ) ਵਿੱਚ 6 ਸੋਨ ਤਮਗੇ, ਇੱਕ ਸਿਲਵਰ ਤੇ ਇੱਕ ਕਾਂਸੀ ਦਾ ਤਮਗਾ ਹਾਸਲ ਕੀਤਾ।ਅੰਡਰ-17 ਐਥਲੈਟਿਕਸ (ਲੜਕੇ) ਵਿੱਚ 8 ਸੋਨ, 6 ਸਿਲਵਰ ਤੇ ਦੋ ਕਾਂਸੀ ਦੇ ਤਮਗੇ ਜਿੱਤੇ, ਅੰਡਰ-19 ਐਥਲੈਟਿਕਸ ਵਿੱਚ ਇਕ ਸੋਨ ਤੇ ਇਕ ਸਿਲਵਰ ਤਮਗਾ ਹਾਸਲ ਕੀਤਾ।ਸਕੂਲ ਦੇ ਵਿਦਿਆਰਥੀ ਸੁਖਦੀਪ ਸਿੰਘ ਨੇ ਤਿੰਨ ਗੋਲਡ ਮੈਡਲ ਜਿੱਤ ਕੇ ਬੈਸਟ ਐਥਲੀਟ ਦਾ ਖਿਤਾਬ ਆਪਣੇ ਝੋਲੀ ਪਾਇਆ।ਇਸ ਤੋਂ ਬਾਅਦ ਐਥਲੈਟਿਕਸ (ਲੜਕੀਆਂ) ਵਿੱਚ ਅੰਡਰ-19 'ਚ 6 ਸੋਨ, 4 ਸਿਲਵਰ ਤੇ 3 ਕਾਂਸੀ ਦੇ ਤਮਗੇ ਹਾਸਲ ਕੀਤੇ।ਇਸ ਸਮੇਂ ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ, ਡਾਇਰੈਕਟਰ ਇੰਜ. ਜਗਦੀਪ ਸਿੰਘ ਬਰਾੜ, ਕੋਆਰਡੀਨੇਟਰ ਮੈਡਮ ਗੀਤਾ ਸ਼ਰਮਾ, ਕਮਲਜੀਤ ਕੌਰ ਅਧਿਆਪਕ, ਸਵਰਨਜੀਤ ਕੌਰ ਡੀਪੀਈ ਅਧਿਆਪਕ, ਸੰਜੀਵ ਕੁਮਾਰ, ਕੋਚ ਮਨਜਿੰਦਰ ਸਿੰਘ ਸੀਪਾ ਨੇ ਹੋਣਹਾਰ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ।ਚੇਅਰਮੈਨ ਨਵਦੀਪ ਸਿੰਘ ਬਰਾੜ ਨੇ ਕਿਹਾ ਕਿ ਇਹ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਸਾਡੇ ਬੱਚਿਆਂ ਨੇ ਜ਼ੋਨਲ ਖੇਡਾਂ ਵਿੱਚ ਆਪਣੇ ਸਕੂਲ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ।ਉਨ੍ਹਾਂ ਆਸ ਕੀਤੀ ਕਿ ਜੋ ਬੱਚੇ ਸਟੇਟ ਲਈ ਚੁਣੇ ਗਏ ਹਨ, ਉਹ ਵੀ ਵਧੀਆ ਪ੍ਰਦਰਸ਼ਨ ਕਰਨਗੇ।

## ਸਾਢੇ 7 ਗ੍ਰਾਮ ਹੈਰੋਇਨ ਸਮੇਤ ਦੋ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਥਾਣਾ ਕੁੱਲਗੜ੍ਹੀ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਦੋ ਵਿਅਕਤੀਆਂ ਨੂੰ ਸਾਢੇ 7 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤੇ ਹਨ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਬਲਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਮੱਗਾ-ਫਿਰੋਜ਼ਪੁਰ ਰੋਡ ਨੇੜੇ ਮੱਲਵਾਲ ਕਦੀਮ ਪੁਲ ਥੱਲੇ ਪੁੱਜੀ ਤਾਂ ਦੋ ਮੋਨੇ ਨੌਜਵਾਨ ਗਗਨਦੀਪ ਸਿੰਘ ਉਰਫ ਗੱਗੂ ਪੁੱਤਰ ਬਲਵੰਤ ਸਿੰਘ ਵਾਸੀ ਪਿੰਡ ਜੀਦਾ ਥਾਣਾ ਨੈਹੀਆਂਵਾਲਾ ਜ਼ਿਲ੍ਹਾ ਬਠਿੰਡਾ ਤੇ ਸੁਖਪਾਲ ਸਿੰਘ ਉਰਫ ਪਾਲੀ ਪੁੱਤਰ ਬਲਰਾਜ ਸਿੰਘ ਉਰਫ ਬਿੱਟਾ ਵਾਸੀ ਪਿੰਡ ਬੁੱਟਰ ਬਖ਼ੂਆ ਥਾਣਾ ਬਾਣਾ ਕੋਟ ਭਾਈ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਮੋਟਰਸਾਈਕਲ ਪਲਟੀਨਾ ਸਮੇਤ ਖੜ੍ਹੇ ਦਿਖਾਈ ਦਿੱਤੇ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਕੇ ਮੋਟਰਸਾਈਕਲ ਨਾਲ ਹਰਕਤ ਕਰਨ ਲੱਗੇ ਜਿਨ੍ਹਾਂ ਨੂੰ ਪੁਲਸ ਕਰਮਚਾਰੀਆਂ ਦੀ ਮੱਦਦ ਨਾਲ ਉਨ੍ਹਾਂ ਨੂੰ ਕਾਬੂ ਕੀਤਾ ਗਿਆ ਤੇ ਉਨ੍ਹਾਂ ਦੀ ਤਲਾਸ਼ੀ ਲੈਣ 'ਤੇ ਉਨ੍ਹਾਂ ਕੋਲੋਂ ਸਾਢੇ 7 ਗ੍ਰਾਮ ਹੈਰੋਇਨ ਤੇ 200 ਰੁਪਏ ਭਾਰਤੀ ਕਰੰਸੀ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਤਿਉਹਾਰਾਂ ਦੇ ਚਲਦੇ ਪੰਜਾਬ ਆਬਕਾਰੀ ਵਿਭਾਗ ਵੱਲੋਂ ਸਰਗਰਮੀਆਂ ਤੇਜ਼

### ਵੱਖ-ਵੱਖ ਥਾਵਾਂ 'ਤੇ ਕੀਤੀ ਗਈ ਚੈਕਿੰਗ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**- ਤਿਉਹਾਰਾਂ ਦੇ ਚਲਦੇ ਪੰਜਾਬ ਆਬਕਾਰੀ ਵਿਭਾਗ ਵੱਲੋਂ ਸਰਗਰਮੀਆਂ ਤੇਜ਼ ਕੀਤੀਆਂ ਜਾ ਰਹੀਆਂ ਹਨ, ਜਿਸ ਦੇ ਚਲਦੇ ਵਿਭਾਗ ਵੱਲੋਂ ਨਜਾਇਜ਼, ਕੱਚੀ ਘਰ ਦੀ ਕੱਢੀ ਤੇ ਬਾਹਰਲੇ ਰਾਜਾਂ ਵਿੱਚ ਸਮਗਲ ਹੋ ਕੇ ਆਈ ਸ਼ਰਾਬ ਵਿਰੁੱਧ ਜੰਗੀ ਪੱਧਰ 'ਤੇ ਮੁਹਿੰਮ ਸ਼ੁਰੂ ਕੀਤੀ ਗਈ ਹੈ। ਮਾਨਯੋਗ ਆਬਕਾਰੀ ਕਮਿਸ਼ਨਰ ਪੰਜਾਬ ਸ੍ਰੀ ਜਤਿੰਦਰ ਜੋਰਵਾਲ ਆਈਏਐੱਸ, ਉਪ-ਕਮਿਸ਼ਨਰ ਆਬਕਾਰੀ ਸ੍ਰ. ਪਵਨਜੀਤ ਸਿੰਘ ਦੀਆਂ ਹਦਾਇਤਾਂ ਅਨੁਸਾਰ ਤੇ ਸ੍ਰੀ ਗੁਲਸ਼ਨ ਹੁਰੀਆ ਸਹਾਇਕ ਕਮਿਸ਼ਨਰ ਆਬਕਾਰੀ ਸੰਗਰੂਰ ਤੇ ਸ੍ਰ. ਦਿਲਪ੍ਰੀਤ ਸਿੰਘ ਚਾਹਲ ਆਬਕਾਰੀ ਅਫਸਰ ਸੰਗਰੂਰ 1 ਦੀ ਅਗਵਾਈ ਹੇਠ ਸ੍ਰੀ ਗੌਰਵ ਜਿੰਦਲ ਆਬਕਾਰੀ ਇੰਸਪੈਕਟਰ ਸੁਨਾਮ ਤੇ ਸ੍ਰ. ਬਿਕਰਮ ਢੀਂਡਸਾ ਆਬਕਾਰੀ ਇੰਸਪੈਕਟਰ ਲੌਂਗੋਵਾਲ ਵੱਲੋਂ ਆਗਾਮੀ ਤਿਉਹਾਰਾਂ ਦੇ ਸੀਜ਼ਨ ਦੇ ਮੱਦੇਨਜ਼ਰ ਨਜਾਇਜ਼, ਕੱਚੀ ਘਰ ਦੀ ਕੱਢੀ ਤੇ ਬਾਹਰਲਾ ਰਾਜਾ ਵਿੱਚੋਂ ਸਮਗਲ ਹੋ ਕੇ ਆਈ ਸ਼ਰਾਬ ਵਿਰੁੱਧ ਜੰਗੀ ਪੱਧਰ 'ਤੇ ਮੁਹਿੰਮ ਸ਼ੁਰੂ ਕੀਤੀ ਗਈ ਹੈ।ਇਸੇ ਲੜੀ ਵਿੱਚ ਆਬਕਾਰੀ ਨਿਰੀਖਕ ਸੁਨਾਮ ਸ੍ਰੀ ਗੌਰਵ ਜਿੰਦਲ ਵੱਲੋਂ ਸੁਨਾਮ ਦੇ ਜੋਗੀ ਬਸਤੀ ਵਿੱਚ ਵੱਖ-ਵੱਖ ਥਾਵਾਂ 'ਤੇ ਚੈਕਿੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਨਜਾਇਜ਼, ਕੱਚੀ ਸ਼ਰਾਬ ਦੇ ਸਿਹਤ 'ਤੇ ਹੋਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਵੀ ਜਾਗਰੂਕ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਵੀ ਇਨ੍ਹਾਂ ਬਾਰੇ ਕੋਈ ਜਾਣਕਾਰੀ ਮਿਲਦੀ ਹੈ ਤਾਂ ਤੁਰੰਤ ਵਿਭਾਗ ਨੂੰ ਸੂਚਿਤ ਕੀਤਾ ਜਾਵੇ। ਉਨ੍ਹਾਂ ਦਾ ਨਾਮ ਗੁਪਤ ਰੱਖਿਆ ਜਾਵੇਗਾ।

## ਮਾਤਾ ਸਾਹਿਬ ਕੌਰ ਸਕੂਲ ਵਿਖੇ ਪੀ ਟੀ ਐੱਮ ਦਾ ਸਫਲ ਆਯੋਜਨ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**- ਸਥਾਨਕ ਮਾਤਾ ਸਾਹਿਬ ਕੌਰ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਗੁਰੂ ਹਰਸਹਾਏ ਵਿਖੇ ਹਾਲ ਹੀ ਵਿੱਚ ਅਰਧ-ਸਾਲਾਨਾ ਪ੍ਰੀਖਿਆ ਤੋਂ ਬਾਅਦ ਪੇਰੈਂਟਸ-ਟੀਚਰਜ਼ ਮੀਟਿੰਗ ਪੀ ਟੀ ਐੱਮ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ।ਇਸ ਦੌਰਾਨ ਮਾਪਿਆਂ ਨੇ ਸਕੂਲ ਆ ਕੇ ਆਪਣੇ ਬੱਚਿਆਂ ਦੀ ਪੜ੍ਹਾਈ ਵਿੱਚ ਤਰੱਕੀ ਬਾਰੇ ਜਾਣਕਾਰੀ ਲਈ। ਵਿਦਿਆਰਥੀਆਂ ਨੇ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਅੰਕ ਪ੍ਰਾਪਤ ਕੀਤੇ, ਜਿਸ ਕਾਰਨ ਮਾਪਿਆਂ ਵਿੱਚ ਖੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ।ਅਧਿਆਪਕਾਂ ਨੇ ਵਿਦਿਆਰਥੀਆਂ ਦੇ ਪ੍ਰਦਰਸ਼ਨ, ਸਿੱਖਣ ਦੇ ਪੈਟਰਨ ਤੇ ਸੁਧਾਰ ਦੀਆਂ ਸੰਭਾਵਨਾਵਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ, ਤਾਂ ਜੋ ਘਰ ਵਿੱਚ ਵੀ ਬੱਚਿਆਂ ਨੂੰ ਬਿਹਤਰ ਮਾਰਗਦਰਸ਼ਨ ਮਿਲ ਸਕੇ।ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਡਾ. ਵੰਦਨਾ ਧਵਨ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਵਧਾਈ ਦਿੱਤੀ। ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸ੍ਰੀ ਮਹੀਪਾਲ ਸਿੰਘ ਤੇ ਮੈਨੇਜਰ ਸ੍ਰੀ ਹਰਬੀਰ ਸਿੰਘ ਨੇ ਬੱਚਿਆਂ ਦੇ ਪ੍ਰਦਰਸ਼ਨ 'ਤੇ ਤਸੱਲੀ ਪ੍ਰਗਟਾਈ। ਪ੍ਰੀਖਿਆ ਕੋਆਰਡੀਨੇਟਰ ਅਭੈ ਬਜਾਜ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।ਇਸ ਦੌਰਾਨ ਕੋਆਰਡੀਨੇਟਰ ਸੰਦੀਪ ਤੇ ਸ੍ਰੀਮਤੀ ਰਚਨਾ ਮੋਂਗਾ ਤੇ ਐਕਟੀਵਿਟੀ ਇੰਚਾਰਜ ਸ੍ਰੀਮਤੀ ਸ਼ਿਵਾਲੀ ਹਾਜ਼ਰ ਸਨ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਜ਼ੋਰਾ ਸਿੰਘ ਦੁੱਲਟ ਨੂੰ ਵੱਖ-ਵੱਖ ਜਥੇਬੰਦੀਆਂ ਵੱਲੋਂ ਸ਼ਰਧਾਂਜਲੀਆਂ ਭੇਟ

**ਲੌਂਗੋਵਾਲ (ਪ੍ਰਦੀਪ ਸੱਪਲ)** : ਇਲਾਕੇ ਦੀ ਵਿੱਦਿਅਕ ਸੰਸਥਾ ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੀ ਪ੍ਰਬੰਧਕੀ ਕਮੇਟੀ, ਸ਼ਹੀਦ ਭਾਈ ਮਨੀ ਸਿੰਘ ਵਿੱਦਿਅਕ ਟਰੱਸਟ ਦੇ ਚੇਅਰਮੈਨ ਮਹਿੰਦਰ ਸਿੰਘ ਦੁੱਲਟ ਨੂੰ ਉਸ ਸਮੇਂ ਵੱਡਾ ਸਦਮਾ ਲੱਗਾ, ਜਦ ਉਨ੍ਹਾਂ ਦੇ ਛੋਟੇ ਭਰਾ ਜ਼ੋਰਾ ਸਿੰਘ ਦੁੱਲਟ ਦਾ ਦਿਹਾਂਤ ਹੋ ਗਿਆ।ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਸਹਿਜ ਪਾਠ ਦੇ ਭੋਗ ਗੁਰਦੁਆਰਾ ਸਿੱਧ ਸਮਾਧਾਂ ਵਿਖੇ ਪਾਏ ਗਏ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਜਥੇਦਾਰ ਉਦੈ ਸਿੰਘ ਲੌਂਗੋਵਾਲ, ਜੀਤ ਸਿੰਘ ਸਿੱਧੂ ਸਾਬਕਾ ਚੇਅਰਮੈਨ, ਸ਼੍ਰੋਮਣੀ ਅਕਾਲੀ ਦਲ (ਅ) ਦੇ ਸੀਨੀਅਰ ਆਗੂ ਅਮਰਜੀਤ ਸਿੰਘ ਗਿੱਲ, ਮੇਲਾ ਸਿੰਘ ਸੂਬੇਦਾਰ, ਸਾਬਕਾ ਕੌਂਸਲਰ ਅਵਤਾਰ ਸਿੰਘ ਦੁੱਲਟ, ਵਿਜੇ ਗੋਇਲ ਭਾਜਪਾ ਆਗੂ, ਰਤਨ ਕੁਮਾਰ ਮੰਗੂ ਭਾਜਪਾ ਆਗੂ, ਸੁਖਜਿੰਦਰ ਸਿੰਘ ਦੁੱਲਟ, ਗੁਰਜੰਟ ਸਿੰਘ ਦੁੱਲਟ, ਗੁਰਜੀਤ ਸਿੰਘ ਪਟਵਾਰੀ, ਡਾ. ਗੁਰਪ੍ਰੀਤ ਸਿੰਘ ਵਾਲੀਆ, ਡਾ. ਮਨੀਸ਼ ਕੁਮਾਰ ਵਸ਼ਿਸ਼ਟ, ਗੁਰਮੀਤ ਸਿੰਘ ਲੱਲੀ ਕੌਂਸਲਰ, ਬਲਵਿੰਦਰ ਸਿੰਘ ਢਿੱਲੋਂ, ਅੰਮ੍ਰਿਤਪਾਲ ਸਿੰਘ ਸਿੱਧੂ, ਬਿਕਰਮਜੀਤ ਸਿੰਘ ਵਿੱਕੀ, ਬੀਬੀ ਸ਼ਮਿੰਦਰ ਕੌਰ ਗਿੱਲ, ਰੁਪਿੰਦਰ ਸਿੰਘ ਦੁੱਲਟ, ਭਾਈ ਦਿਆਲਾ ਪਬਲਿਕ ਸਕੂਲ ਦੇ ਪ੍ਰਿੰਸੀਪਲ ਨਰਪਿੰਦਰ ਸਿੰਘ ਢਿੱਲੋਂ, ਸੁਖਜਿੰਦਰ ਸਿੰਘ ਹਰੀਗੜ੍ਹ, ਪ੍ਰਿਤਪਾਲ ਸਿੰਘ ਤੇ ਸਮੂਹ ਸਟਾਫ ਤੋਂ ਇਲਾਵਾ ਵੱਖ-ਵੱਖ ਜਥੇਬੰਦੀਆਂ ਦੇ ਆਗੂ ਨੇ ਆਪਣੀ ਹਾਜ਼ਰੀ ਲਗਵਾਈ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਸੀਨੀਅਰ ਆਗੂ ਅਮਰਜੀਤ ਸਿੰਘ ਗਿੱਲ ਨੇ ਸ਼ਾਮਲ ਸੰਗਤਾਂ ਦਾ ਧੰਨਵਾਦ ਕੀਤਾ।

## ਨਗਰ ਪ੍ਰਧਾਨ ਨੇ ਪਲਸ ਪੋਲੀਓ ਮੁਹਿੰਮ ਦੀ ਕੀਤੀ ਸ਼ੁਰੂਆਤ



**ਬੋਹਾ (ਭੂਸ਼ਨ ਗਰਗ)**- ਸਿਹਤ ਵਿਭਾਗ ਦੀਆਂ ਹਦਾਇਤਾਂ 'ਤੇ ਕਾਰਜਕਾਰੀ ਸਿਵਲ ਸਰਜਨ ਮਾਨਸਾ ਤੇ ਜ਼ਿਲ੍ਹਾ ਟੀਕਾਕਰਨ ਅਫਸਰ ਡਾਕਟਰ ਬਲਜੀਤ ਕੌਰ ਦੀ ਯੋਗ ਅਗਵਾਈ ਤੇ ਡਾਕਟਰ ਸਰਬਜੀਤ ਸਿੰਘ ਸੀਨੀਅਰ ਮੈਡੀਕਲ ਅਫ਼ਸਰ ਬੁਢਲਾਡਾ ਦੀ ਰਹਿਨੁਮਾਈ ਹੇਠ ਪੀ ਐੱਚ ਸੀ ਬੋਹਾ, ਬੱਸ ਸਟੈਂਡ ਬੋਹਾ ਤੇ ਹੋਰ ਵੱਖ ਵੱਖ ਥਾਵਾਂ 'ਤੇ ਪਲਸ ਪੋਲੀਓ ਮੁਹਿੰਮ ਦੌਰਾਨ ਨੰਨ੍ਹੇ-ਮੁੰਨੇ ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਉਣ ਦੀ ਰਸਮ ਸ੍ਰੀਮਤੀ ਸੁਖਜੀਤ ਕੌਰ ਪ੍ਰਧਾਨ ਨਗਰ ਪੰਚਾਇਤ ਬੋਹਾ, ਉੱਘੇ ਸਮਾਜ ਸੇਵੀ ਸ੍ਰ. ਕਮਲਦੀਪ ਸਿੰਘ ਬਾਵਾ, ਬਲਵੀਰ ਕੌਰ ਐੱਮ ਸੀ, ਹਰਪਾਲ ਸਿੰਘ ਪੰਮੀ ਉੱਘੇ ਸਮਾਜ ਸੇਵੀ ਤੇ ਕਾਮਰੇਡ ਜਗਨ ਨਾਥ ਵੱਲੋਂ ਕੀਤੀ ਗਈ।ਇਸ ਮੌਕੇ ਭੂਪਿੰਦਰ ਕੁਮਾਰ ਹੈਲਥ ਇੰਸਪੈਕਟਰ, ਪਰਮਜੀਤ ਕੌਰ ਐੱਲ ਐੱਚ ਵੀ ਨੇ ਦੱਸਿਆ ਕਿ ਅੱਜ ਐਤਵਾਰ ਨੂੰ ਆਪਣੇ ਆਪਣੇ ਬੂਥ ਉੱਤੇ ਅਤੇ 13-14 ਅਕਤੂਬਰ ਨੂੰ ਘਰ ਘਰ ਜਾ ਕੇ 5 ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਈਆਂ ਜਾਣਗੀਆਂ।ਇਸ ਦੌਰਾਨ ਕੋਈ ਵੀ ਬੱਚਾ, ਜਿਸ ਦੀ ਉਮਰ 0 ਤੋਂ 5 ਸਾਲ ਦੇ ਦਰਮਿਆਨ ਹੈ, ਇਨ੍ਹਾਂ ਬੂੰਦਾਂ ਤੋਂ ਵਾਂਝਾ ਨਹੀਂ ਰਹੇਗਾ।ਇਸ ਮੌਕੇ ਮੋਨਿਕਾ, ਮਿੱਤਲ, ਹਰਮੇਲ ਕੌਰ, ਕੁਲਦੀਪ ਕੌਰ ਆਸ਼ਾ ਫਸਿਲੀਟੇਟਰ, ਗੁਰਵਿੰਦਰ ਸਿੰਘ, ਗੁਰਪ੍ਰੀਤ ਸਿੰਘ ਤੇ ਸਮੂਹ ਟੀਮਾਂ ਦੇ ਕਰਮਚਾਰੀ ਹਾਜ਼ਰ ਸਨ।

## ਲੜਕੀਆਂ ਨੂੰ ਸਿਲਾਈ ਮਸ਼ੀਨਾਂ ਵੰਡੀਆਂ




**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** ਸਮਾਜ ਸੇਵੀ ਸੰਸਥਾ ਰੋਟਰੀ ਕਲੱਬ ਪਾਤੜਾਂ ਰਾਇਲ ਵੱਲੋਂ ਜ਼ਰੂਰਤਮੰਦ ਲੜਕੀਆਂ ਨੂੰ ਸਿਲਾਈ ਮਸ਼ੀਨਾਂ ਵੰਡੀਆਂ ਗਈਆਂ। ਕਲੱਬ ਪ੍ਰਧਾਨ ਹਰਮੇਸ਼ ਸਿੰਗਲਾ ਨੇ ਦੱਸਿਆ ਕਿ ਜ਼ਰੂਰਤਮੰਦ ਲੜਕੀਆਂ ਨੂੰ ਸਿਲਾਈ ਸਿਖਣ ਲਈ ਮਸ਼ੀਨਾਂ ਦੇਣ ਦਾ ਮਕਸਦ ਹੈ ਕਿ ਉਹ ਸਿੱਖ ਕੇ ਅੱਗੇ ਵਧ ਕੇ ਆਪਣੇ ਪੈਰਾਂ 'ਤੇ ਖੜੇ ਹੋ ਸਕਣ।ਉਨ੍ਹਾਂ ਦੱਸਿਆ ਕਿ ਕਲੱਬ ਦੇ ਮੈਂਬਰ ਨਰਾਇਣ ਗਰਗ, ਕਪਿਲ ਕੌਸ਼ਲ ਮਲਿਕ, ਰਕੇਸ਼ ਗੋਇਲ ਬਬਲ, ਰਾਕੇਸ਼ ਗੋਇਲ ਤੇ ਹਰਮੇਸ਼ ਸਿੰਗਲਾ ਵੱਲੋਂ ਅਪਣੇ ਦਸਵੰਧ 'ਚੋਂ ਸੇਵਾ ਕਰਾਈ ਗਈ।ਉਨ੍ਹਾਂ ਦੱਸਿਆ ਕਿ ਕਲੱਬ ਹਮੇਸ਼ਾ ਹੀ ਸਮਾਜ ਭਲਾਈ ਦੇ ਕੰਮਾਂ 'ਚ ਵਧ-ਚੜ੍ਹ ਕੇ ਹਿੱਸਾ ਲੈਂਦਾ ਹੈ। ਇਸ ਮੌਕੇ ਸੈਕਰੇਟਰੀ ਰਾਕੇਸ਼ ਗੋਇਲ, ਕੈਸ਼ੀਅਰ ਮਿੰਕਲ ਗਰਗ, ਰਾਕੇਸ਼ ਸਿੰਗਲਾ ਸੋਨੀ, ਕਪਿਲ ਕੌਸ਼ਲ ਮਲਿਕ, ਕੁਨਾਲ ਗੋਇਲ, ਨਰਾਇਣ ਗਰਗ, ਰਾਕੇਸ਼ ਗਰਗ ਮਦਰ ਇੰਡੀਆ ਸਕੂਲ, ਅਸ਼ੋਕ ਗਰਗ, ਅਮਨਦੀਪ ਸਿੰਘ, ਭਾਰਤ ਭੂਸ਼ਣ, ਅਰੁਣ ਸਿੰਗਲਾ, ਬ੍ਰਿਜ ਲਾਲ, ਵਿਸ਼ਾਲ ਗੋਇਲ, ਦੀਪਕ ਗਰਗ, ਹਰਮੇਸ਼ ਨਰੈਣ, ਰਾਕੇਸ਼ ਗੋਇਲ, ਸੰਦੀਪ ਗੁਪਤਾ, ਅਮਿਤ ਗਰਗ, ਸੁਨੀਲ ਮਿੱਤਲ, ਗੋਬਿੰਦ ਸਿੰਘ ਵਿਰਦੀ, ਹੈਪੀ ਸਿੰਗਲਾ, ਡਾ. ਅਮਨ ਸ਼ਰਮਾ, ਡਾ. ਅਸ਼ੋਕ ਗਰਗ, ਡਾ. ਮੋਹਨ ਸਿੰਗਲਾ, ਜੀਵਨ ਸਿੰਗਲਾ , ਰਾਕੇਸ਼ ਸਿੰਗਲਾ ਗੁਰੂਕੁਲ ਸਕੂਲ, ਸੰਦੀਪ ਗੁਪਤਾ, ਰਜਿੰਦਰ ਬਾਂਸਲ ਤੇ ਯੋਗੇਸ਼ ਗਰਗ ਆਦਿ ਹਾਜ਼ਰ ਸਨ ।

## 420 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**- ਥਾਣਾ ਠੁੱਲੀਵਾਲ ਪੁਲਸ ਵੱਲੋਂ ਪਾਬੰਦੀਸ਼ੁਦਾ ਨਸ਼ੀਲੀਆਂ ਗੋਲੀਆਂ ਸਮੇਤ ਇੱਕ ਨੌਜਵਾਨ ਨੂੰ ਫੜੇ ਜਾਣ ਦੀ ਖਬਰ ਮਿਲੀ ਹੈ।ਇਸ ਸੰਬੰਧੀ ਥਾਣਾ ਠੁੱਲੀਵਾਲ ਦੇ ਮੁੱਖ ਅਫ਼ਸਰ ਬਲਵਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਐੱਸ.ਐੱਸ.ਪੀ. ਬਰਨਾਲਾ ਮੁਹੰਮਦ ਸਰਫ਼ਰਾਜ਼ ਆਲਮ ਦੇ ਦਿਸ਼ਾ-ਨਿਰਦੇਸ਼ਾਂ, ਡੀ ਐੱਸ ਪੀ ਮਹਿਲ ਕਲਾਂ ਜਸਪਾਲ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਸਹਾਇਕ ਥਾਣੇਦਾਰ ਜਸਵਿੰਦਰ ਸਿੰਘ ਦੀ ਦੇਖ-ਰੇਖ ਹੇਠ ਇਹ ਕਾਰਵਾਈ ਕੀਤੀ ਗਈ।ਉਨ੍ਹਾਂ ਦੱਸਿਆ ਕਿ ਥਾਣਾ ਠੁੱਲੀਵਾਲ ਪੁਲਸ ਪਾਰਟੀ ਨੇ ਮਿਲੀ ਸੂਚਨਾ ਦੇ ਅਧਾਰ 'ਤੇ ਜਸਵਿੰਦਰ ਸਿੰਘ ਗੋਲੀ ਵਾਸੀ ਕੁਰੜ ਨੂੰ ਪਿੰਡ ਕੁਰੜ ਤੋਂ ਮਾਂਗੇਵਾਲ ਆਉਂਦੀ ਸੜਕ ਤੋਂ 420 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰ ਲਿਆ।ਠੁੱਲੀਵਾਲ ਪੁਲਸ ਵੱਲੋਂ ਫੜੇ ਗਏ ਨੌਜਵਾਨ ਖ਼ਿਲਾਫ਼ ਪਰਚਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## ਹਲਕੇ ਦੀਆਂ ਪੰਚਾਇਤਾਂ ਵੱਲੋਂ ਪੇਂਡੂ ਲਿੰਕ ਸੜਕਾਂ ਦੇ ਨਿਰਮਾਣ ਲਈ ਬਰਸਟ ਦਾ ਧੰਨਵਾਦ



**ਸਮਾਣਾ (ਇਕਬਾਲ ਸਿੰਘ, ਇਕਬਾਲ ਸਿੰਘ ਬੱਲ)**- ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਪੇਂਡੂ ਲਿੰਕ ਸੜਕਾਂ ਦੇ ਨਵੀਨੀਕਰਨ ਤੇ ਮੁਰੰਮਤ ਦੇ ਕਾਰਜ ਸ਼ੁਰੂ ਕਰਵਾਏ ਗਏ ਹਨ, ਜਿਸ ਦੇ ਤਹਿਤ ਹਲਕਾ ਸਮਾਣਾ ਅਧੀਨ ਪੈਂਦੇ ਪਿੰਡਾਂ ਦੀਆਂ ਲਿੰਕ ਸੜਕਾਂ ਦਾ ਨਿਰਮਾਣ ਵੀ ਕੀਤਾ ਜਾ ਰਿਹਾ ਹੈ।ਇਸ ਦੇ ਲਈ ਹਲਕਾ ਸਮਾਣਾ ਦੇ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਤੇ ਮੋਹਤਬਰ ਸੱਜਣਾ ਵੱਲੋਂ ਅੱਜ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਸ੍ਰ. ਹਰਚੰਦ ਸਿੰਘ ਬਰਸਟ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ। ਸ੍ਰ. ਬਰਸਟ ਦਾ ਧੰਨਵਾਦ ਕਰਦਿਆਂ ਪੰਚਾਇਤਾਂ ਨੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਇਨ੍ਹਾਂ ਲਿੰਕ ਸੜਕਾਂ ਨੂੰ ਬਣਵਾਉਣ ਦੀ ਮੰਗ ਚੱਲੀ ਆ ਰਹੀ ਸੀ, ਜਿਸ ਵੱਲ ਪਿਛਲੀਆਂ ਸਰਕਾਰਾਂ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ, ਪਰ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ੍ਰ. ਹਰਚੰਦ ਸਿੰਘ ਬਰਸਟ ਦੇ ਯਤਨਾਂ ਸਦਕਾ ਇਨ੍ਹਾਂ ਮੰਗਾਂ ਨੂੰ ਪੂਰਾ ਕਰਦਿਆਂ ਪੇਂਡੂ ਲਿੰਕ ਸੜਕਾਂ ਦੇ ਨਿਰਮਾਣ ਕਾਰਜਾਂ ਨੂੰ ਸ਼ੁਰੂ ਕਰਵਾਇਆ ਗਿਆ ਹੈ, ਜਿਸ ਨਾਲ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ।ਇਸ ਦੌਰਾਨ ਵੱਖ-ਵੱਖ ਪਿੰਡਾਂ ਦੇ ਪਹੁੰਚੇ ਲੋਕਾਂ ਵੱਲੋਂ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਵਿਕਾਸਕਾਰੀ ਯਤਨਾਂ ਦੀ ਸ਼ਲਾਘਾ ਕੀਤੀ ਗਈ। ਸ. ਬਰਸਟ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਪੇਂਡੂ ਲਿੰਕ ਸੜਕਾਂ ਦੇ ਨਵੀਨੀਕਰਨ ਤੇ ਮੁਰੰਮਤ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।ਲੋਕਾਂ ਦੀਆਂ ਸਮੱਸਿਆਵਾਂ ਨੂੰ ਮੁੱਖ ਰੱਖਦਿਆਂ ਹੋਇਆ ਲਿੰਕ ਸੜਕਾਂ ਦੇ ਨਿਰਮਾਣ ਕਾਰਜਾਂ ਨੂੰ ਸ਼ੁਰੂ ਕਰਵਾਇਆ ਗਿਆ ਹੈ।ਉਨ੍ਹਾਂ ਕਿਹਾ ਕਿ ਹਲਕਾ ਸਮਾਣਾ ਦੀਆਂ ਸੜਕਾਂ ਅਤੇ ਵਿਕਾਸ ਵਿੱਚ ਕਿਸੇ ਕਿਸਮ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

## ਜੈ ਇੰਦਰ ਕੌਰ ਦੀ ਅਗਵਾਈ 'ਚ ਦੋ ਦਰਜਨ ਤੋਂ ਵੱਧ ਪਰਵਾਰ ਭਾਜਪਾ 'ਚ ਸ਼ਾਮਲ

### ● ਸੰਜੀਵ ਗਰਗ ਨੂੰ ਸੋਸ਼ਲ ਮੀਡੀਆ ਇੰਚਾਰਜ ਬਣਨ 'ਤੇ ਦਿੱਤੀਆਂ ਮੁਬਾਰਕਾਂ



**ਸਮਾਣਾ 11 ਅਕਤੂਬਰ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਭਾਰਤੀ ਜਨਤਾ ਪਾਰਟੀ ਮਹਿਲਾ ਵਿੰਗ ਦੀ ਸੂਬਾ ਪ੍ਰਧਾਨ ਬੀਬਾ ਜੈ ਇੰਦਰ ਕੌਰ ਦੀ ਅਗਵਾਈ ਹੇਠ ਬੀ ਜੇ ਪੀ ਦੇ ਸੋਸ਼ਲ ਮੀਡੀਆ ਇੰਚਾਰਜ ਸੰਜੀਵ ਗਰਗ ਦੇ ਦਫਤਰ ਵਿਖੇ ਸ਼ੁਭਨੀਤ ਗਰਗ ਦੀ ਅਗਵਾਈ ਹੇਠ ਕਰੀਬ 50 ਨੌਜਵਾਨਾਂ ਤੇ 25-30 ਪਰਵਾਰਾਂ ਨੇ ਭਾਜਪਾ ਤੇ ਯੂਥ ਵਿੰਗ ਵਿੱਚ ਜੁਆਇਨਿੰਗ ਕੀਤੀ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਹਰਮੇਸ਼ ਡਕਾਲਾ, ਹਲਕਾ ਇੰਚਾਰਜ ਸੁਰਿੰਦਰ ਸਿੰਘ ਖੇੜਕੀ, ਮੰਡਲ ਪ੍ਰਧਾਨ ਜਤਿੰਦਰ ਸ਼ਰਮਾ, ਭਾਜਪਾ ਸੀਨੀਅਰ ਆਗੂ ਪਰਦਮਣ ਸਿੰਘ ਵਿਰਕ, ਮੰਡਲ ਯੂਥ ਵਿੰਗ ਪ੍ਰਧਾਨ ਪ੍ਰੀਕਸ਼ਿਤ ਪਾਠਕ, ਜਾਇੰਟ ਸੈਕਟਰੀ ਪਵਨ ਘੱਗਾ, ਦਮਨ ਭੱਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਇਸ ਮੌਕੇ ਭਾਜਪਾ ਜ਼ਿਲ੍ਹਾ ਪਟਿਆਲਾ ਦਾ ਸੋਸ਼ਲ ਮੀਡੀਆ ਇੰਚਾਰਜ ਲੱਗਣ 'ਤੇ ਸੰਜੀਵ ਗਰਗ ਨੂੰ ਉਨ੍ਹਾਂ ਵੱਲੋਂ ਮੁਬਾਰਕਾਂ ਦਿੱਤੀਆਂ ਗਈਆਂ। ਬੀਬਾ ਜੈ ਇੰਦਰ ਕੌਰ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ 2027 ਦੀਆਂ ਚੋਣਾਂ ਮੌਕੇ ਭਾਜਪਾ ਦੇ ਉਮੀਦਵਾਰਾਂ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਉਣ ਤਾਂ ਜੋ ਪੰਜਾਬ ਵਿੱਚ ਨਿਰੋਲ ਭਾਜਪਾ ਦੀ ਸਰਕਾਰ ਬਣੇ ਤੇ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ 'ਤੇ ਲੈਜਾਇਆ ਸਕੇ।ਇਸ ਮੌਕੇ ਜਸਕਰਨ ਸਿੰਘ, ਬਲਵਿੰਦਰ ਬੱਬੀ, ਜਸਵਿੰਦਰ ਕੌਰ, ਜਰਨੈਲ ਸਿੰਘ ਜੈਲੀ, ਮੰਡਲ ਪ੍ਰਧਾਨ ਗੁਰਪ੍ਰੀਤ ਮਾਜਰੀ, ਪ੍ਰਦੀਪ ਕੌਰ, ਹਰਵਿੰਦਰ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਭਾਜਪਾ ਵਰਕਰ ਤੇ ਆਗੂ ਹਾਜ਼ਰ ਸਨ।

## ਮਨੂ ਸ਼ਰਮਾ 'ਆਪ' ਦੇ ਹਲਕਾ ਮੀਡੀਆ ਕੋਆਰਡੀਨੇਟਰ ਨਿਯੁਕਤ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ, ਮਨੋਹਰ ਸੱਗੂ)**- ਆਮ ਆਦਮੀ ਪਾਰਟੀ ਵੱਲੋਂ ਜਥੇਬੰਦਕ ਢਾਂਚੇ ਵਿੱਚ ਹੋਏ ਨਵੇਂ ਵਿਸਥਾਰ ਤਹਿਤ ਮਨੂ ਸ਼ਰਮਾ ਬੇਨੜਾ ਨੂੰ ਹਲਕਾ ਮੀਡੀਆ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ।ਆਪਣੀ ਨਿਯੁਕਤੀ 'ਤੇ ਖੁਸ਼ੀ ਪ੍ਰਗਟਾਉਂਦੇ ਹੋਏ ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪਾਰਟੀ ਦੇ ਪ੍ਰਭਾਰੀ ਮਨੀਸ਼ ਸਿਸੋਦੀਆ, ਪੰਜਾਬ ਪ੍ਰਧਾਨ ਅਮਨ ਅਰੋੜਾ, ਓ.ਐੱਸ.ਡੀ. ਸੁਖਵੀਰ ਸਿੰਘ, ਓ.ਐੱਸ.ਡੀ. ਰਾਜਵੀਰ ਸਿੰਘ, ਪੰਜਾਬ ਲਘੂ ਉਦਯੋਗ ਵਿਕਾਸ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਤੇ ਮੁੱਖ ਮੰਤਰੀ ਕੈਂਪਸ ਦਫ਼ਤਰ ਧੂਰੀ ਦੇ ਇੰਚਾਰਜ ਰਾਜਵੰਤ ਸਿੰਘ ਘੁੱਲੀ ਦਾ ਤਹਿ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਉਨ੍ਹਾਂ 'ਤੇ ਜਤਾਇਆ ਗਿਆ ਭਰੋਸਾ ਉਨ੍ਹਾਂ ਲਈ ਮਾਣ ਦੀ ਗੱਲ ਹੈ ਤੇ ਉਹ ਇਸ ਜ਼ਿੰਮੇਵਾਰੀ 'ਤੇ ਪੂਰੀ ਤਰ੍ਹਾਂ ਖਰੇ ਉਤਰਨਗੇ।ਉਨ੍ਹਾਂ ਕਿਹਾ ਕਿ ਪਾਰਟੀ ਦਾ ਹਰੇਕ ਵਰਕਰ ਆਮ ਲੋਕਾਂ ਦੀ ਆਵਾਜ਼ ਨੂੰ ਉਚੇ ਪੱਧਰ ਤੱਕ ਪਹੁੰਚਾਉਣ ਲਈ ਵਚਨਬੱਧ ਹੈ।

## ਗਲੋਬਲ ਸਕੂਲ ਵਿਖੇ ਅਧਿਆਪਕਾਂ ਲਈ ਵਿਸ਼ੇਸ਼ ਸਿਖਲਾਈ ਕੈਂਪ ਲਗਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਸੀ.ਬੀ.ਐੱਸ.ਈ. ਤੋਂ ਮਾਨਤਾ ਪ੍ਰਾਪਤ ਸਰਾਫ ਐਜੂਬੀਕਨ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਫੂਲ ਵਿਖੇ ਅਧਿਆਪਕਾਂ ਲਈ ਇੱਕ ਵਿਸ਼ੇਸ਼ ਅਧਿਆਪਕ ਸਿਖਲਾਈ ਕੈਂਪ ਲਾਇਆ ਗਿਆ।ਇਸ ਸਿਖਲਾਈ ਕੈਂਪ ਦਾ ਉਦੇਸ਼ ਅਧਿਆਪਕਾਂ ਨੂੰ ਐੱਨ.ਸੀ.ਐੱਫ. 2023 (ਰਾਸ਼ਟਰੀ ਪਾਠਕ੍ਰਮ ਢਾਂਚਾ) ਤੇ ਐੱਨ.ਈ.ਪੀ. 2020 (ਰਾਸ਼ਟਰੀ ਸਿੱਖਿਆ ਨੀਤੀ) ਨਾਲ ਸਬੰਧਤ ਨਵੇਂ ਅਧਿਆਪਨ ਤਰੀਕਿਆਂ ਤੇ ਦਿਸ਼ਾ-ਨਿਰਦੇਸ਼ਾਂ ਤੋਂ ਜਾਣੂ ਕਰਵਾਉਣਾ ਅਤੇ ਗੁਣਵੱਤਾ, ਹੁਨਰ-ਅਧਾਰਤ ਤੇ ਵਿਦਿਆਰਥੀ-ਕੇਂਦਰਤ ਸਿੱਖਿਆ ਨੂੰ ਉਤਸ਼ਾਹਤ ਕਰਨਾ ਸੀ। ਡਾ. ਰਿਹਾਨਾ (ਸੰਗਰੂਰ) ਤੇ ਮਿਸ ਦੀਪਮਾਲਾ (ਹਿਸਾਰ) ਨੇ ਪ੍ਰੋਗਰਾਮ ਵਿੱਚ ਸਿਖਲਾਈ ਪ੍ਰਦਾਨ ਕਰਨ ਲਈ ਵਿਸ਼ੇਸ਼ ਤੌਰ 'ਤੇ ਸਕੂਲ ਦਾ ਦੌਰਾ ਕੀਤਾ।ਉਨ੍ਹਾਂ ਦੱਸਿਆ ਕਿ ਐੱਨ.ਈ.ਪੀ. 2020 ਦਾ ਮੁੱਖ ਉਦੇਸ਼ ਭਾਰਤੀ ਸਿੱਖਿਆ ਪ੍ਰਣਾਲੀ ਵਿੱਚ ਇੱਕ ਬੁਨਿਆਦੀ ਤਬਦੀਲੀ ਲਿਆਉਣਾ ਹੈ-21ਵੀਂ ਸਦੀ ਦੀਆਂ ਜ਼ਰੂਰਤਾਂ ਅਨੁਸਾਰ ਸੰਪੂਰਨ ਵਿਕਾਸ, ਸਮੇਂ ਦੀ ਨਿਯਮਬੱਧਤਾ ਤੇ ਆਧੁਨਿਕ ਸਿੱਖਿਆ 'ਤੇ ਜ਼ੋਰ ਦੇਣਾ। ਸਕੂਲ ਪ੍ਰਿੰਸੀਪਲ ਸ੍ਰੀਮਤੀ ਕਾਵਿਆ ਅਸੀਜਾ ਨੇ ਕਿਹਾ ਕਿ ਸਮੇਂ-ਸਮੇਂ 'ਤੇ ਅਜਿਹੇ ਸਿਖਲਾਈ ਕੈਂਪ ਦਾ ਆਯੋਜਨ ਕਰਨ ਨਾਲ, ਅਧਿਆਪਕਾਂ ਦੇ ਅਧਿਆਪਨ ਹੁਨਰ ਨਵੇਂ ਸਿੱਖਿਆ ਤਰੀਕਿਆਂ ਦੇ ਅਨੁਸਾਰ ਵਿਕਸਤ ਹੁੰਦੇ ਹਨ।ਉਨ੍ਹਾਂ ਕਿਹਾ ਕਿ ਸਕੂਲ ਦਾ ਉਦੇਸ਼ ਸਿੱਖਿਆ ਦੀ ਗੁਣਵੱਤਾ ਨੂੰ ਹੋਰ ਪ੍ਰਭਾਵਸ਼ਾਲੀ, ਉਪਯੋਗੀ ਤੇ ਵਿਵਹਾਰਕ ਬਣਾਉਣਾ ਹੈ।ਉਨ੍ਹਾਂ ਭਰੋਸਾ ਦਿਵਾਇਆ ਕਿ ਗਲੋਬਲ ਡਿਸਕਵਰੀ ਸਕੂਲ ਲਗਾਤਾਰ ਨਵੀਨਤਾਕਾਰੀ ਪਹਿਲਕਦਮੀਆਂ ਕਰਕੇ ਸਿੱਖਿਆ ਦੇ ਖੇਤਰ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਲਈ ਵਚਨਬੱਧ ਹੈ।

## ਸਿਹਤ ਮੰਤਰੀ ਵੱਲੋਂ ਸੱਤ ਨਵੀਆਂ ਮੋਬਾਈਲ ਮੈਡੀਕਲ ਵੈਨਾਂ ਨੂੰ ਹਰੀ ਝੰਡੀ

### ਮੋਬਾਈਲ ਮੈਡੀਕਲ ਵੈਨਾਂ ਦੇ ਰੂਪ 'ਚ ਚਲਦਾ ਫਿਰਦਾ ਹਸਪਤਾਲ ਹੁਣ ਪਿੰਡਾਂ ਦੀ ਚੌਖ਼ਟ 'ਤੇ : ਡਾ. ਬਲਬੀਰ ਸਿੰਘ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਪੰਜਾਬ ਦੇ ਸਿਹਤ, ਪਰਵਾਰ ਭਲਾਈ ਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਸ਼ਨੀਵਾਰ ਸੱਤ ਨਵੀਆਂ ਤਿਆਰ ਕੀਤੀਆਂ ਮੋਬਾਈਲ ਮੈਡੀਕਲ ਵੈਨਾਂ ਨੂੰ ਹਰੀ ਝੰਡੀ ਦੇ ਕੇ ਪਟਿਆਲਾ ਦੇ ਵੱਖ-ਵੱਖ ਦਿਹਾਤੀ ਖੇਤਰਾਂ ਵੱਲ ਰਵਾਨਾ ਕੀਤਾ।ਇਹ ਪ੍ਰੋਜੈਕਟ ਹੰਸ ਫਾਊਂਡੇਸ਼ਨ ਤੇ ਪੰਜਾਬ ਸਰਕਾਰ ਦੇ ਸਿਹਤ ਵਿਭਾਗ ਦੀ ਸਾਂਝੀ ਕੋਸ਼ਿਸ਼ ਹੈ, ਜਿਸ ਦਾ ਉਦੇਸ਼ ਦੂਰ-ਦਰਾਜ ਤੇ ਪਿੱਛੜੇ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਤੱਕ ਮੁਫ਼ਤ ਤੇ ਮਿਆਰੀ ਸਿਹਤ ਸਹੂਲਤਾਂ ਪਹੁੰਚਾਉਣਾ ਹੈ।ਇਹ ਵੈਨਾਂ ਰੋਜ਼ਾਨਾ ਦੋ ਪਿੰਡਾਂ ਵਿੱਚ ਜਾਣਗੀਆਂ। ਸਿਹਤ ਮੰਤਰੀ ਨੇ ਕਿਹਾ ਕਿ ਇਹ ਉਪਰਾਲਾ ਪੰਜਾਬ ਸਰਕਾਰ ਦੇ 'ਸਿਹਤ ਸੇਵਾਵਾਂ ਹਰ ਵਿਅਕਤੀ ਤੱਕ' ਉਦੇਸ਼ ਨੂੰ ਹਕੀਕਤ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ।ਉਨ੍ਹਾ ਕਿਹਾ ਕਿ ਇਨ੍ਹਾਂ ਮੋਬਾਈਲ ਵੈਨਾਂ ਵਿੱਚ ਇੱਕ ਤਜਰਬੇਕਾਰ ਡਾਕਟਰ, ਫਾਰਮਾਸਿਸਟ, ਲੈਬ ਟੈਕਨੀਸ਼ੀਅਨ ਤੇ ਸਮਾਜਿਕ ਵਿਕਾਸ ਅਫ਼ਸਰ ਮੌਜੂਦ ਹੋਣਗੇ।ਇਹ ਵੈਨਾਂ ਰੋਜ਼ਾਨਾ ਪਿੰਡਾਂ 'ਚ ਦੌਰਾ ਕਰਦੀਆਂ ਹੋਈਆਂ ਲੋਕਾਂ ਨੂੰ ਸਿੱਧੀ ਸਿਹਤ ਸੇਵਾ ਮੁਹੱਈਆ ਕਰਵਾਉਣਗੀਆਂ ਅਤੇ ਹਰ ਵੈਨ ਵਿੱਚ ਲਗਭਗ ਸਾਰੇ ਜ਼ਰੂਰੀ ਟੈਸਟਾਂ ਲਈ ਸਾਜ਼ੋ-ਸਾਮਾਨ ਮੌਜੂਦ ਹੋਵੇਗਾ।ਇਨ੍ਹਾਂ ਵੈਨਾਂ ਰਾਹੀਂ ਨਾਗਰਿਕਾਂ ਨੂੰ ਮੁਫ਼ਤ ਟੈਸਟ, ਮੁਫ਼ਤ ਦਵਾਈਆਂ ਤੇ ਡਾਕਟਰੀ ਸਲਾਹ ਮਿਲੇਗੀ। ਡਾ. ਬਲਬੀਰ ਸਿੰਘ ਨੇ ਪ੍ਰੋਜੈਕਟ ਦੀ ਸ਼ੁਰੂਆਤ ਮੌਕੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿਹਤ ਖੇਤਰ ਵਿੱਚ ਲਿਆਂਦੇ ਜਾ ਰਹੇ ਸੁਧਾਰਾਂ ਦੇ ਤਹਿਤ ਇਹ ਇੱਕ ਨਵੇਕਲਾ ਉਪਰਾਲਾ ਹੈ, ਜੋ ਸਿੱਧਾ ਲੋਕਾਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰੇਗਾ।ਉਨ੍ਹਾਂ ਕਿਹਾ ਕਿ ਮੋਬਾਈਲ ਮੈਡੀਕਲ ਕਲੀਨਿਕ ਇੱਕ ਚਲਦਾ-ਫਿਰਦਾ ਹਸਪਤਾਲ ਹੈ, ਜੋ ਉਨ੍ਹਾਂ ਲੋਕਾਂ ਲਈ ਵਰਦਾਨ ਸਾਬਿਤ ਹੋਵੇਗਾ, ਜੋ ਕਿਸੇ ਕਾਰਨ ਕਰਕੇ ਹਸਪਤਾਲ ਜਾਂ ਡਿਸਪੈਂਸਰੀ ਤੱਕ ਨਹੀਂ ਪਹੁੰਚ ਸਕਦੇ।

## ਬੀ ਐੱਸ ਐੱਫ ਵੱਲੋਂ 510 ਗ੍ਰਾਮ ਹੈਰੋਇਨ ਬਰਾਮਦ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਸਰਹੱਦੀ ਇਲਾਕੇ ਹਬੀਬ ਵਾਲਾ ਵਿਖੇ ਬੀ ਐੱਸ ਐੱਫ ਦੇ ਜਵਾਨਾਂ ਨੇ ਸਰਚ ਦੌਰਾਨ 510 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਇਸ ਸੰਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸੁਖਬੀਰ ਸਿੰਘ ਨੇ ਦੱਸਿਆ ਕਿ ਸ਼ਨੀਵਾਰ ਇਕ ਪੱਤਰ ਇੰਸਪੈਕਟਰ ਸ਼ਿਵਰਾਜ ਸਿੰਘ ਮੀਨਾ ਕੰਪਨੀ ਕਮਾਂਡਰ 'ਐੱਫ' ਕੰਪਨੀ 155 ਬਟਾਲੀਅਨ ਬੀ ਐੱਸ ਐੱਫ ਬੀਓਪੀ ਜਗਦੀਸ਼ ਫਿਰੋਜ਼ਪੁਰ ਵੱਲੋਂ ਮੌਸੂਲ ਥਾਣਾ ਹੋਇਆ ਕਿ ਅੱਜ 10 ਅਕਤੂਬਰ 2025 ਨੂੰ ਬੀਐੱਸਫ ਦੇ ਕਰਮਚਾਰੀਆਂ ਵੱਲੋਂ ਸਰਚ ਦੌਰਾਨ ਹਬੀਬ ਵਾਲਾ ਦੇ ਏਰੀਆ ਵਿੱਚੋਂ ਇੱਕ ਸ਼ੱਕੀ ਪੈਕੇਟ ਬਰਾਮਦ ਕੀਤਾ ਗਿਆ, ਜਿਸ ਵਿੱਚੋਂ 510 ਗ੍ਰਾਮ ਹੈਰੋਇਨ ਬਰਾਮਦ ਹੋਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੁਖਬੀਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਹਰਿਆਣਾ ਦੇ ਕੰਪਿਊਟਰ ਲੈਬ ਸਹਾਇਕ ਸੰਘਰਸ਼ ਦੇ ਰਾਹ 'ਤੇ

### ● 16 ਨੂੰ ਕਰਾਂਗੇ ਸਿੱਖਿਆ ਮੰਤਰੀ ਦੀ ਕੋਠੀ ਦਾ ਘੇਰਾਓ : ਸੁਖਰਾਜ ਸਿੰਘ



**ਸਿਰਸਾ (ਸੁਰਿੰਦਰ ਪਾਲ ਸਿੰਘ)** : ਹਰਿਆਣਾ ਦੇ ਕੰਪਿਊਟਰ ਲੈਬ ਸਹਾਇਕ ਕਰਮਚਾਰੀ ਸੰਘ ਦੇ ਜ਼ਿਲ੍ਹਾ ਪ੍ਰਧਾਨ ਸੁਖਰਾਜ ਸਿੰਘ ਵੱਲੋਂ ਪ੍ਰੈੱਸ ਨੋਟ ਜਾਰੀ ਕਰਕੇ ਕਿਹਾ ਗਿਆ ਕਿ ਕੰਪਿਊਟਰ ਲੈਬ ਸਹਾਇਕ ਕਰਮਚਾਰੀ ਪਿਛਲੇ 14 ਸਾਲਾਂ ਤੋਂ ਪ੍ਰਦੇਸ਼ ਦੇ ਸਰਕਾਰੀ ਸਕੂਲਾਂ ਵਿੱਚ ਆਪਣੀਆਂ ਸੇਵਾਵਾਂ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਕੰਪਿਊਟਰ ਲੈਬ ਸਹਾਇਕ ਪ੍ਰਦੇਸ਼ ਸਰਕਾਰ ਦੇ ਨਿਯਮਾਂ ਤਹਿਤ ਮੈਰਿਟ ਦੇ ਆਧਾਰ 'ਤੇ ਸੀਡੈਕ ਮੋਹਾਲੀ ਦਾ ਪੇਪਰ ਦੇ ਕੇ ਭਰਤੀ ਹੋਏ ਸਨ, ਜੋ ਹੁਣ ਵੀ ਬਹੁਤ ਹੀ ਘੱਟ ਤਨਖਾਹ 'ਤੇ ਕੰਮ ਕਰਨ ਲਈ ਮਜਬੂਰ ਹਨ ਅਤੇ ਸਰਕਾਰ ਖਿਲਾਫ ਗੁੱਸੇ ਵਿੱਚ ਹਨ। ਉਨ੍ਹਾਂ ਕਿਹਾ ਕਿ ਪ੍ਰਦੇਸ਼ ਦੇ ਕੰਪਿਊਟਰ ਲੈਬ ਸਹਾਇਕਾਂ ਨੂੰ ਟੈਕਨੀਕਲ ਗ੍ਰੇਡ ਦੇ ਕੇ ਸੇਵਾ ਸੁਰੱਖਿਆ ਦਾ ਪੱਤਰ ਜਾਰੀ ਕੀਤਾ ਜਾਵੇ। ਜ਼ਿਲ੍ਹਾ ਪ੍ਰਧਾਨ ਨਰੇਸ਼ ਕੁਮਾਰ ਨੇ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਕੱਚੇ ਕਰਮਚਾਰੀਆਂ ਵਾਸਤੇ ਸੇਵਾ ਸੁਰੱਖਿਆ ਦਿੱਤੀ ਗਈ ਸੀ, ਪਰ ਇੱਕ ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਅਦ ਵੀ ਕੰਪਿਊਟਰ ਲੈਬ ਸਹਾਇਕ ਕਰਮਚਾਰੀ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ। ਇਨ੍ਹਾਂ ਕਰਮਚਾਰੀ ਆਗੂਆਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਹੁਣ ਤੱਕ ਕੰਪਿਊਟਰ ਲੈਬ ਸਹਾਇਕਾਂ ਲਈ ਜੌਬ ਸੁਰੱਖਿਆ ਦਾ ਕੋਈ ਪੱਤਰ ਜਾਰੀ ਨਹੀਂ ਕੀਤਾ ਗਿਆ, ਜਿਸ ਕਾਰਨ ਕੰਪਿਊਟਰ ਲੈਬ ਸਹਾਇਕ ਆਪਣੀਆਂ ਮੰਗਾਂ ਨੂੰ ਲੈ ਕੇ 16 ਅਕਤੂਬਰ ਨੂੰ ਸਿੱਖਿਆ ਮੰਤਰੀ ਮਹੀਪਾਲ ਡਾਂਡਾ ਦੀ ਕੋਠੀ ਦਾ ਘੇਰਾਓ ਕਰਨ ਜਾ ਰਹੇ ਹਨ।

## ...ਸਫ਼ਾ 1 ਦੇ ਬਾਕੀ

### ਉੱਚ ਅਧਿਕਾਰੀ ਸੁਰੱਖਿਅਤ ...

ਨਾਲ ਸੰਬੰਧਤ ਹਨ) 'ਤੇ ਇੱਕ ਵਕੀਲ ਵੱਲੋਂ ਜੁੱਤਾ ਉਛਾਲਿਆ ਜਾਣਾ। ਹਰਿਆਣੇ ਦੇ ਇੱਕ ਐਡੀਸ਼ਨਲ ਡੀ ਜੀ ਪੀ ਵੱਲੋਂ ਸੀਨੀਅਰ ਅਧਿਕਾਰੀਆਂ ਵੱਲੋਂ ਸਤਾਏ ਜਾਣ ਕਾਰਨ ਖੁਦਕੁਸ਼ੀ ਕਰ ਲੈਣਾ।ਇਨ੍ਹਾਂ ਘਟਨਾਵਾਂ ਨੂੰ ਸਮਾਜਿਕ ਜਬਰ ਦੀ ਮਿਸਾਲ ਦੱਸਦਿਆਂ, ਉਨ੍ਹਾ ਕਿਹਾ ਕਿ ਜੇ ਦਲਿਤ ਸਮਾਜ ਨਾਲ ਸੰਬੰਧਤ ਇਹ ਉੱਚ ਅਧਿਕਾਰੀ ਵੀ ਸੁਰੱਖਿਅਤ ਨਹੀਂ, ਤਾਂ ਆਮ ਦਲਿਤ ਵਿਅਕਤੀ ਨਾਲ ਹੋਣ ਵਾਲੇ ਸਲੂਕ ਦਾ ਅੰਦਾਜ਼ਾ ਲਗਾਉਣਾ ਔਖਾ ਨਹੀਂ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸੀ ਪੀ ਆਈ ਹਮੇਸ਼ਾ ਮਿਹਨਤਕਸ਼ ਲੋਕਾਂ ਦੇ ਆਰਥਿਕ ਸ਼ੋਸ਼ਣ ਦੇ ਨਾਲ-ਨਾਲ ਦਲਿਤ ਭਾਈਚਾਰੇ 'ਤੇ ਹੁੰਦੇ ਸਮਾਜਿਕ ਜਬਰ ਦੀ ਰੋਕਥਾਮ ਲਈ ਵੀ ਸੰਘਰਸ਼ ਦੇ ਮੈਦਾਨ ਵਿੱਚ ਰਹੀ ਹੈ।

ਮੀਟਿੰਗ ਵਿੱਚ ਪਾਰਟੀ ਦੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਨੇ ਚੰਡੀਗੜ੍ਹ ਵਿਖੇ ਹੋਏ ਕੌਮੀ ਮਹਾਂ ਸੰਮੇਲਨ ਅਤੇ ਮੁਹਾਲੀ ਰੈਲੀ ਵਿੱਚ ਜ਼ਿਲ੍ਹੇ ਦੇ ਯੋਗਦਾਨ ਦੀ ਰਿਪੋਰਟ ਪੇਸ਼ ਕੀਤੀ, ਜਿਸ ਨੂੰ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ।ਇਸ ਦੌਰਾਨ, ਪਾਰਟੀ ਨੇ ਆਉਣ ਵਾਲੇ ਦਿਨਾਂ ਵਿੱਚ ਤਹਿਸੀਲ ਪੱਧਰ ਦੀਆਂ ਕਾਨਫਰੰਸਾਂ ਕਰਵਾਉਣ ਲਈ ਤਿੰਨ ਤਹਿਸੀਲਾਂ ਵਾਸਤੇ ਅਬਜ਼ਰਵਰਾਂ ਦੀ ਨਿਯੁਕਤੀ ਕੀਤੀ।ਇੱਕ ਮਤੇ ਰਾਹੀਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਭਾਰੀ ਬਾਰਸ਼ਾਂ ਕਾਰਨ ਗਰੀਬ ਪਰਵਾਰਾਂ ਦੇ ਨੁਕਸਾਨੇ ਗਏ ਮਕਾਨਾਂ ਦੀ ਮੁਰੰਮਤ ਲਈ ਗਰਾਂਟਾਂ ਤੁਰੰਤ ਜਾਰੀ ਕੀਤੀਆਂ ਜਾਣ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਸਟਰ ਗੁਰਚਰਨ ਸਿੰਘ ਮਾਨ, ਗੋਰਾ ਪਿਪਲੀ, ਇੰਦਰਜੀਤ ਸਿੰਘ ਗਿੱਲ, ਸੁਖਜਿੰਦਰ ਸਿੰਘ ਤੂੰਬੜਭੰਨ, ਸ਼ਸ਼ੀ ਸ਼ਰਮਾ, ਮਨਜੀਤ ਕੌਰ, ਮੁਖਤਿਆਰ ਸਿੰਘ ਭਾਣਾ, ਚਰਨਜੀਤ ਸਿੰਘ ਚੰਮੇਲੀ, ਕਾਮਰੇਡ ਸੁਖਦਰਸ਼ਨ ਰਾਮ ਅਤੇ ਬੋਹੜ ਸਿੰਘ ਔਲਖ, ਗੁਰਦੀਪ ਸਿੰਘ ਦੀਪ ਸਿੰਘ ਵਾਲਾ, ਪਪੀ ਢਿੱਲਵਾਂ, ਪ੍ਰਦੀਪ ਬਰਾੜ, ਜਗਤਾਰ ਸਿੰਘ ਰਾਜੋਵਾਲਾ, ਹਰਪਾਲ ਮਚਾਕੀ, ਕਾਮਰੇਡ ਸ਼ਾਮ ਸੁੰਦਰ ਅਤੇ ਰਾਮ ਸਰੂਪ ਚੰਦ ਭਾਨ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

## ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਦੇ ਖਾਤੇ 'ਚ ਪੈਸੇ ਨਾ ਪਾਉਣ 'ਤੇ ਰੋਸ



**ਲੌਂਗੋਵਾਲ, (ਪ੍ਰਦੀਪ ਸੱਪਲ)** ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਪ੍ਰਧਾਨ ਕਰਮਜੀਤ ਸਿੰਘ ਸਤੀਪੁਰਾ ਦੀ ਅਗਵਾਈ ਹੇਠ ਕਿਸਾਨਾਂ ਨੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਮੰਗ ਕੀਤੀ ਕਿ ਜਿਨ੍ਹਾਂ ਕਿਸਾਨਾਂ ਨੇ ਖੇਤੀਬਾੜੀ ਵਿਭਾਗ ਤੇ ਸਰਕਾਰ ਦੀਆਂ ਹਦਾਇਤਾਂ ਤੇ ਝੋਨੇ ਦੀ ਡੀਐੱਸਆਰ ਵਿਧੀ ਰਾਹੀਂ ਸਿੱਧੀ ਬਿਜਾਈ ਕੀਤੀ ਸੀ ਅਜੇ ਤੱਕ ਉਨ੍ਹਾਂ ਕਿਸਾਨਾਂ ਦੇ ਖਾਤਿਆਂ ਵਿੱਚ ਇੱਕ ਵੀ ਰੁਪਈਆ ਨਹੀਂ ਆਇਆ, ਜਿਸ ਕਰਕੇ ਕਿਸਾਨਾਂ ਨੇ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਰੋਸ਼ ਜ਼ਾਹਰ ਕੀਤਾ।ਜਥੇਬੰਦੀ ਦੇ ਇਕਾਈ ਆਗੂ ਹਾਕਮ ਸਿੰਘ ਸਤੀਪੁਰਾ ਨੇ ਦੱਸਿਆ ਕਿ ਬਹੁਤ ਸਾਰੇ ਕਿਸਾਨਾਂ ਨੇ ਲੌਂਗੋਵਾਲ ਇਲਾਕੇ ਵਿੱਚ ਖੇਤੀਬਾੜੀ ਮਹਿਕਮੇ ਦੀਆਂ ਹਦਾਇਤਾਂ ਤੇ ਅਮਲ ਕਰਦਿਆਂ ਝੋਨੇ ਦੀ ਸਿੱਧੀ ਬਜਾਈ ਕੀਤੀ ਸੀ, ਜਿਸ ਵਿੱਚ ਨਦੀਨਾਂ ਦੀ ਰੋਕਥਾਮ ਲਈ ਜਿੱਥੇ ਕਿਸਾਨਾਂ ਨੂੰ ਬਹੁਤ ਸਾਰਾ ਕੀਟਨਾਸ਼ਕਾਂ 'ਤੇ ਖਰਚਾ ਕਰਨਾ ਪਿਆ, ਉੱਥੇ ਪ੍ਰਤੀ ਏਕੜ ਝਾੜ 'ਤੇ ਵੀ ਅਸਰ ਪਿਆ।ਹੁਣ ਸਰਕਾਰ ਵੱਲੋਂ ਐਲਾਨੀ ਰਾਸ਼ੀ ਵੀ ਕਿਸਾਨਾਂ ਨੂੰ ਨਹੀਂ ਮਿਲੀ, ਜਿਸ ਕਰਕੇ ਕਿਸਾਨਾਂ ਵਿੱਚ ਨਿਰਾਸ਼ਾ ਪਾਈ ਜਾ ਰਹੀ ਹੈ, ਉੱਪਰੋਂ ਝੋਨੇ ਦੀ ਪਰਾਲੀ ਦਾ ਕੋਈ ਹੱਲ ਨਹੀਂ ਹੋ ਰਿਹਾ, ਸਗੋਂ ਕਿਸਾਨਾਂ ਨੂੰ ਮੁਜਰਮ ਬਣਾਉਣ ਲਈ ਕਿਸਾਨਾਂ ਤੇ ਪਰਾਲੀ ਫੂਕਣ ਦੇ ਫੌਜਦਾਰੀ ਮੁਕੱਦਮੇ ਦਰਜ ਕੀਤੇ ਜਾ ਰਹੇ ਹਨ, ਜਿਸ ਕਾਰਨ ਚਾਰੇ ਪਾਸਿਓਂ ਕਿਸਾਨ ਨਿਰਾਸ਼ਾ ਵਿੱਚ ਘਿਰੇ ਹੋਏ ਹਨ ਤੇ ਸਰਕਾਰ ਪ੍ਰਤੀ ਗੁੱਸਾ ਹੈ।ਨਾਅਰੇਬਾਜ਼ੀ ਕਰਦਿਆਂ ਕਿਸਾਨਾਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਜਲਦ ਹੀ ਕਿਸਾਨਾਂ ਦੇ ਖਾਤੇ 'ਚ ਇਹ ਰਾਸ਼ੀ ਨਾ ਪਾਈ ਗਈ ਤਾਂ ਖੇਤੀਬਾੜੀ ਵਿਭਾਗ ਅਤੇ ਸਰਕਾਰ ਖਿਲਾਫ ਕੋਈ ਐਕਸ਼ਨ ਕੀਤਾ ਜਾਵੇਗਾ।

## ਕੇਂਦਰੀ ਜੇਲ੍ਹ 'ਚੋਂ 5 ਮੋਬਾਇਲ ਬਰਾਮਦ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਤਲਾਸ਼ੀ ਦੌਰਾਨ 5 ਮੋਬਾਇਲ ਫੋਨ ਬਰਾਮਦ ਹੋਏ ਹਨ। ਇਸ ਸੰਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ 5 ਹਵਾਲਾਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸ਼ਰਮਾ ਸਿੰਘ ਨੇ ਦੱਸਿਆ ਕਿ ਇੱਕ ਪੱਤਰ ਨੰਬਰ 7107 ਰਾਹੀਂ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 6 ਅਕਤੂਬਰ 2025 ਨੂੰ ਹਵਾਲਾਤੀ ਮਨਪ੍ਰੀਤ ਸਿੰਘ ਪੁੱਤਰ ਕੁਲਜੀਤ ਸਿੰਘ ਵਾਸੀ ਗੁਰੂ ਨਾਨਕਪੁਰਾ, ਗਲੀ ਫੱਤੇਵਾਲੀ ਸੁਲ ਟਾਹਲੀ ਵਾਲਾ ਚੌਕ, ਅੰਮ੍ਰਿਤਸਰ ਕੋਲੋਂ 1 ਟੱਚ ਸਕਰੀਨ ਮੋਬਾਇਲ ਫੋਨ ਸਮੇਤ 2 ਸਿੰਮ ਬਰਾਮਦ ਕੀਤੇ ਹਨ। ਪੱਤਰ ਨੰਬਰ 5470 ਮਿਤੀ 8 ਅਕਤੂਬਰ 2025 ਨੂੰ ਹਵਾਲਾਤੀ ਸੁਖਦਪੀ ਸਿੰਘ ਪੁੱਤਰ ਹਰਦੀਪ ਸਿਘ ਵਾਸੀ ਨੇੜੇ ਛੱਪੜ ਵਾਲੀ ਗਲੀ ਤੇਜਾ ਖੁਰਦ, ਫਤਿਹਗੜ੍ਹ ਚੂੜੀਆਂ, ਥਾਣਾ ਸਦਰ ਗੁਰਦਾਸਪੁਰ ਕੋਲੋਂ 1 ਮੋਬਾਇਲ ਫੋਨ ਸਮੇਤ ਸਿੰਮ ਬਰਾਮਦ ਕੀਤਾ ਹੈ। ਪੱਤਰ ਨੰਬਰ 5480 ਮਿਤੀ 8 ਅਕਤੂਬਰ 2025 ਨੂੰ ਹਵਾਲਾਤੀ ਗੁਰਵਿੰਦਰ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਪੱਤੀ ਜੱਸਾ ਸਿੰਘ, ਰਾਮਪੁਰਾ ਜ਼ਿਲ੍ਹਾ ਬਠਿੰਡਾ ਕੋਲੋਂ 1 ਕੀਪੈਡ ਮੋਬਾਇਲ ਫੋਨ ਬਿਨ੍ਹਾ ਸਿੰਮ ਬਰਾਮਦ ਕੀਤਾ ਹੈ। ਪੁਲਿਸ ਨੇ ਦੱਸਿਆ ਕਿ ਇਸੇ ਤਰ੍ਹਾਂ ਇਕ ਹੋਰ ਪੱਤਰ ਨੰਬਰ 7221 ਮਿਤੀ 10 ਅਕਤੂਬਰ 2025 ਨੂੰ ਤਲਾਸ਼ੀ ਦੌਰਾਨ ਹਵਾਲਾਤੀ ਵੰਸ਼ ਪੁੱਤਰ ਧਰਮਿੰਦਰ ਵਾਸੀ ਹਾਜੀ ਛੀਬਾ ਥਾਣਾ ਸਦਰ ਫਿਰੋਜ਼ਪੁਰ ਕੋਲੋਂ 1 ਟੱਚ ਸਕਰੀਨ ਮੋਬਾਇਲ ਫੋਨ ਸਿੰਮ ਤੇ ਹਵਾਲਾਤੀ ਸਾਗਰ ਉਰਫ ਸੱਗੀ ਉਰਫ ਰਾਜਨ ਪੁੱਤਰ ਜੋਗਿੰਦਰ ਸਿੰਘ ਵਾਸੀ ਨੌਰੰਗ ਕੇ ਸਿਆਲ ਕੋਲੋਂ 1 ਟੱਚ ਸਕਰੀਨ ਮੋਬਾਇਲ ਫੋਲ ਸਮੇਤ ਸਿੰਮ ਬਰਾਮਦ ਕੀਤਾ। ਪੁਲਸ ਨੇ ਦੱਸਿਆ ਕਿ ਉਕਤ ਹਵਾਲਾਤੀਆਂ ਖਿਲਾਫ ਮਾਮਲੇ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

13-Oct-PAGE-3.qxd 10/12/2025 9:43 PM Page 1



# ਡੀ ਏ ਪੀ ਖਾਦ ਨਾ ਮਿਲਣ ਕਾਰਨ ਕਿਸਾਨ ਡਾਢੇ ਪ੍ਰੇਸ਼ਾਨ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**

ਸਰਹੱਦੀ ਤਹਿਸੀਲ ਅਜਨਾਲਾ ਵਿੱਚ ਭਿਆਨਕ ਹੜ੍ਹਾਂ ਤੋਂ ਬਾਅਦ ਜਿੱਥੇ ਕਿਸਾਨਾਂ ਦੀਆਂ ਫਸਲਾਂ ਬਰਬਾਦ ਹੋ ਗਈਆਂ ਉੱਥੇ ਹੀ ਅਗਾਮੀ ਬਿਜਾਈ ਲਈ ਡੀਏਪੀ ਖਾਦ ਨਾ ਮਿਲਣ ਕਾਰਨ ਕਿਸਾਨ ਭਾਰੀ ਪ੍ਰੇਸ਼ਾਨੀ ਵਿੱਚ ਹਨ। ਕਣਕ ਦੀ ਬਿਜਾਈ ਪਛੜਨ ਦੇ ਆਸਾਰ ਬਣ ਗਏ ਹਨ ਜਦਕਿ ਦੁਕਾਨਦਾਰ ਖਾਦ ਦੇਣ ਬਦਲੇ ਬੇਲੋੜੀਆਂ ਚੀਜ਼ਾਂ ਕਿਸਾਨਾਂ ਨੂੰ ਲੈਣ ਲਈ ਕਹਿ ਰਹੇ ਹਨ।ਕਿਸਾਨ ਬਲਜਿੰਦਰ ਸਿੰਘ, ਹਰਪਾਲ ਸਿੰਘ ਨੇ ਦੱਸਿਆ ਕਿ ਬਾਜ਼ਾਰ ਵਿੱਚ ਖਾਦ ਅਤੇ ਬੀਜ ਵਿਕਰੇਤਾ ਕਿਸਾਨਾਂ ਨੂੰ ਡੀਏਪੀ ਖਾਦ ਕੰਟਰੋਲ ਰੇਟ 1350 ਦੀ ਬਜਾਏ 1800 ਰੁਪਏ ਪ੍ਰਤੀ ਬੋਰੀ ਦੇ ਰਹੇ ਹਨ ਅਤੇ ਇਹ ਖਾਦ ਦੇਣ ਬਦਲੇ ਇਸ ਨਾਲ ਨਦੀਨ ਨਾਸ਼ਕ ਅਤੇ ਹੋਰ ਖਾਦਾਂ ਲੈਣ ਲਈ ਮਜਬੂਰ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਯੂਰੀਆ ਖਾਦ ਨਾਲ ਵੀ ਬਾਇਓ, ਸੁਪਰ ਸਮੇਤ ਹੋਰ ਚੀਜ਼ਾਂ ਜਬਰੀ ਕਿਸਾਨਾਂ ਨੂੰ ਦੇਣ ਲਈ ਮਜਬੂਰ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਸਹਿਕਾਰੀ ਕੋ ਆਪਰੇਟਿਵ ਸੁਸਾਇਟੀਆਂ ਕੋਲ ਡੀਏਪੀ ਖਾਦ ਮੌਜੂਦ ਹੈ ਪਰ ਉਹ ਸੁਸਾਇਟੀ ਦੇ ਮੈਂਬਰਾਂ ਤੋਂ ਇਲਾਵਾ ਆਮ ਕਿਸਾਨਾਂ ਨੂੰ ਨਹੀਂ ਮਿਲ ਰਹੀ। ਉਨ੍ਹਾਂ ਮੰਗ ਕੀਤੀ ਕਿ ਖੇਤੀਬਾੜੀ ਵਿਭਾਗ ਦੁਕਾਨਦਾਰਾਂ ਵੱਲੋਂ ਵੱਧ ਮੁੱਲ 'ਤੇ ਦਿੱਤੀ ਜਾ ਰਹੀ ਖਾਦ ਅਤੇ ਬੇਲੋੜੀਆਂ ਚੀਜ਼ਾਂ ਦੇਣੀਆਂ ਬੰਦ ਕਰਵਾਏ ਤਾਂ ਜੋ ਕਿਸਾਨਾਂ ਨੂੰ ਕੋਈ ਮੁਸ਼ਕਿਲ ਨਾ ਆ ਸਕੇ।ਇਸ ਸਬੰਧੀ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਸਕੱਤਰ ਧਨਵੰਤ ਸਿੰਘ ਖਤਰਾਏ ਕਲਾਂ ਨੇ ਕਿਹਾ ਕਿ ਦੁਕਾਨਦਾਰਾਂ ਵੱਲੋਂ ਡੀਏਪੀ ਖਾਦ ਦੇ ਨਾਲ ਕਿਸਾਨਾਂ ਨੂੰ ਬੇਲੋੜੀਆਂ ਚੀਜ਼ਾਂ ਦੇ ਕੇ ਕਾਲਾ ਬਜ਼ਾਰੀ ਕੀਤੀ ਜਾ ਰਹੀ ਹੈ ਜਿਸ ਸਬੰਧੀ ਕਿਸਾਨਾਂ ਨੂੰ ਲਾਮਬੰਦ ਕਰਕੇ ਆਉਣ ਵਾਲੇ ਸਮੇਂ 'ਚ ਵੱਡਾ ਸੰਘਰਸ਼ ਵਿੱਢਿਆ ਜਾਵੇਗਾ।

## ਰਾਜ ਸਰਕਾਰ 6 ਕਮਿਸ਼ਨਰਾਂ ਨੂੰ ਲੋਕਪਾਲ ਵਜੋਂ ਕੰਮ ਕਰਨ ਲਈ ਨਾਮਜ਼ਦ ਕਰੇਗੀ : ਸੈਣੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ 12 ਅਕਤੂਬਰ ਹੋਈ ਕੈਬਨਿਟ ਦੀ ਮੀਟਿੰਗ ਵਿੱਚ ਹਰਿਆਣਾ ਮਾਨਵ ਇਮਿਊਨੋਡਿਫਿਸ਼ਿਇਐਂਸੀ ਵਾਇਰਸ ਅਤੇ ਅਕਵਾਅਰਡ ਇਮਿਊਨੋਡਿਫਿਸ਼ਿਇਐਂਸੀ ਸਿੰਡਰੋਮ (ਰੋਕਥਾਮ ਅਤੇ ਕੰਟਰੋਲ) ਐਕਟ, 2017 ਦੀ ਧਾਰਾ 49 ਦੀ ਉਪ-ਧਾਰਾ (1) ਤਹਿਤ ਰਾਜ ਨਿਯਮਾਂ ਦੇ ਨਿਰਮਾਣ ਨੂੰ ਮੰਜ਼ੂਰੀ ਦਿੱਤੀ ਗਈ।ਨਵੇਂ ਨਿਯਮਾਂ ਨੂੰ ਹਰਿਆਣਾ ਮਾਨਵ ਇਯੂਨੋਡਿਫਿਸ਼ਿਇਐਂਸੀ ਵਾਇਰਸ ਅਤੇ ਅਕਵਾਅਰਡ ਇਮਿਊਨੋਡਿਫਿਸ਼ਿਇਐਂਸੀ ਸਿੰਡਰੋਮ (ਰੋਕਥਾਮ ਅਤੇ ਕੰਟਰੋਲ) ਐਕਟ, 2025 ਕਿਹਾ ਜਾਵੇਗਾ।ਇਨ੍ਹਾਂ ਨਿਯਮਾਂ ਤਹਿਤ, ਰਾਜ ਸਰਕਾਰ ਆਪਣੇ ਛੇ ਪ੍ਰਸ਼ਾਸਨਿਕ ਪ੍ਰਭਾਵਾਂ ਦੇ ਕਮਿਸ਼ਨਰਾਂ ਨੂੰ ਲੋਕਪਾਲ ਵਜੋਂ ਕੰਮ ਕਰਨ ਲਈ ਨਾਮਜ਼ਦ ਕਰੇਗੀ। ਐਕਟ ਦੀ ਧਾਰਾ 23 ਵਿੱਚ ਵਰਨਣ ਉਨ੍ਹਾਂ ਦੀ ਭੂਮਿਕਾ ਐਚਆਈਵੀ/ਏਡਜ਼ ਤੋਂ ਪੀੜਤ ਲੋਕਾਂ ਦੀ ਸ਼ਿਕਾਇਤਾਂ ਦਾ ਨਿਪਟਾਰਾ ਕਰਨਾ ਹੈ। ਹਰੇਕ ਲੋਕਪਾਲ ਆਪਣੇ-ਆਪਣੇ ਪ੍ਰਭਾਗਾਂ-ਰੋਹਤਕ, ਹਿਸਾਰ, ਕਰਨਾਲ, ਗੁਰੂਗ੍ਰਾਮ, ਫਰੀਦਾਬਾਦ ਅਤੇ ਅੰਬਾਲਾ-ਵਿੱਚ ਕੰਮ ਕਰੇਗਾ ਅਤੇ ਸਬੰਧਿਤ ਜ਼ਿਲ੍ਹਾ ਦੇ ਸਿਵਲ ਸਰਜਨ ਵੱਲੋਂ ਸਹਾਇਤਾ ਸਮਰਥਿਤ ਹੋਵੇਗਾ।

# ਪੰਥਕ ਅਕਾਲੀ ਲਹਿਰ ਦੇ ਸੇਵਾਦਾਰਾਂ ਨੇ 46 ਗ੍ਰੰਥੀ ਸਿੰਘਾਂ ਨੂੰ ਸਹਾਇਤਾ ਰਾਸ਼ੀ ਵੰਡੀ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਪੰਥਕ ਅਕਾਲੀ ਲਹਿਰ ਵੱਲੋਂ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਠੇਠਰਕੇ ਵਿੱਚ ਹੜ੍ਹ ਪੀੜਤਾਂ ਲਈ ਖੋਲ੍ਹੇ ਗਏ ਰਾਹਤ ਕੈਂਪ ਵਿੱਚ ਡੇਰਾ ਬਾਬਾ ਨਾਨਕ ਇਲਾਕੇ ਦੇ ਵੱਖ-ਵੱਖ ਪਿੰਡਾਂ ਦੇ ਗੁਰਦੁਆਰਾ ਸਾਹਿਬ ਵਿੱਚ ਗ੍ਰੰਥੀ ਸਿੰਘਾਂ ਦੀ ਸੇਵਾ ਨਿਭਾਅ ਰਹੇ 46 ਗ੍ਰੰਥੀ ਸਿੰਘਾਂ ਨੂੰ ਸਹਾਇਤਾ ਰਾਸ਼ੀ ਵੰਡੀ ਗਈ। ਇਸ ਮੌਕੇ ਪੰਥਕ ਅਕਾਲੀ ਲਹਿਰ ਦੇ ਮੁਖੀ ਸਿੰਘ ਸਾਹਿਬ ਭਾਈ ਰਣਜੀਤ ਸਿੰਘ, ਡਾਕਟਰ ਸੁਖਵਿੰਦਰ ਸਿੰਘ ਰਤਵਾੜਾ ਸਾਹਿਬ ਵਾਲੇ, ਸੰਤ ਬਾਬਾ ਭੁਪਿੰਦਰ ਸਿੰਘ ਜਰਗ ਰਾੜਾ ਸਾਹਿਬ, ਭਾਈ ਗੁਰਪ੍ਰੀਤ ਸਿੰਘ ਜੱਥਾ ਰੰਧਾਵੇ ਵਾਲੇ ਮੈਂਬਰ ਐੱਸਜੀਪੀਸੀ, ਪੰਥਕ ਅਕਾਲੀ ਲਹਿਰ ਦੇ ਮੁੱਖ ਬੁਲਾਰੇ ਭਾਈ ਰਵੇਲ ਸਿੰਘ ਸਹਾਏਪੁਰ, ਜ਼ਿਲ੍ਹਾ ਜਨਰਲ ਸਕੱਤਰ ਭਾਈ ਰਣਜੀਤ ਸਿੰਘ ਖਾਲਸਾ ਨੇ ਮਹਾਂਪੁਰਸ਼ਾਂ ਦੀ ਹਾਜ਼ਰੀ ਵਿਸ਼ੇਸ਼ ਤੌਰ ਤੇ ਪਹੁੰਚ ਕੇ ਹੜ੍ਹ ਪ੍ਰਭਾਵਿਤ ਖੇਤਰ ਦੇ ਗੁਰੂ ਘਰਾਂ ਦੇ ਵਜ਼ੀਰ ਜੋ ਗ੍ਰੰਥੀ ਸਿੰਘਾਂ ਦੀ ਸੇਵਾ ਨਿਭਾਅ ਰਹੇ 46 ਗ੍ਰੰਥੀ ਸਿੰਘਾ ਨੂੰ ਸਹਾਇਤਾ ਰਾਸ਼ੀ ਭੇਟ ਕਰਦਿਆਂ ਗੁਰੂ ਘਰ ਦੀ ਬਖਸ਼ਿਸ਼ ਸਿਰਪਾਓ ਸਾਹਿਬ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਪੰਥਕ ਅਕਾਲੀ ਲਹਿਰ ਵੱਲੋਂ ਐੱਨਆਰਆਈ ਭਰਾਵਾਂ ਅਤੇ ਸੰਤਾਂ ਮਹਾਂਪੁਰਸ਼ਾਂ ਦੇ ਅਸ਼ੀਰਵਾਦ ਸਦਕਾ ਪਿਛਲੇ ਕਰੀਬ 45 ਦਿਨਾਂ ਤੋਂ ਹੜ੍ਹ ਪੀੜਤਾਂ ਲਈ ਵੱਖ-ਵੱਖ ਪਿੰਡਾਂ ਵਿੱਚ ਲਗਾਏ ਗਏ ਰਾਹਤ ਕੈਂਪਾਂ ਵਿੱਚ ਲੋਕਾਂ ਨੂੰ ਰਾਹਤ ਸਮੱਗਰੀ,ਪਸ਼ੂਆਂ ਲਈ ਚਾਰਾ,ਫੀਡ,ਤੂੜੀ ਦੇ ਨਾਲ ਨਾਲ ਕਿਸਾਨਾਂ ਨੂੰ ਕਣਕ ਦਾ ਬੀਜ ਤੇ ਖਾਦ ਵੰਡੀ ਜਾ ਰਹੀ ਹੈ।ਇਸ ਮੌਕੇ ਭਾਈ ਰਵੇਲ ਸਿੰਘ ਸਹਾਏਪੁਰ ਤੇ ਭਾਈ ਰਣਜੀਤ ਸਿੰਘ ਖਾਲਸਾ ਨੇ ਐੱਨਆਰਆਈ ਭਰਾਵਾਂ ਅਤੇ ਸੰਤ ਮਹਾਂਪੁਰਸ਼ਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਇਸ ਮਹਾਨ ਕਾਰਜ ਕਰਨ ਵਿੱਚ ਸੰਤ ਮਹਾਂਪੁਰਸ਼ਾਂ ਤੋਂ ਇਲਾਵਾ ਐੱਨਆਰਆਈ ਵੀਰਾਂ ਦਾ ਪੂਰਨ ਸਹਿਯੋਗ ਮਿਲਿਆ ਹੈ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਡਾ. ਗੁਰਦੇਵ ਸਿੰਘ, ਬਾਬਾ ਲਖਵਿੰਦਰ ਸਿੰਘ ਆਦੀਆਂ, ਸੀਨੀਅਰ ਮੀਤ ਪ੍ਰਧਾਨ ਨਿਰਮਲ ਸਿੰਘ, ਗੁਰਪ੍ਰੀਤ ਸਿੰਘ ਠੇਠਰਕੇ, ਭਾਈ ਦਲਵਿੰਦਰ ਸਿੰਘ ਬਿੱਟੂ ਸਾਬਕਾ ਪ੍ਰਧਾਨ, ਕੁਲਦੀਪ ਸਿੰਘ ਖਾਲਸਾ, ਰਜਿੰਦਰ ਸਿੰਘ ਜਾਗਲਾ, ਭਗਵਾਨ ਸਿੰਘ ਠੇਠਰਕੇ, ਹਰਪ੍ਰੀਤ ਸਿੰਘ ਠੇਠਰਕੇ ਤੋਂ ਇਲਾਵਾ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਧਰਮਕੋਟ ਬੱਗਾ ਤੇ ਵੜੈਚ ਵਿਖੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ

**ਬਟਾਲਾ, (ਡਾ. ਮਲਵਿੰਦਰ ਸਿੰਘ)**-ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਸਹਿਯੋਗ ਨਾਲ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਰੋਜ਼ਾਨਾ ਕਿਸਾਨ ਜਾਗਰੂਕਤਾ ਕੈਂਪ ਲਗਾ ਕੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।ਇਸ ਲੜੀ ਤਹਿਤ ਨਾਇਬ ਤਹਿਸੀਲਦਾਰ ਵਿਨੋਦ ਮਹਿਤਾ ਵੱਲੋਂ ਪਿੰਡ ਧਰਮਕੋਟ ਬੱਗਾ ਅਤੇ ਵੜੈਚ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ।ਇਸ ਮੌਕੇ ਕਿਸਾਨਾਂ ਨੂੰ ਸੰਬੋਧਨ ਹੁੰਦੇ ਹੋਏ ਨਾਇਬ ਤਹਿਸੀਲਦਾਰ ਨੇ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣਾ ਕਿਸੇ ਵੀ ਪੱਖ ਤੋਂ ਸਹੀ ਤੇ ਲਾਭਕਾਰੀ ਨਹੀਂ ਹੈ।ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਜਿੱਥੇ ਜ਼ਹਿਰੀਲੀਆਂ ਗੈਸਾਂ ਨਾਲ ਸਾਡਾ ਵਾਤਾਵਰਨ ਪਲੀਤ ਹੁੰਦਾ ਹੈ ਉਥੇ ਜ਼ਮੀਨ ਦੇ ਉਪਜਾਊ ਤੱਤ ਵੀ ਸੜ ਕੇ ਨਸ਼ਟ ਹੋ ਜਾਂਦੇ ਹਨ।ਉਨ੍ਹਾਂ ਕਿਹਾ ਕਿ ਪਰਾਲੀ ਦਾ ਜ਼ਹਿਰੀਲਾ ਧੂੰਆਂ ਅੱਗ ਲਗਾਉਣ ਵਾਲੇ ਕਿਸਾਨਾਂ ਅਤੇ ਉਸ ਪਿੰਡ ਨੂੰ ਵੀ ਆਪਣਾ ਮਾਰੂ ਅਸਰ ਕਰਦਾ ਹੈ।ਇਸ ਲਈ ਸਾਨੂੰ ਵਡੇਰੇ ਮਾਨਵੀ ਅਤੇ ਵਾਤਾਵਰਨ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਪਰਾਲੀ ਨੂੰ ਅੱਗ ਬਿਲਕੁਲ ਨਹੀਂ ਲਗਾਉਣੀ ਚਾਹੀਦੀ।ਉਨ੍ਹਾਂ ਕਿਹਾ ਕਿ ਪਰਾਲੀ ਦੀ ਸੰਭਾਲ ਖੇਤੀ ਮਸ਼ੀਨਰੀ ਰਾਹੀਂ ਆਸਾਨੀ ਨਾਲ ਕੀਤੀ ਜਾ ਸਕਦੀ ਹੈ।ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿਭਾਗ ਦੁਆਰਾ ਕਿਸਾਨਾਂ ਨੂੰ ਸਬਸਿਡੀ ਤੇ ਖੇਤੀ ਮਸ਼ੀਨਰੀ ਮੁਹੱਈਆ ਕਰਵਾਈ ਗਈ ਹੈ ਅਤੇ ਜ਼ਿਲ੍ਹੇ ਵਿੱਚ ਲੋੜ ਅਨੁਸਾਰ ਖੇਤੀ ਸੰਦ ਉਪਲਬਧ ਹਨ।ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿਭਾਗ ਵੱਲੋਂ ਪਿੰਡਾਂ ਵਿੱਚ ਪਰਾਲੀ ਪ੍ਰਬੰਧਨ ਕਰਨ ਵਾਲੇ ਖੇਤੀ ਸੰਦਾਂ ਦੀ ਮੈਪਿੰਗ ਕੀਤੀ ਗਈ ਹੈ।ਇਸ ਮੌਕੇ ਹਾਜ਼ਰ ਕਿਸਾਨਾਂ ਨੇ ਭਰੋਸਾ ਦਿਵਾਇਆ ਕਿ ਉਹ ਇਸ ਵਾਰ ਝੋਨੇ ਦੀ ਪਰਾਲੀ ਨੂੰ ਅੱਗ ਬਿਲਕੁਲ ਨਹੀਂ ਲਾਉਣਗੇ।



# ਪੰਜਾਬ ਸਰਕਾਰ ਨੌਜਵਾਨਾਂ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਵਚਨਬੱਧ : ਸ਼ੈਰੀ ਕਲਸੀ

**ਬਟਾਲਾ, (ਡਾ. ਮਲਵਿੰਦਰ ਸਿੰਘ)**-ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਨੌਜਵਾਨਾਂ ਦੀ ਊਰਜਾ ਨੂੰ ਉਸਾਰੂ ਸੇਧ ਦੇਣ ਲਈ ਯਤਨਸ਼ੀਲ ਹੈ ਅਤੇ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ [illegible] ਉਤਸ਼ਾਹਿਤ ਕਰਨ ਦੀ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਬਲਬੀਰ ਸਿੰਘ ਸੀਨੀਅਰ ਵਜ਼ੀਫਾ ਸਕੀਮ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਤਹਿਤ ਕੌਮੀ ਪੱਧਰ ਉਤੇ ਪੁਜ਼ੀਸ਼ਨਾਂ ਹਾਸਲ ਕਰਨ ਵਾਲਿਆਂ ਨੂੰ 08 ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣੇ ਸ਼ੁਰੂ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਰਾਜ ਸਰਕਾਰ ਦੇ ਅਜਿਹੇ ਯਤਨਾਂ ਨਾਲ ਪੰਜਾਬ ਖੇਡਾਂ ਦੇ ਖੇਤਰ ਵਿੱਚ ਇੱਕ ਵਾਰ ਫਿਰ ਮੋਹਰੀ ਬਣੇਗਾ।ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸਮਾਜ ਵਿੱਚ ਆਪਣੀ ਜਗ੍ਹਾ ਅਤੇ ਪਛਾਣ ਬਣਾਉਣ ਲਈ ਹਰ ਸੰਭਵ ਯਤਨ ਕਰਨ ਅਤੇ ਆਸਮਾਨ ਨੂੰ ਛੂਹਣ ਦਾ ਇਰਾਦਾ ਰੱਖਣ।

# ਸੜਕ ਦੀ ਮੁਰੰਮਤ ਦਾ ਕੰਮ ਢਿੱਲੀ ਰਫ਼ਤਾਰ ਨਾਲ ਚੱਲਣ ਕਰਕੇ ਰਾਹਗੀਰ ਪ੍ਰੇਸ਼ਾਨ

**ਗੁਰਦਾਸਪੁਰ, (ਜਨਕ ਮਹਾਜਨ)**-ਪਿੰਡ ਡਾਲਾ, ਭੋਲਾ ਤੋਂ ਵਾਇਆ ਪਨਿਆੜ ਦੀਨਾਨਗਰ, ਗੁਰਦਾਸਪੁਰ ਨੂੰ ਜੋੜਨ ਵਾਲੀ ਲਿੰਕ ਸੜਕ ਦੀ ਮਰੰਮਤ ਦਾ ਕੰਮ ਢਿੱਲੀ ਰਫਤਾਰ ਨਾਲ ਚੱਲਣ ਕਰਕੇ ਰਾਹਗੀਰਾਂ ਨੂੰ ਕਾਫੀ ਮੁਸ਼ਕਲਾਂ ਆ ਰਹੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬਖਸ਼ੀਸ਼ ਸਿੰਘ, ਗੁਰਮੀਤ ਸਿੰਘ ਡਾਲਾ, ਮਨਪ੍ਰੀਤ ਸਿੰਘ, ਸੁਲੱਖਣ ਸਿੰਘ ਡਾਲਾ, ਤਜਿੰਦਰ ਸਿੰਘ, ਸਹਿਜਪ੍ਰੀਤ ਸਿੰਘ, ਗਗਨਦੀਪ ਸਿੰਘ, ਜਗੀਰ ਸਿੰਘ ਨੇ ਦੱਸਿਆ ਕਿ ਪਿੰਡ ਡਾਲਾ ਭੋਲਾ ਤੋਂ ਵਾਇਆ ਪਨਿਆੜ ਦੀਨਾਨਗਰ, ਗੁਰਦਾਸਪੁਰ ਨੂੰ ਜੋੜਨ ਵਾਲੀ ਲਿੰਕ ਸੜਕ ਦੀ ਹਾਲਤ ਕਾਫੀ ਸਮੇਂ ਤੋਂ ਖਰਾਬ ਸੀ ਜਿਸ ਦੀ ਵਿਭਾਗ ਵਲੋਂ ਮਰੰਮਤ ਦਾ ਕੰਮ ਸ਼ੁਰੂ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਸੜਕ ਦੀ ਮੁਰੰਮਤ ਦਾ ਕੰਮ ਸ਼ੁਰੂ ਹੋਣ 'ਤੇ ਲੋਕਾਂ ਵਿਚ ਖੁਸ਼ੀ ਪਾਈ ਜਾ ਰਹੀ ਸੀ ਕਿ ਪਰ ਹੁਣ ਮੁਰੰਮਤ ਦ ਕੰਮ ਢਿੱਲੀ ਰਫਤਾਰ ਨਾਲ ਚੱਲਣ ਕਰਕੇ ਲੋਕ ਮਾਯੂਸ ਨਜ਼ਰ ਆ ਰਹੇ ਹਨ ਅਤੇ ਸੜਕ ਵਿਚਕਾਰ ਪਏ ਪੱਥਰ ਲੋਕਾਂ ਲਈ ਹਾਦਸੇ ਦਾ ਕਾਰਨ ਬਣ ਰਹੇ ਹਨ। ਉਨ੍ਹਾਂ ਦੱਸਿਆ ਕਿ ਸੜਕ 'ਤੇ ਪਏ ਵੱਡੇ-ਵੱਡੇ ਪੱਥਰਾਂ ਵਿੱਚੋਂ ਜਿੱਥੇ ਰਾਹਗੀਰਾਂ ਦਾ ਚੱਲਣਾ ਔਖਾ ਹੋਇਆ ਪਿਆ ਹੈ ਉੱਥੇ ਹੀ ਇਹ ਪੱਥਰ ਵਾਹਨਾਂ ਨੂੰ ਵੀ ਨੁਕਸਾਨ ਪਹੁੰਚਾ ਰਹੇ ਹਨ। ਉਨ੍ਹਾਂ ਕਿਹਾ ਜਦੋਂ ਕੋਈ ਵੱਡਾ ਵਾਹਨ ਗੁਜ਼ਰਦਾ ਹੈ ਤਾਂ ਸੜਕ ਵਿਚਕਾਰ ਪਏ ਪੱਥਰ ਨਜ਼ਦੀਕੀ ਘਰਾਂ ਵਿਚ ਜਾ ਵਜਦੇ ਹਨ। ਉਨ੍ਹਾਂ ਦੱਸਿਆ ਕਿ ਖਾਸ ਤੌਰ 'ਤੇ ਰਾਤ ਦੇ ਹਨੇਰੇ ਵਿਚ ਇਸ ਸੜਕ ਤੋਂ ਲੰਘਣਾ ਖਤਰੇ ਤੋਂ ਖਾਲੀ ਨਹੀਂ। ਉਨ੍ਹਾਂ ਸਬੰਧਤ ਵਿਭਾਗ ਪਾਸੋਂ ਮੰਗ ਕੀਤੀ ਕਿ ਪਿੰਡ ਡਾਲਾ ਭੋਲਾ ਵਾਇਆ ਪਨਿਆੜ ਤੋਂ ਦੀਨਾਨਗਰ, ਗੁਰਦਾਸਪੁਰ ਨੂੰ ਜੋੜਨ ਜਾਣ ਵਾਲੀ ਲਿੰਕ ਸੜਕ ਦੀ ਮੁਰੰਮਤ ਦੇ ਕੰਮ ਵਿਚ ਤੇਜ਼ੀ ਲਿਆਂਦੀ ਜਾਵੇ ਤਾਂ ਜੋ ਲੋਕਾਂ ਨੂੰ ਆ ਰਹੀ ਮੁਸ਼ਕਿਲ ਤੋਂ ਨਿਜਾਤ ਮਿਲ ਸਕੇ।



# ਆਰ ਡੀ ਖੋਸਲਾ ਸਕੂਲ ਦੀਆਂ ਕੁੜੀਆਂ ਨੇ ਵਾਲੀਬਾਲ 'ਚ ਸੋਨੇ ਤੇ ਚਾਂਦੀ ਦੇ ਤਮਗੇ ਜਿੱਤੇ



**ਬਟਾਲਾ (ਤਰਲੋਕ ਬੱਗਾ)**

ਆਰ.ਡੀ. ਖੋਸਲਾ ਸਕੂਲ ਦੀ ਕੁੜੀਆਂ ਦੀ ਅੰਡਰ-17 ਟੀਮ ਨੇ ਪੰਜਾਬ ਸਕੂਲ ਜ਼ਿਲ੍ਹਾ-ਪੱਧਰੀ ਵਾਲੀਬਾਲ ਮੁਕਾਬਲੇ ਵਿੱਚ ਸੋਨ ਤਮਗਾ ਜਿੱਤਿਆ ਅਤੇ ਅੰਡਰ-14 ਟੀਮ ਨੇ ਚਾਂਦੀ ਦਾ ਤਮਗਾ ਜਿੱਤਿਆ ਤੇ ਇਨ੍ਹਾਂ ਵਿੱਚੋਂ ਛੇ ਲੜਕੀਆਂ ਦੀ ਚੋਣ ਰਾਜ ਪੱਧਰ 'ਤੇ ਹੋਣ ਵਾਲੇ ਮੁਕਾਬਲੇ ਦੇ ਲਈ ਚੋਣ ਹੋਈ ਜੋ ਕਿ ਸਕੂਲ ਲਈ ਮਾਨ ਵਾਲੀ ਗੱਲ ਹੈ।ਜ਼ਿਕਰਯੋਗ ਹੈ ਕਿ ਗੁਰਨੂਰਪ੍ਰੀਤ ਕੌਰ, ਅਨਮੋਲਪ੍ਰੀਤ ਕੌਰ, ਸੁਖਮਨੀ, ਜੋਸ਼ਦੀਪ ਕੌਰ, ਏਕਮਜੋਤ ਕੌਰ, ਇਸ਼ੀਕਾ, ਹਰਲੀਨ ਕੌਰ, ਕਸ਼ਿਸ਼, ਗੁਰਲੀਨ ਕੌਰ, ਨਮਨਪ੍ਰੀਤ ਕੌਰ, ਸੀਰਤਪ੍ਰੀਤ ਕੌਰ, ਯਸ਼ਮੀਤ ਕੌਰ, ਮਨਦੀਪ ਕੌਰ ਅਤੇ ਕੋਮਲਪ੍ਰੀਤ ਕੌਰ ਨੇ ਸਖ਼ਤ ਮਿਹਨਤ ਅਤੇ ਲਗਨ ਨਾਲ ਇਹ ਉਪਲਬਧੀ ਹਾਸਲ ਕੀਤੀ।ਜੋਸ਼ਦੀਪ ਕੌਰ, ਗੁਰਨੂਰਪ੍ਰੀਤ ਕੌਰ, ਅਨਮੋਲਪ੍ਰੀਤ ਕੌਰ, ਸੁਖਮਨੀ, ਏਕਮਜੋਤ ਕੌਰ ਅਤੇ ਕਸ਼ਿਸ਼ ਨੂੰ ਰਾਜ ਪੱਧਰੀ ਵਾਲੀਬਾਲ ਮੁਕਾਬਲੇ ਲਈ ਚੁਣਿਆ ਗਿਆ।ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ, ਅਤੇ ਪ੍ਰਿੰ. ਡਾ. ਬਿੰਦੂ ਭੱਲਾ ਨੇ ਇਸ ਸ਼ਾਨਦਾਰ ਪ੍ਰਾਪਤੀ 'ਤੇ ਜੇਤੂ ਵਿਦਿਆਰਥਣਾਂ, ਉਨ੍ਹਾਂ ਦੇ ਮਾਪਿਆਂ ਅਤੇ ਕੋਚ ਤਰਲੋਕ ਸਿੰਘ, ਮਨਜਿੰਦਰ ਸਿੰਘ, ਇੰਦਰਜੀਤ ਸਿੰਘ, ਰਾਜਬੀਰ ਕੌਰ, ਅਮਨਪ੍ਰੀਤ ਕੌਰ ਨੂੰ ਦਿਲੋਂ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੱਤੀਆਂ।

# ਜਾਗੋਵਾਲ ਬੇਟ ਵਿਖੇ ਮਿਡ ਡੇ ਮੀਲ ਵਰਕਰਾਂ ਦੀ ਭਰਵੀਂ ਮੀਟਿੰਗ ਹੋਈ



**ਧਾਰੀਵਾਲ/ਕਾਹਨੂੰਵਾਨ, (ਮਨਦੀਪ ਸਿੰਘ ਵਿੱਕੀ)**-ਪਿੰਡ ਜਾਗੋਵਾਲ ਬੇਟ ਵਿਖੇ ਮਿਡ ਡੇ ਮੀਲ ਵਰਕਰਾਂ ਦੀ ਭਰਵੀਂ ਮੀਟਿੰਗ ਹੋਈ।ਮੀਟਿੰਗ ਦੀ ਪ੍ਰਧਾਨਗੀ ਰਤਨ ਕੌਰ ਜਾਗੋਵਾਲ, ਰਾਜਵਿੰਦਰ ਕੌਰ ਗੁਨੋਪੁਰ ਨੇ ਸਾਂਝੇ ਤੌਰ ਤੇ ਕੀਤੀ ।ਇੱਕਠ ਨੂੰ ਮਿਡ ਡੇ ਮੀਲ ਵਰਕਰ ਯੂਨੀਅਨ ਗੁਰਦਾਸਪੁਰ ਦੀ ਜ਼ਿਲ੍ਹਾ ਪ੍ਰਧਾਨ ਮਨਜੀਤ ਕੌਰ ਵਡਾਲਾ ਨੇ ਉਚੇਚੇ ਤੌਰ 'ਤੇ ਸੰਬੋਧਨ ਕੀਤਾ।ਵੱਖ-ਵੱਖ ਬੁਲਾਰਿਆਂ ਨੇ ਦੱਸਿਆ ਕਿ ਮੌਜੂਦਾ ਸਰਕਾਰ ਨੂੰ ਤਿੰਨ ਸਾਲ ਤੋਂ ਵੱਧ ਸਮਾਂ ਹੋ ਗਿਆ ਮਿਡ ਡੇ ਵਰਕਰਾਂ ਨੂੰ ਲਾਰੇ ਲੱਪੇ ਲਾਉਂਦਿਆਂ, ਸਰਕਾਰ ਬਣਾਉਣ ਤੋਂ ਪਹਿਲਾਂ ਲੋਕਾਂ ਨਾਲ ਵੱਡੇ ਵੱਡੇ ਵਾਅਦੇ ਕੀਤੇ ਗਏ ਸਨ।ਮਾਣ ਭੱਤੇ ਵਿੱਚ ਇੱਕ ਪੈਸੇ ਦਾ ਵੀ ਵਾਧਾ ਨਹੀਂ ਕੀਤਾ, ਇੱਥੋਂ ਤੱਕ ਕਿ [illegible] ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ।ਮਿਡ ਡੇ ਮੀਲ ਵਰਕਰਾਂ ਦੀਆਂ ਮੰਗਾਂ ਜੀਵਨ ਬੀਮਾ, ਵਰਦੀਆਂ, ਖਾਣਾ ਪਕਾਉਣ ਲਈ ਵਿਸ਼ੇਸ਼ ਐਪਰਨ, ਸਕੂਲਾਂ ਵਿੱਚ ਖਾਣਾ ਪਕਾਉਣ ਤੋਂ ਇਲਾਵਾ ਲਏ ਜਾਂਦੇ ਵਾਧੂ ਕੰਮਾਂ ਤੋਂ ਛੁਟਕਾਰਾ ਜਾਂ ਫਿਰ ਵਾਧੂ ਕੰਮਾਂ ਦਾ ਮਿਹਨਤਾਨਾ ਦਿੱਤਾ ਜਾਵੇ। ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਵੱਲ ਵੀ ਕੋਈ ਧਿਆਨ ਨਹੀਂ ਦਿੱਤਾ ਗਿਆ ।ਇਸ ਸਮੇਂ ਪ.ਸ.ਸ.ਫ. ਦੇ ਜ਼ਿਲ੍ਹਾ ਪ੍ਰਧਾਨ ਅਨਿਲ ਕੁਮਾਰ ਲਾਹੌਰੀਆ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਫੈਡਰੇਸ਼ਨ ਦੀ ਦੇਖਰੇਖ 'ਚ ਮਿਡ ਡੇ ਮੀਲ ਵਰਕਰਜ਼ ਯੂਨੀਅਨ ਦੀ ਜ਼ਿਲ੍ਹਾ ਪੱਧਰੀ ਕਨਵੈਨਸ਼ਨ ਕੀਤੀ ਜਾਵੇਗੀ, ਜਿਸ ਵਿੱਚ ਮੰਗਾਂ ਨੂੰ ਲੈ ਕੇ ਜ਼ਿਲ੍ਹਾ ਪੱਧਰੀ ਅਤੇ ਪੰਜਾਬ ਪੱਧਰੀ ਸੰਘਰਸ਼ ਦੇ ਐਲਾਨ ਕੀਤੇ ਜਾਣਗੇ। ਇੱਸ ਸਮੇਂ ਹੋਰਨਾਂ ਤੋਂ ਇਲਾਵਾ ਰਾਜ ਰਾਣੀ, ਕਮਲੇਸ਼ ਰਾਣੀ ਮੁੰਨਣ, ਸੁਨੀਤਾ, ਸੰਤੋਸ਼ ਕੁਮਾਰੀ, ਰੇਖਾ ਰਾਣੀ, ਮਨਜੀਤ ਕੌਰ ਫੁਲੜਾ, ਮਨਜੀਤ ਕੌਰ, ਪੂਜਾ ਫੱਤੂਪੁਰ, ਪਰਮਜੀਤ ਕੌਰ ਅਤੇ ਵੀਰ ਕੌਰ ਹਾਜ਼ਰ ਸਨ ।

# ਡੀ ਸੀ ਵੱਲੋਂ ਕਿਸਾਨਾਂ ਨੂੰ ਸੁੱਕਾ ਝੋਨਾ ਹੀ ਮੰਡੀਆਂ 'ਚ ਲੈ ਕੇ ਆਉਣ ਦੀ ਅਪੀਲ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਜ਼ਿਲ੍ਹਾ ਗੁਰਦਾਸਪੁਰ ਦੀਆਂ ਮੰਡੀਆਂ ਵਿੱਚ ਬੀਤੀ ਸ਼ਾਮ ਤੱਕ 62061 ਮੀਟਰਕ ਟਨ ਝੋਨੇ ਦੀ ਫਸਲ ਦੀ ਆਮਦ ਹੋਈ ਸੀ, ਜਿਸ ਵਿੱਚੋਂ



55558 ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ ਅਤੇ ਫਸਲ ਦੀ ਚੁਕਾਈ ਅਤੇ ਅਦਾਇਗੀ ਨੂੰ ਨਿਸ਼ਚਿਤ ਸਮੇਂ ਅੰਦਰ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੀ ਫਸਲ ਕੱਟਣ ਉਪਰੰਤ ਇੰਨ ਸੀਟੂ ਵਿਧੀ ਨਾਲ ਫਸਲ ਦੀ ਰਹਿੰਦ ਖੂੰਹਦ ਨੂੰ ਖੇਤ ਵਿੱਚ ਵਾਹ ਕੇ ਕਣਕ ਦੀ ਬਿਜਾਈ ਕਰਨ ਜਾਂ ਐਕਸ ਸੀਟੂ ਵਿਧੀ ਰਾਹੀਂ ਪਰਾਲੀ ਪ੍ਰਬੰਧਨ ਲਈ ਖੇਤੀ ਮਸ਼ੀਨਰੀ ਦੀ ਵਰਤੋਂ ਕਰਨ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਝੋਨੇ ਦੀ ਕਟਾਈ ਝੋਨਾ ਪੂਰੀ ਤਰ੍ਹਾਂ ਪੱਕਣ ਤੇ ਹੀ ਕੀਤੀ ਜਾਵੇ ਅਤੇ ਕੇਵਲ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਵੇਚਣ ਲਈ ਲਿਆਂਦਾ ਜਾਵੇ।ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਖ਼ਰੀਦ ਵੇਲੇ ਝੋਨੇ ਵਿੱਚ ਨਮੀ ਦੀ ਹੱਦ 17 ਫ਼ੀਸਦੀ ਨਿਰਧਾਰਿਤ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਜੇਕਰ ਝੋਨੇ ਦੀ ਫ਼ਸਲ ਪੂਰੀ ਤਰ੍ਹਾਂ ਪੱਕਣ 'ਤੇ ਹੀ ਵਢਾਈ ਜਾਵੇ ਤਾਂ ਉਸ ਵਿੱਚ ਨਮੀ ਦੀ ਮਾਤਰਾ ਸਹੀ ਹੁੰਦੀ ਹੈ।ਡਿਪਟੀ ਕਮਿਸ਼ਨਰ ਨੇ ਸਾਰੇ ਕੰਬਾਈਨ ਓਪਰੇਟਰਾਂ ਨੂੰ ਵੀ ਹਦਾਇਤ ਕੀਤੀ ਹੈ ਕਿ ਉਹ ਸਵੇਰੇ 10:00 ਵਜੇ ਤੋਂ ਸ਼ਾਮ 6:00 ਵਜੇ ਤੱਕ ਹੀ ਝੋਨੇ ਦੀ ਕਟਾਈ ਕਰਨ ਤਾਂ ਜੋ ਝੋਨੇ ਦੀ ਫਸਲ ਵਿੱਚ ਨਮ ਦੀ ਮਾਤਰਾ ਵੱਧ ਨਾ ਆ ਸਕੇ।ਕਿਸਾਨ ਕੇਵਲ ਦਿਨ ਵੇਲੇ ਹੀ ਫ਼ਸਲ ਦੀ ਕਟਾਈ ਕਰਵਾਉਣ। ਦੱਸਣਯੋਗ ਹੈ ਕਿ ਪਨਗਰੇਨ ਵੱਲੋਂ 16689 ਮੀਟਰਕ ਟਨ, ਮਾਰਕਫੈੱਡ ਵੱਲੋਂ 21009 ਮੀਟਰਕ ਟਨ, ਪਨਸਪ ਵੱਲੋਂ 10289 ਮੀਟਰਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਵੱਲੋਂ 7563 ਅਤੇ ਪ੍ਰਾਈਵੇਟ ਖਰੀਦ 08 ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ।

# ਕਾਹਨੂੰਵਾਨ ਦੇ ਪਿੰਡ ਮੰਝ ਵਿਖੇ ਪਰਾਲੀ ਪ੍ਰਬੰਧਨ ਸਬੰਧੀ ਕਿਸਾਨ ਸਿਖਲਾਈ ਕੈਂਪ ਲਗਾਇਆ

**ਗੁਰਦਾਸਪੁਰ, (ਜਨਕ ਮਹਾਜਨ)**-ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਪਰਾਲੀ ਨਾ ਸਾੜਨ ਲਈ ਜ਼ਿਲ੍ਹੇ ਅੰਦਰ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ ਜਿਸ ਤਹਿਤ ਖੇਤੀਬਾੜੀ ਵਿਭਾਗ ਦੀਆਂ ਟੀਮਾਂ ਵਲੋਂ ਪਿੰਡਾਂ ਵਿਚ ਜਾ ਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਸਬੰਧ ਵਿੱਚ ਬਲਾਕ ਕਾਹਨੂੰਵਾਨ ਦੇ ਪਿੰਡ ਮੰਜ ਵਿਖੇ ਪਰਾਲੀ ਪ੍ਰਬੰਧਨ ਸਬੰਧੀ ਪਿੰਡ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਕੈਂਪ ਵਿੱਚ ਕਿਸਾਨਾਂ ਨੂੰ ਖੇਤਾਂ ਵਿੱਚ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਮਸ਼ੀਨਾਂ ਦੀ ਲਿਸਟ ਪਿੰਡ ਦੇ ਸਾਂਝੇ ਥਾ 'ਤੇ ਲਗਾਈ ਗਈ। ਅਮਨਦੀਪ ਹੁੰਦਲ ਏਈਓ ਨੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੇ ਫਾਇਦਿਆਂ, ਪਰਾਲੀ ਸਾੜਨ ਦੇ ਨੁਕਸਾਨਾਂ ਅਤੇ ਪਰਾਲੀ ਦੀ ਸਾਂਭ-ਸੰਭਾਲ ਲਈ ਜ਼ਿਲ੍ਹੇ ਵਿੱਚ ਉਪਲੱਬਧ ਖੇਤੀ ਮਸ਼ੀਨਰੀ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਰਾਲੀ ਦੀ ਸਾਂਭ-ਸੰਭਾਲ ਲਈ ਲੋੜੀਂਦੀ ਖੇਤੀ ਮਸ਼ੀਨਰੀ ਉਪਲਬਧ ਹੈ। ਸਹਿਕਾਰੀ ਸੁਸਾਇਟੀਆਂ ਤੇ ਪੰਚਾਇਤਾਂ ਕੋਲੋਂ ਵਾਜਬ ਰੇਟਾਂ 'ਤੇ ਮਸ਼ੀਨਰੀ ਮੌਜੂਦ ਹੈ, ਜੇਕਰ ਫਿਰ ਵੀ ਕਿਸੇ ਕਿਸਾਨ ਨੂੰ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਉਹ ਨੇੜਲੇ ਖੇਤੀਬਾੜੀ ਵਿਭਾਗ ਦੇ ਦਫ਼ਤਰ ਐੱਸਡੀਐੱਮ. ਦਫ਼ਤਰ ਵਿਖੇ ਸੰਪਰਕ ਕਰ ਸਕਦੇ ਹਨ।



# ਬਾਬਾ ਬੰਦਾ ਸਿੰਘ ਬਹਾਦਰ ਸਕੂਲ 'ਚ ਮਨਾਇਆ ਕਰਵਾ ਚੌਥ ਦਾ ਤਿਉਹਾਰ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ, ਸਕੱਤਰ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰ. ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਵਿੱਚ ਕਰਵਾ ਚੌਥ ਦਾ ਤਿਉਹਾਰ ਮਨਾਇਆ ਗਿਆ ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ ਲਈ ਮੇਹੰਦੀ ਪ੍ਰਤੀਯੋਗਤਾ ਦਾ ਆਯੋਜਨ ਕੀਤਾ ਗਿਆ ।ਇਸ ਪ੍ਰਤੀਯੋਗਤਾ ਵਿੱਚ ਇੰਟਰ ਹਾਊਸ ਦੇ ਵਿਦਿਆਰਥੀਆਂ ਵੱਲੋਂ ਭਾਗ ਲਿਆ ਗਿਆ।ਜਿਸ ਵਿੱਚ ਵਿਦਿਆਰਥਣਾਂ ਨੇ ਬਹੁਤ ਹੀ ਖੂਬਸੂਰਤ ਤਰੀਕੇ ਨਾਲ ਮਹਿੰਦੀ ਲਗਾਈ। ਜ਼ੋਰਾਵਰ ਹਾਊਸ ਦੀਆਂ ਵਿਦਿਆਰਥਣਾਂ ਮਨਸੀਰਤ ਕੌਰ, ਬਵਨਦੀਪ ਕੌਰ, ਚਾਹਤ ਮਸੀਹ ਨੇ ਵਧੀਆ ਕਾਰਗੁਜ਼ਾਰੀ ਕਰਕੇ ਪਹਿਲਾ ਸਥਾਨ, ਜੁਝਾਰ ਹਾਊਸ ਗੁਰਲੀਨ ਕੌਰ, ਸਲੋਬੀਆ ਨੇ ਦੂਜਾ ਸਥਾਨ ਅਤੇ ਅਜੀਤ ਹਾਊਸ ਦੀ ਕਿਰਨਪ੍ਰੀਤ ਕੌਰ, ਅਵਨੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਨੇ ਦੱਸਿਆ ਕਿ ਕਰਵਾ ਚੌਥ ਦਾ ਵਰਤ ਸੁਹਾਗਣ ਔਰਤਾਂ ਦੁਆਰਾ ਰੱਖਿਆ ਜਾਂਦਾ ਹੈ। ਇਹ ਵਰਤ ਔਰਤਾਂ ਆਪਣੇ ਪਤੀ ਦੀ ਲੰਬੀ ਉਮਰ ਲਈ ਰੱਖਦੀਆਂ ਹਨ।ਇਸ ਦਿਨ ਔਰਤਾਂ ਸਾਰਾ ਦਿਨ ਕੁੱਝ ਨਹੀਂ ਖਾ-ਪੀ ਸਕਦੀਆਂ। ਰਾਤ ਨੂੰ ਚੰਦਰਮਾ ਨੂੰ ਅਰਘ ਦੇਣ ਤੋਂ ਬਾਅਦ ਆਪਣਾ ਵਰਤ ਪੂਰਾ ਕਰਦੀਆਂ ਹਨ ।ਅੰਤ ਵਿੱਚ ਉਨ੍ਹਾਂ ਨੇ ਸਮੂਹ ਸਟਾਫ ਨੂੰ ਕਰਵਾ ਚੌਥ ਦੀ ਵਧਾਈ ਦਿੱਤੀ ।

# ਬਿਰਧ ਆਸ਼ਰਮ ਝਾਖੋ ਲਾਹੜੀ ਨੇ ਦਿੱਤਾ ਇੱਕ ਹੋਰ ਬੇਸਹਾਰਾ ਬਜ਼ੁਰਗ ਬਾਪੂ ਨੂੰ ਸਹਾਰਾ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਆਦਰਸ਼ ਬਿਰਧ ਆਸ਼ਰਮ ਝਾਖੋ ਲਾਹੜੀ ਨੇ ਇੱਕ ਹੋਰ ਬੇਸਹਾਰਾ ਬਜ਼ੁਰਗ ਬਾਪੂ ਸੰਤੋਖ ਰਾਜ ਪੁੱਤਰ ਤਾਰਾ ਚੰਦ ਨੂੰ ਸਹਾਰਾ ਦਿੱਤਾ।ਇਹ ਬਾਪੂ ਜ਼ਿਲ੍ਹਾ ਗੁਰਦਾਸਪੁਰ ਦਾ ਰਹਿਣ ਵਾਲਾ ਹੈ।ਇਸ ਮੌਕੇ ਬਾਪੂ ਨੇ ਦੱਸਿਆ ਕਿ ਮੇਰੇ ਤਿੰਨ ਬੱਚੇ ਹਨ ਅਤੇ ਇਹ ਤਿੰਨੇ ਹੀ ਵਿਆਹੇ ਹੋਏ ਹਨ। ਇਹ ਸਾਰੇ ਆਪਣੇ ਕੰਮਾਂ ਵਿੱਚ ਇੰਨੇ ਵਿਅਸਤ ਹਨ ਕਿ ਮੇਰੇ ਵੱਲ ਬਿਲਕੁਲ ਧਿਆਨ ਨਹੀਂ ਦਿੰਦੇ ਨਾ ਹੀ ਕੋਈ ਦਵਾ ਦਾਰੂ ਦਿੰਦੇ ਹਨ। ਤੇ ਕੋਈ ਖਰਚਾ ਵੀ ਨਹੀਂ ਦਿੰਦੇ।ਇਨ੍ਹਾਂ ਨੇ ਮੈਨੂੰ ਮੇਰੇ ਹੀ ਬਣਾਏ ਹੋਏ ਘਰ ਵਿੱਚ ਰੱਖਣ ਤੋਂ ਇਨਕਾਰ ਕਰ ਦਿੱਤਾ ਹੈ ਤੇ ਇਹ ਮੈਨੂੰ ਮਾਰਦੇ ਵੀ ਹਨ, ਪ੍ਰੇਸ਼ਾਨ ਕਰਦੇ ਹਨ ।ਦੁਖੀ ਹੋ ਕੇ ਮੈਂ ਬਿਰਧ ਆਸ਼ਰਮ ਵਿੱਚ ਸਹਾਰਾ ਲੈਣ ਲਈ ਆਇਆ ਹਾਂ।ਉਨ੍ਹਾਂ ਪ੍ਰਬੰਧਕਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਮੈਨੂੰ ਬਜ਼ੁਰਗਾਂ ਦੇ ਵਿਹੜੇ ਵਿੱਚ ਰਹਿਣ ਦੀ ਆਗਿਆ ਦਿੱਤੀ ਜਾਵੇ ਤਾਂ ਜੋ ਮੈਂ ਆਪਣੀ ਅਗਲੀ ਜ਼ਿੰਦਗੀ ਖੁਸ਼ੀ ਖੁਸ਼ੀ ਇੱਥੇ ਬਤੀਤ ਕਰ ਸਕਾਂ।ਸਾਰੀ ਗੱਲਬਾਤ ਸੁਣਨ ਤੋਂ ਬਾਅਦ ਆਸ਼ਰਮ ਪ੍ਰਬੰਧਕ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਅਤੇ ਪ੍ਰਧਾਨ ਸਤਨਾਮ ਸਿੰਘ ਨੇ ਬਾਪੂ ਨੂੰ ਬਿਰਧ ਘਰ ਵਿੱਚ ਰਹਿਣ ਦੀ ਆਗਿਆ ਦੇ ਦਿੱਤੀ ਗਈ।ਇਸ ਮੌਕੇ ਆਸ਼ਰਮ ਸਟਾਫ ਸਵਿਤਾ, ਵਿਪਨ ਕੁਮਾਰ, ਵਿਜੇ ਕੁਮਾਰੀ, ਰਾਜ ਰਾਣੀ, ਆਸ਼ਾ ਰਾਣੀ, ਜਸਬੀਰ ਕੌਰ, ਰਮੇਸ਼ ਚੰਦਰ, ਬਲਦੇਵ ਰਾਏ, ਪ੍ਰੀਆ ਅਤੇ ਚੰਨਦੇਵ,ਆਦਿ ਮੌਜੂਦ ਸਨ।



# ਪਾਕਿਸਤਾਨ 'ਚ ਨਾਨਕਸ਼ਾਹੀ ਕੈਲੰਡਰ ਦਾ ਕੋਈ ਵਿਵਾਦ ਨਹੀਂ : ਰਮੇਸ਼ ਸਿੰਘ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਹਰ ਸਾਲ ਦੀ ਤਰ੍ਹਾਂ ਜਨਮ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਮਨਾਉਣ ਲਈ ਭਾਰਤ ਦੇ ਵੱਖ-ਵੱਖ ਰਾਜਾਂ ਤੋਂ ਇਕੱਤਰ ਹੋ ਕੇ ਜਥੇ ਪਾਕਿਸਤਾਨ ਭੇਜੇ ਜਾਂਦੇ ਰਹੇ ਹਨ।ਸਿੱਖ ਸੰਗਤਾਂ ਦੇ ਮਨਾਂ ਵਿੱਚ ਭਾਰਤ ਅੰਦਰ ਕੁਝ ਪੱਤਰਕਾਰਾਂ ਵਲੋਂ ਸੰਗਤਾਂ ਵਿਚ ਡਰ ਫੈਲਾਇਆ ਜਾ ਰਿਹਾ ਹੈ ਕਿ ਪਾਕਿਸਤਾਨ ਜਾਣ ਵਾਲਾ ਜੱਥਾ ਇੱਕ ਵਾਰੀ ਫਿਰ ਵਿਵਾਦਾਂ ਦੇ ਘੇਰੇ ਵਿੱਚ ਹੈ।ਲਹਿੰਦੇ ਪੰਜਾਬ ਪਾਕਿਸਤਾਨ ਤੋਂ ਘੱਟ ਗਿਣਤੀਆਂ ਬਾਰੇ ਮੰਤਰੀ ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਰਮੇਸ਼ ਸਿੰਘ ਅਰੋੜਾ ਨੇ ਕਿਹਾ ਕਿ ਪਾਕਿਸਤਾਨ ਵਿੱਚ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਦਿਹਾੜੇ ਮਨਾਏ ਜਾਂਦੇ ਹਨ।ਸ. ਅਰੋੜਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਨਾਨਕਸ਼ਾਹੀ ਕੈਲੰਡਰ ਸੰਬੰਧੀ ਕੋਈ ਵੀ ਵਿਵਾਦਤ ਬਿਆਨ ਨਹੀਂ ਦਿੱਤਾ ਅਤੇ ਨਾ ਹੀ ਕੋਈ ਸਟੇਟਮੈਂਟ ਦਿੱਤੀ ਹੈ।ਉਨ੍ਹਾਂ ਕਿਹਾ ਕਿ ਕੁਝ ਲੋਕਾਂ ਵੱਲੋ ਸਿੱਖ ਸੰਗਤਾਂ ਦੇ ਮਨਾਂ ਵਿਚ ਡਰ ਪਾਇਆ ਜਾ ਰਿਹਾ ਹੈ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕਹਿ ਰਹੀ ਹੈ।ਮੂਲ ਨਾਨਕਸ਼ਾਹੀ ਕੈਲੰਡਰ ਦੇ ਮੁਤਾਬਕ ਹੀ ਭਾਰਤੀ ਸਿੱਖ ਸ਼ਰਧਾਲੂ ਵੀਜ਼ੇ ਲੈ ਕੇ ਪਾਕਿਸਤਾਨ ਗੁਰਧਾਮਾਂ ਦੇ ਦਰਸ਼ਨਾਂ ਲਈ ਆਉਣ।ਉਨ੍ਹਾਂ ਕਿਹਾ ਕਿ ਸਿਰਫ ਤੇ ਸਿਰਫ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਜੋ ਕਿ 16 ਜੂਨ ਨੂੰ ਗੁਰਦੁਆਰਾ ਡੇਰਾ ਸਾਹਿਬ ਲਾਹੌਰ ਵਿਖੇ ਮਨਾਇਆ ਜਾਂਦਾ ਹੈ, ਉਸ ਸੰਬੰਧੀ ਕੁਝ ਮਸਲਾ ਜ਼ਰੂਰ ਹੈ।ਉਹ ਵੀ ਆਉਣ ਵਾਲੇ ਦਿਨਾਂ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨਾਲ ਵਿਚਾਰ ਕਰਕੇ ਹੱਲ ਕਰ ਲਿਆ ਜਾਵੇਗਾ। ਸ. ਅਰੋੜਾ ਨੇ ਕਿਹਾ ਕਿ ਗੁਰੂ ਸਾਹਿਬਾਨ ਦੇ ਦਿਨ-ਤਿਉਹਾਰ ਜੋ ਮਨਾਈ ਜਾਂਦੇ ਹਨ, ਉਹ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਛਤਰ-ਛਾਇਆ ਹੇਠ ਹੀ ਪਾਕਿਸਤਾਨ ਦੀਆਂ ਸਿੱਖ ਸੰਗਤਾਂ ਵੱਲੋਂ ਮਨਾਏ ਜਾਂਦੇ ਹਨ।

# ਖ਼ਾਲਸਾ 'ਵਰਸਿਟੀ ਤੇ ਚਿਲਡਰਨਜ਼ ਰਿਸਰਚ 'ਵਰਸਿਟੀ ਦਰਮਿਆਨ ਸਮਝੌਤਾ ਪੱਤਰ 'ਤੇ ਹੋਏ ਦਸਤਖ਼ਤ



**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਖਾਲਸਾ ਯੂਨੀਵਰਸਿਟੀ ਅਤੇ ਚਿਲਡਰਨਜ਼ ਰਿਸਰਚ ਯੂਨੀਵਰਸਿਟੀ, ਗਾਂਧੀ ਨਗਰ, ਗੁਜਰਾਤ ਨੇ ਆਪਸ 'ਚ ਇਕ ਸਮਝੌਤੇ ਪੱਤਰ 'ਤੇ ਦਸਤਖ਼ਤ ਕੀਤੇ ਗਏ।ਉਕਤ ਸਮਝੌਤਾ ਖ਼ਾਲਸਾ 'ਵਰਸਿਟੀ ਦੇ ਉਪ ਕੁਲਪਤੀ ਡਾ. ਮਹਿਲ ਸਿੰਘ ਅਤੇ ਰਜਿਸਟਰਾਰ ਡਾ. ਖੁਸ਼ਵਿੰਦਰ ਕੁਮਾਰ ਦੇ ਯਤਨਾਂ ਸਦਕਾ ਚਿਲਡਰਨਜ਼ ਰਿਸਰਚ ਯੂਨੀਵਰਸਿਟੀ, ਗਾਂਧੀ ਨਗਰ, ਗੁਜਰਾਤ ਪਾਠਕ੍ਰਮ ਵਿਕਾਸ ਵਿਭਾਗ ਡਾਇਰੈਕਟਰ ਅਤੇ ਮੁੱਖੀ ਡਾ. ਜਿਗਨੇਸ਼ ਪਟੇਲ ਅਤੇ ਐਸੋਸੀਏਟ ਪ੍ਰੋ. ਡਾ. ਚਿਰਾਗ ਦਾਰਜ਼ੀ ਦਰਮਿਆਨ ਹੋਇਆ, ਜੋ ਕਿ ਬਾਲ ਸੰਭਾਲ ਅਤੇ ਸਿਖਲਾਈ 'ਤੇ ਖੋਜ ਕਰਨ ਵਾਲੀ ਦੇਸ਼ ਦੀ ਇਕਲੌਤੀ ਯੂਨੀਵਰਸਿਟੀ ਹੈ।ਇਸ ਸਬੰਧੀ ਡਾ. ਮਹਿਲ ਸਿੰਘ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਉਕਤ ਸਮਝੌਤੇ ਤਹਿਤ ਖਾਲਸਾ 'ਵਰਸਿਟੀ ਭਵਿੱਖ 'ਚ ਚਿਲਡਰਨਜ਼ ਯੂਨੀਵਰਸਿਟੀ ਦੇ ਸਹਿਯੋਗ ਨਾਲ ਬਾਲ ਸੰਭਾਲ ਅਤੇ ਸਿਖਲਾਈ ਦੀਆਂ ਨਵੀਨ ਤਕਨੀਕਾਂ 'ਤੇ ਖੋਜ ਦਾ ਕਾਰਜ ਕਰੇਗੀ। ਉਨ੍ਹਾਂ ਕਿਹਾ ਕਿ ਇਸ ਸਮਝੌਤੇ ਉਪਰੰਤ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਵਿਖੇ ਕਾਲਜ ਅਧਿਆਪਕਾਂ ਲਈ ਅਧਿਆਪਨ ਸਿੱਖਿਆ ਦੇ ਸੰਪੂਰਨ ਦ੍ਰਿਸ਼ਟੀਕੋਣ ਵਿਸ਼ੇ 'ਤੇ ਐਕਸਟੇਸ਼ਨ ਲੈਕਚਰ ਦਾ ਆਯੋਜਨ ਕੀਤਾ ਗਿਆ, ਜਿਸ 'ਚ ਡਾ. ਪਟੇਲ ਅਤੇ ਡਾ. ਦਾਰਜ਼ੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਪ੍ਰੋਗਰਾਮ ਦੀ ਸ਼ੁਰੂਆਤ 'ਚ ਡਾ. ਕੁਮਾਰ ਨੇ ਕਾਲਜ ਦੇ ਵਾਈਸ ਪ੍ਰਿੰ. ਡਾ. ਨਿਰਮਲਜੀਤ ਕੌਰ ਨਾਲ ਮਿਲ ਕੇ ਆਏ ਮਹਿਮਾਨਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਦੇ ਹੋਏ ਸਵਾਗਤ ਕੀਤਾ।ਇਸ ਮੌਕੇ ਡਾ. ਕੁਮਾਰ ਨੇ ਕਿਹਾ ਕਿ ਵਰਤਮਾਨ ਸਮੇਂ 'ਚ ਮਸਨੂਈ ਬੁੱਧੀ ਨੇ ਸਿੱਖਿਆ ਪ੍ਰਣਾਲੀ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ ਅਤੇ ਇਸ ਤਕਨੀਕੀ ਦੌਰ 'ਚ ਅਧਿਆਪਕ ਦੀ ਭੂਮਿਕਾ ਅਤੇ ਉਸ ਦੀ ਅਧਿਆਪਨ ਵਿਧੀ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਲਈ ਅਧਿਆਪਕ ਨੂੰ ਆਪਣੀਆਂ ਵਿਧੀਆਂ ਜ਼ਿਆਦਾ ਤੋਂ ਜ਼ਿਆਦਾ ਵਿਦਿਆਰਥੀ ਕੇਂਦਰਿਤ ਕਰਨੀਆਂ ਪੈਣਗੀਆਂ।ਉਨ੍ਹਾਂ ਕਿਹਾ ਕਿ ਪ੍ਰੋਗਰਾਮ ਦਾ ਆਯੋਜਨ ਡਾ. ਨਿਰਮਲਜੀਤ ਕੌਰ, ਡਾ. ਅਮਨਦੀਪ ਕੌਰ, ਡਾ. ਪਾਰੂਲ ਅਗਰਵਾਲ ਅਤੇ ਡਾ. ਸੁਖਮਨਦੀਪ ਕੌਰ, ਅਸਿਸਟੈਂਟ ਪ੍ਰੋਫੈਸਰ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ। ਪ੍ਰੋਗਰਾਮ ਦੇ ਅੰਤ 'ਚ ਡਾ. ਕੁਮਾਰ ਅਤੇ ਡਾ. ਨਿਰਮਲਜੀਤ ਕੌਰ ਨੇ ਆਏ ਹੋਏ ਮੁੱਖ ਮਹਿਮਾਨਾਂ ਨੂੰ ਸਨਮਾਨਿਤ ਕੀਤਾ।ਪ੍ਰੋਗਰਾਮ ਦੌਰਾਨ ਖਾਲਸਾ ਕਾਲਜ ਫ਼ਾਰ ਵੂਮੈਨ ਅਤੇ ਖਾਲਸਾ ਕਾਲਜ ਆਫ਼ ਐਜੂਕੇਸ਼ਨ ਦਾ ਸਮੂਹ ਸਟਾਫ ਹਾਜ਼ਰ ਸੀ।

# ਬਾਇਰ ਵੱਲੋਂ ਕਣਕ ਦੀ ਘਾਹਨਾਸ਼ਕ ਦਵਾਈ 'ਮਟੇਨੋ ਮੋਰ' ਲਾਂਚ

**ਬਠਿੰਡਾ**-ਬਾਇਰ ਜੋ ਕਿ ਖੇਤੀਬਾੜੀ ਅਤੇ ਹੈਲਥਕੇਅਰ ਦੇ ਲਾਈਫ ਸਾਇੰਸ ਖੇਤਰਾਂ ਵਿੱਚ ਆਪਣੀਆਂ ਮੁੱਖ ਖੂਬੀਆਂ ਵਾਲਾ ਇੱਕ ਗਲੋਬਲ ਉੱਦਮ ਹੈ, ਨੇ ਮਟੇਨੋ ਮੋਰ ਦੇ ਲਾਂਚ ਕਰਨ ਦਾ ਐਲਾਨ ਕੀਤਾ ਹੈ।ਇਹ ਇਕ ਨਵੀਂ ਇਨਕਲਾਬੀ ਘਾਹਨਾਸ਼ਕ ਦਵਾਈ ਹੈ, ਜੋ ਭਾਰਤ ਦੇ ਕਣਕ ਉਗਾਉਣ ਵਾਲੇ ਕਿਸਾਨਾਂ ਲਈ ਜੰਗਲੀ ਘਾਹ ਦਾ ਨਾਸ਼ ਕਰਨ ਲਈ ਤਿਆਰ ਕੀਤੀ ਗਈ ਹੈ।ਇਸ ਨੂੰ ਤਿੰਨ ਵੱਖ-ਵੱਖ ਤਰੀਕਿਆਂ ਨਾਲ ਕੰਮ ਕਰਨ ਵਾਲੇ ਤਾਕਤਵਰ ਸਰਗਰਮ ਤੱਤਾਂ ਨਾਲ ਬਣਾਇਆ ਗਿਆ। ਮਟੇਨੋ ਮੋਰ ਭਾਰਤ ਵਿੱਚ ਆਪਣੀ ਕਿਸਮ ਦੀ ਪਹਿਲੀ ਤਿੰਨ-ਗੁਣਾ ਮਿਸ਼ਰਣ ਵਾਲੀ ਘਾਹਨਾਸ਼ਕ ਦਵਾਈ ਹੈ।ਲਾਂਚ ਦੇ ਮੌਕੇ ਭਾਰਤ, ਬੰਗਲਾਦੇਸ਼ ਅਤੇ ਸ੍ਰੀਲੰਕਾ ਵਿੱਚ ਬਾਇਰ ਕ੍ਰਾਪ ਸਾਇੰਸ ਡਵੀਜ਼ਨ ਦੇ ਕਲੱਸਟਰ ਕਮਰਸ਼ੀਅਲ ਲੀਡ ਮੋਹਨ ਬਾਬੂ ਨੇ ਕਿਹਾ ਕਿ ਮਟੇਨੋ ਮੋਰ ਨਾਲ ਅਸੀਂ ਸਿਰਫ ਇਕ ਨਵੀਂ ਘਾਹਨਾਸ਼ਕ ਦਵਾਈ ਨਹੀਂ ਲਾਂਚ ਕਰ ਰਹੇ, ਸਗੋਂ ਭਾਰਤ ਦੀ ਖਾਦ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਕਿਸਾਨਾਂ ਨੂੰ ਕਣਕ ਉਤਪਾਦਨ ਵਿੱਚ ਬਦਲ ਰਹੀਆਂ ਚੁਣੌਤੀਆਂ ਨੂੰ ਪਾਰ ਕਰਨ ਦੇ ਯੋਗ ਬਣਾਉਣ ਲਈ ਆਪਣੀ ਵਚਨਬੱਧਤਾ ਨੂੰ ਵੀ ਮਜ਼ਬੂਤ ਕਰ ਰਹੇ ਹਾਂ।

## ਡਾ. ਵਿਜੇ ਸਤਬੀਰ ਸਿੰਘ ਆਈਏਐੱਸ (ਰਿਟਾ.) ਚੇਅਰਮੈਨ ਨਿਯੁਕਤ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਸਿੱਖ ਗੁਰੂ ਸਾਹਿਬਾਨ ਦੇ ਕੁਰਬਾਨੀ ਭਰੇ ਇਤਿਹਾਸ, ਨਿਰਸਵਾਰਥਤਾ, ਸਿੱਖਿਆਵਾਂ ਅਤੇ ਸਾਰੇ ਧਰਮਾਂ ਦੇ ਪ੍ਰਤੀ ਪ੍ਰੇਮਭਾਵ ਤੇ ਭਾਈਚਾਰੇ ਤੋਂ ਪ੍ਰਭਾਵਿਤ ਹੋ ਕੇ ਧੰਨ-ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ 350ਵੇਂ ਸ਼ਹੀਦੀ ਗੁਰਪੁਰਬ ਅਤੇ ਧੰਨ-ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ 350ਵੇਂ ਗੁਰਿਆਈ ਗੁਰਪੁਰਬ ਮਹਾਰਾਸ਼ਟਰ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਮਨਾਏ ਜਾ ਰਹੇ ਹਨ ਜਿਸ ਵਿੱਚ ਖਾਸ ਤੌਰ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਚਰਨਛੋਹ ਪ੍ਰਾਪਤ ਅਸਥਾਨ ਤਖ਼ਤ ਸੱਚਖੰਡ ਸਾਹਿਬ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਸ਼ਾਮਿਲ ਹੈ। ਇਸ ਸਮਾਗਮ ਦੇ ਪ੍ਰਬੰਧ ਨੂੰ ਮੁੱਖ ਰਖਦੇ ਹੋਏ ਦੇਵਿੰਦ੍ਰ ਫਡਨਵੀਸ ਮੁੱਖ ਮੰਤਰੀ ਸਹਾਰਾਸ਼ਟਰ ਵੱਲੋਂ 13 ਜੂਨ ਨੂੰ ਇੱਕ ਵਿਸ਼ੇਸ਼ ਬੈਠਕ ਆਯੋਜਿਤ ਕੀਤੀ ਗਈ ਜਿਸ ਉਪਰੰਤ ਸਮਾਗਮ ਦੇ ਸਮੁੱਚੇ ਪ੍ਰਬੰਧ ਲਈ ਇੱਕ ਵਿਸ਼ੇਸ਼ ਸਮਿਤੀ ਤਿਆਰ ਕੀਤੀ ਗਈ ਜਿਸ ਦੇ ਚੈਅਰਮਨ ਦੇ ਅਹੁਦੇ 'ਤੇ ਗੁਰਦੁਆਰਾ ਸੱਚਖੰਡ ਬੋਰਡ ਦੇ ਮੁੱਖ ਪ੍ਰਬੰਧਕ ਡਾ. ਵਿਜੇ ਸਤਬੀਰ ਸਿੰਘ ਦੀ ਨਿਯੁਕਤੀ ਕੀਤੀ ਗਈ।ਸ੍ਰੀ ਹਜ਼ੂਰ ਸਾਹਿਬ ਨਾਂਦੇੜ, ਨਾਗਪੁਰ ਅਤੇ ਨਵੀਂ ਮੁੰਬਈ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਗੁਰਿਆਈ ਗੁਰਪੁਰਬ ਮੌਕੇ ਵਿਸ਼ੇਸ਼ ਸਮਾਗਮ ਆਯੋਜਿਤ ਕੀਤੇ ਜਾਣਗੇ। ਇਸ ਲਈ ਗੁਰਦੁਆਰਾ ਸੱਚਖੰਡ ਬੋਰਡ ਦੇ ਮੁੱਖ ਪ੍ਰਬੰਧਤ ਅਤੇ ਵਿਸ਼ੇਸ਼ ਸਮਿਤੀ ਦੇ ਚੇਅਰਮੈਨ ਡਾ. ਵਿਜੇ ਸਤਬੀਰ ਸਿੰਘ ਨੇ ਮਹਾਰਾਸ਼ਟਰ ਸਰਕਾਰ ਅਤੇ ਖਾਸ ਤੌਰ 'ਤੇ ਮੁੱਖ ਮੰਤਰੀ ਦੇਵਿੰਦ੍ਰ ਫੜਨਵੀਸ ਦਾ ਧੰਨਵਾਦ ਕੀਤਾ।

## ਉਪ ਮੰਡਲ ਅਫਸਰ ਬਟਾਲਾ ਨੇ ਦਾਣਾ ਮੰਡੀ ਵਡਾਲਾ ਗ੍ਰੰਥੀਆਂ ਦਾ ਕੀਤਾ ਦੌਰਾ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਮਾਣਜੋਗ ਉਪ ਮੰਡਲ ਅਫਸਰ ਬਟਾਲਾ ਵਿਕਰਮਜੀਤ ਸਿੰਘ ਪਾਂਥੇ ਵੱਲੋਂ ਦਾਣਾ ਮੰਡੀ ਵਡਾਲਾ ਗ੍ਰੰਥੀਆਂ ਵਿਖੇ ਕਿਸਾਨਾਂ ਅਤੇ ਆੜ੍ਹਤੀਆਂ ਦੀਆ ਮੁਸ਼ਕਲਾਂ ਸੁਣੀਆਂ ਅਤੇ ਉਨ੍ਹਾਂ ਨੂੰ ਮੌਕੇ ਤੇ ਹੱਲ ਕਰਵਾਇਆ। ਇਸ ਤੋਂ ਬਾਅਦ ਪਿੰਡ ਰਸੂਲਪੁਰ ਵਿਖੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਾਉਣ ਲਈ ਜਾਗਰੂਕ ਕੀਤਾ। ਉਨਾਂ ਦੱਸਿਆ ਕਿ ਅੱਗ ਲਗਾਉਣ ਨਾਲ ਜ਼ਹਿਰੀਲੀਆਂ ਗੈਸਾਂ ਪੈਦਾ ਹੁੰਦੀਆਂ ਹਨ ਜਿਸ ਨਾਲ ਮਨੁੱਖਾਂ ਵਿੱਚ ਇਹ ਸਾਹ ਲੈਣਾ ਅੱਖਾਂ ਵਿੱਚ ਜਲਨ ਅਤੇ ਚਮੜੀ ਦੇ ਰੋਗ ਹੋਣ ਦਾ ਖਤਰਾ ਵੱਧ ਜਾਂਦਾ ਹੈ ਅਤੇ ਜ਼ਮੀਨ ਦੇ ਜੀਵ ਜੰਤੂ ਵੀ ਨਸ਼ਟ ਹੁੰਦੇ ਹਨ। ਉਨ੍ਹਾਂ ਕਿਹਾ ਕਿ ਗਰੀਨ ਟ੍ਰਿਬਿਊਨਲ ਵੱਲੋਂ ਵੀ ਪਰਾਲੀ ਨੂੰ ਅੱਗ ਨਾਲ ਲਗਾਉਣ ਦਾ ਫੈਸਲਾ ਲਿਆ ਗਿਆ ਹੈ ਅਤੇ ਅਤੇ ਇਸ ਫੈਸਲੇ ਨੂੰ ਲਾਗੂ ਕਰਨ ਚ ਸਾਰੇ ਕਿਸਾਨ ਆਪਣਾ ਯੋਗਦਾਨ ਪਾਉਣ।ਹੋਰਨਾਂ ਤੋਂ ਇਲਾਵਾ ਇਸ ਮੌਕੇ ਡਾ. ਜੋਬਨਜੀਤ ਸਿੰਘ ਖਹਿਰਾ, ਬਲਾਕ ਨੋਡਲ ਅਫਸਰ ਕਾਦੀਆਂ, ਐੱਸਐੱਚਓ ਨਵਜੋਤ ਕੌਰ ਸੇਖਵਾਂ, ਚੌਕੀ ਇੰਚਾਰਜ ਪਰਮਿੰਦਰ ਸਿੰਘ, ਸ਼ਰਨਪਲ ਸਿੰਘ ਕਲੱਸਟਰ ਕੋਆਰਡੀਨੇਟਰ, ਸੁਰਿੰਦਰ ਨੋਡਲ ਅਫਸਰ,ਸੁਖਦੇਵ ਸਿੰਘ, ਸਤਨਾਮ ਸਿੰਘ, ਵਿਕਰਮ ਸਿੰਘ ਆੜ੍ਹਤੀ, ਕੁਲਦੀਪ ਸਿੰਘ ਸਰਪੰਚ ਰਸੂਲਪੁਰ, ਪਰਗਟ ਸਿੰਘ ਅਤੇ ਹੋਰ ਕਿਸਾਨ ਮੌਜੂਦ ਸ਼ਨ।



# ਦਸ ਰੋਜ਼ਾ ਐੱਨ ਸੀ ਸੀ ਕੈਂਪ ਸਤਲਾਣੀ ਸਾਹਿਬ ਵਿਖੇ ਸ਼ੁਰੂ



**ਮਜੀਠਾ (ਸੋਇਮ ਆਨੰਦ)**

ਫਸਟ ਪੰਜਾਬ ਬਟਾਲੀਅਨ ਐੱਨਸੀਸੀ ਅੰਮ੍ਰਿਤਸਰ ਵੱਲੋਂ ਬਾਬਾ ਕੁੰਮਾ ਸਿੰਘ ਇੰਜੀਨੀਅਰਿੰਗ ਕਾਲਜ ਸਤਲਾਣੀ ਸਾਹਿਬ ਹੁਸ਼ਿਆਰ ਨਗਰ ਵਿਖੇ ਲਗਾਏ ਜਾ ਰਹੇ ਦਸ ਰੋਜ਼ਾ ਕੈਂਪ ਦੀ ਸ਼ੁਰੂਆਤ ਡਿਪਟੀ ਕੈਂਪ ਕਮਾਂਡੈਂਟ ਲੈਫ,. ਕਰਨਲ ਅੰਮ੍ਰਿਤਪਾਲ ਸਿੰਘ ਦੇ ਸਵਾਗਤੀ ਭਾਸ਼ਣ ਨਾਲ ਹੋਈ।ਜਾਣਕਾਰੀ ਦਿੰਦੇ ਹੋਏ ਕੈਂਪ ਕਮਾਂਡੈਂਟ ਕਰਨਲ ਪੀਡੀਐੱਸ ਬੱਲ ਨੇ ਦੱਸਿਆ ਕਿ ਕੈਂਪ ਵਿੱਚ ਰਿਪਬਲਿਕ ਡੇ ਪਰੇਡ ਉਤੇ ਜਾਣ ਵਾਲੇ ਐੱਨਸੀਸੀ ਵਿਦਿਆਰਥੀਆਂ ਦੀ ਚੋਣ ਵੀ ਕੀਤੀ ਜਾਵੇਗੀ ।ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਨਾਲ ਸੰਬੰਧਿਤ ਐੱਨਸੀਸੀ ਕੈਡਿਟ ਭਾਗ ਲੈ ਰਹੇ ਹਨ।ਕੈਂਪ ਦੇ ਦੌਰਾਨ ਡਰਿਲ, ਮੈਪ ਰੀਡਿੰਗ, ਟੈਂਟ ਪੀਚਿੰਗ, ਪੁਆਇੰਟ ਟੂ ਪੁਆਇੰਟ ਮਾਰਚ, ਫਾਈਰਿੰਗ, ਸੱਭਿਆਚਾਰਕ ਅਤੇ ਖੇਡ ਮੁਕਾਬਲੇ ਵੀ ਕਰਵਾਏ ਜਾਣਗੇ।ਕੈਂਪ ਦੌਰਾਨ ਐੱਨਸੀਸੀ ਕੈਡਿਟਾਂ ਨੂੰ ਰਹਿਣ ਲਈ ਜਿੱਥੋਂ ਤੱਕ ਹੋ ਸਕੇ ਵਧੀਆ ਪ੍ਰਬੰਧ ਕੀਤੇ ਗਏ ਹਨ ਅਤੇ ਨਾਲ ਹੀ ਵਿਦਿਆਰਥੀਆਂ ਦੇ ਹਾਈਜੀਨਕ ਖਾਣੇ ਦਾ ਪ੍ਰਬੰਧ ਵੀ ਕੀਤਾ ਗਿਆ ਹੈ।ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਭਾਸ਼ਣ ਵੀ ਕਰਵਾਏ ਜਾਣਗੇ ਤਾਂ ਜੋ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਜੀਵਨ ਤੋਂ ਸੇਧ ਅਤੇ ਜਾਣਕਾਰੀ ਮਿਲ ਸਕੇ।ਉਨ੍ਹਾਂ ਨੇ ਕਾਲਜ ਦੇ ਪ੍ਰਿੰਸੀਪਲ ਅਤੇ ਸਮੁੱਚੀ ਮੈਨੇਜਮੈਂਟ ਕਮੇਟੀ ਦਾ ਕੈਂਪ ਲਈ ਜਗ੍ਹਾ ਦੇਣ ਲਈ ਬਹੁਤ ਧੰਨਵਾਦ ਕੀਤਾ।ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਏਰੀਏ ਵਿੱਚ ਮੱਛਰ ਮਾਰ ਦਵਾਈ ਦਾ ਛਿੜਕਾਅ ਵੀ ਕਰਵਾਇਆ ਗਿਆ ਹੈ ਅਤੇ 24 ਘੰਟੇ ਮੈਡੀਕਲ ਟੀਮ ਵਿਦਿਆਰਥੀਆਂ ਨੂੰ ਮੁੱਢਲੀ ਸਹਾਇਤਾ ਦੇਣ ਲਈ ਹਾਜ਼ਰ ਰਹੇਗੀ ।ਵਿਦਿਆਰਥੀਆਂ ਦੀ ਸੇਫਟੀ ਤੇ ਸਿਕਿਓਰਟੀ ਦਾ ਪੁਖਤਾ ਪ੍ਰਬੰਧ ਕੀਤਾ ਗਿਆ ਹੈ।ਇਸ ਮੌਕੇ ਸੂਬੇਦਾਰ ਮੇਜਰ ਲਾਭ ਸਿੰਘ ਸੂਬੇਦਾਰ, ਬਲਜਿੰਦਰ ਸਿੰਘ, ਹਵਾਲਦਾਰ ਮਲਕੀਤ ਸਿੰਘ, ਹਵਾਲਦਾਰ ਗੁਰਦੀਪ ਸਿੰਘ, ਵੱਖ ਵੱਖ ਸਕੂਲਾਂ ਦੇ ਐੱਨਸੀਸੀ ਅਫਸਰ ਅਤੇ ਐੱਨਸੀਸੀ ਕੈਡਿਟ ਹਾਜ਼ਰ ਸਨ।

# ਚੋਣ ਮੁਹਿੰਮ ਆਰੰਭਣ ਤੋਂ ਪਹਿਲਾਂ ਕਰਨਬੀਰ ਸਿੰਘ ਬੁਰਜ ਨੇ ਸਾਥੀਆਂ ਸਮੇਤ ਗੁ. ਬਾਬਾ ਬੁੱਢਾ ਸਾਹਿਬ ਵਿਖੇ ਮੱਥਾ ਟੇਕਿਆ


**ਝਬਾਲ, ਸਰਾਏ ਅਮਾਨਤ ਖਾਂ (ਹਰਜਿੰਦਰ ਸਿੰਘ ਸੋਨੀ, ਮੱਖਣ ਮਨੋਜ)**

ਵਿਧਾਨ ਸਭਾ ਹਲਕਾ ਤਰਨਤਾਰਨ ਤੋਂ ਕਾਂਗਰਸ ਵੱਲੋਂ ਜ਼ਿਮਨੀ ਚੋਣ ਲਈ ਚੋਣ ਮੈਦਾਨ ਵਿੱਚ ਉਤਾਰੇ ਗਏ ਉਮੀਦਵਾਰ ਕਰਨਬੀਰ ਸਿੰਘ ਬੁਰਜ ਵੱਲੋਂ ਆਪਣੀ ਚੋਣ ਮੁਹਿੰਮ ਸ਼ੁਰੂ ਕਰਨ ਤੋਂ ਪਹਿਲਾਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਵੜਿੰਗ, ਸਾਬਕਾ ਡਿਪਟੀ ਸੀ. ਐੱਮ. ਓਮ ਪ੍ਰਕਾਸ਼ ਸੋਨੀ, ਐੱਮਪੀ ਗੁਰਜੀਤ ਸਿੰਘ ਔਜਲਾ, ਸਾਬਕਾ ਐੱਮਪੀ ਜਸਬੀਰ ਸਿੰਘ ਡਿੰਪਾ, ਸਾਬਕਾ ਮੰਤਰੀ ਤੇ ਚੋਣ ਹਲਕਾ ਇੰਚਾਰਜ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ, ਸਾਬਕਾ ਮੇਅਰ ਸੁਨੀਲ ਦੱਤੀ ਸਮੇਤ ਸਮੁੱਚੀ ਲੀਡਰਸ਼ਿਪ ਤੇ ਵਰਕਰਾਂ ਨਾਲ ਮਾਝੇ ਦੇ ਪ੍ਰਸਿੱਧ ਇਤਿਹਾਸਕ ਅਸਥਾਨ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਲੀਡਰਸ਼ਿਪ ਨੇ ਪਰਮਾਤਮਾ ਦਾ ਅਸ਼ੀਰਵਾਦ ਲੈਂਦਿਆਂ ਪਾਰਟੀ ਦੀ ਚੜ੍ਹਦੀ ਕਲਾ ਅਤੇ ਸਮੁੱਚੀ ਮਾਨਵਤਾ ਦੇ ਭਲੇ ਲਈ ਅਰਦਾਸ ਕੀਤੀ।ਮੱਥਾ ਟੇਕਣ ਉਪਰੰਤ ਕਾਫਲੇ ਦੇ ਰੂਪ ਵਿੱਚ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਵਿਖੇ ਨਤਮਸਤਕ ਹੋਏ ਜਦਕਿ ਵਾਪਸ ਆ ਕੇ ਉਪਰੋਕਤ ਕਾਂਗਰਸੀ ਲੀਡਰਸ਼ਿਪ ਤੋਂ ਇਲਾਵਾ ਸਾਬਕਾ ਵਿਧਾਇਕ ਤੇ ਜ਼ਿਲਾ ਪ੍ਰਧਾਨ ਹਰਮਿੰਦਰ ਸਿੰਘ ਗਿੱਲ, ਕੈਪਟਨ ਸੰਦੀਪ ਸਿੰਘ ਸੰਧੂ, ਕਾਂਗਰਸ ਬੁਲਾਰਾ ਨਰਿੰਦਰ ਸਿੰਘ ਸੰਧੂ, ਸਾਬਕਾ ਵਿਧਾਇਕ ਸੁਖਪਾਲ ਸਿੰਘ ਭੁੱਲਰ, ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ, ਸਾਬਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ, ਸਾਬਕਾ ਵਿਧਾਇਕ ਇੰਦਰਬੀਰ ਸਿੰਘ ਬੁਲਾਰੀਆ, ਸਾਬਕਾ ਵਿਧਾਇਕ ਤਰਸੇਮ ਸਿੰਘ ਡੀਸੀ, ਪੀਪੀਸੀਸੀ ਮੈਂਬਰ ਹਰਸ਼ਰਨ ਸਿੰਘ ਮੱਲਾ ਸੋਹਲ, ਰਾਜਬੀਰ ਸਿੰਘ ਭੁੱਲਰ, ਚੇਅਰਮੈਨ ਲਖਬੀਰ ਸਿੰਘ ਬੁਰਜ, ਅਵਤਾਰ ਸਿੰਘ ਤਨੇਜਾ ਸਾਬਕਾ ਚੇਅਰਮੈਨ ਅਤੇ ਜ਼ਿਲਾ ਪ੍ਰਧਾਨ ਰਾਈਸ ਮਿੱਲਰਜ਼ ਐਸੋਸੀਏਸ਼ਨ ਤਰਨਤਾਰਨ, ਅਨਿਲ ਜੋਸ਼ੀ ਸਾਬਕਾ ਮੰਤਰੀ, ਚੇਅਰਮੈਨ ਰਮਨ ਕੁਮਾਰ ਝਬਾਲ, ਗੁਰਪਾਲ ਸਿੰਘ ਜਗਤਪੁਰਾ, ਗੁਰਦੇਵ ਸਿੰਘ ਰਿੰਟੂ ਸੋਹਲ, ਪ੍ਰਧਾਨ ਗੁਲਜ਼ਾਰ ਸਿੰਘ ਦੋਬਲੀਆ, ਨੌਨਿਹਾਲ ਸਿੰਘ ਕਸੇਲ, ਮਨਿੰਦਰਪਾਲ ਸਿੰਘ ਪਲਾਸੌਰ ਆਦਿ ਵੱਲੋਂ ਰਿਬਨ ਕੱਟ ਕੇ ਸ਼੍ਰੀ ਬੁਰਜ ਦੇ ਮੁੱਖ ਚੋਣ ਦਫ਼ਤਰ ਦਾ ਉਦਘਾਟਨ ਕੀਤਾ ਗਿਆ।ਇਸ ਸਮੇਂ ਸਾਬਕਾ ਸਰਪੰਚ ਜਗਬੀਰ ਸਿੰਘ ਭੋਲਾ ਪੰਜਵੜ, ਦਿਲਬਾਗ ਸਿੰਘ ਠੱਠਗੜ੍ਹ, ਇੰਦਰਜੀਤ ਸਿੰਘ ਲਾਲੀ, ਸਾਬਕਾ ਚੇਅਰਮੈਨ ਨਰਿੰਦਰ ਸਿੰਘ ਛਾਪਾ, ਨਿੱਪੀ ਸੂਦ, ਪ੍ਰਧਾਨ ਅਸ਼ੋਕ ਕੁਮਾਰ, ਡਾ. ਚਰਨਜੀਤ ਸਿੰਘ, ਤਰਸੇਮ ਕੁਮਾਰ ਸ਼ਰਮਾ, ਸਕੱਤਰ ਬੀਰ ਸਿੰਘ, ਵਿੱਕੀ, ਅਮ੍ਰਿਤ ਸ਼ੇਰ ਸਿੰਘ, ਹਰਜੋਤ ਸਿੰਘ ਛਾਪਾ, ਸਰਪੰਚ ਗੁਰਚਰਨ ਸਿੰਘ, ਸਾਬਕਾ ਸਰਪੰਚ ਕੰਵਲਜੀਤ ਸਿੰਘ ਠੱਠਾ, ਸਾਬਕਾ ਸਰਪੰਚ ਉਤਮ ਸਿੰਘ ਕਾਲਾ, ਸਾਬਕਾ ਸਰਪੰਚ ਅਮਰਜੀਤ ਸਿੰਘ, ਸਾਬਕਾ ਸਰਪੰਚ ਨਰਿੰਦਰ ਕੁਮਾਰ, ਸਾਬਕਾ ਸਰਪੰਚ ਮਿਲਖਾ ਸਿੰਘ ਮੱਜੂਪੁਰ, ਸਾਬਕਾ ਸਰਪੰਚ ਸੁੱਚਾ ਸਿੰਘ ਖੈਰਦੀ, ਲਵ ਇੰਦਰ ਸਿੰਘ ਬੱਬੂ ਸੋਹਲ, ਗੁਰਿੰਦਰ ਸਿੰਘ ਭਾਟੀਆ, ਮਖਤੂਲ ਸਿੰਘ, ਜੇਈ ਹਰਭਿੰਦਰ ਸਿੰਘ, ਲਖਵਿੰਦਰ ਸਿੰਘ ਬੰਟੀ, ਮਾਸਟਰ ਪ੍ਰਿਤਪਾਲ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸ ਪਾਰਟੀ ਦੇ ਆਗੂ ਤੇ ਵਰਕਰ ਹਾਜ਼ਰ ਸਨ।



## 0 ਤੋਂ 5 ਸਾਲ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਲਾਈਆਂ

**ਅੱਡਾ ਸਰਾਂ (ਜਸਵੀਰ ਕਾਜਲ)**-ਪਿੰਡ ਕੰਧਾਲਾ ਜੱਟਾਂ ਵਿਖੇ ਸਿਵਲ ਸਰਜਨ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਐਸ ਐਮ ਓ. ਕਰਨ ਕੁਮਾਰ ਸੈਣੀ ਦੇ ਹੁਕਮਾ ਤਹਿਤ ਹਰਵਿੰਦਰ ਸਿੰਘ ਮੱਲੀ, ਰਾਜ ਕੁਮਾਰੀ, ਜਸਪ੍ਰੀਤ, ਕੁਲਵੰਤ ਕੋਰ ਵਲੋਂ 0 ਤੋਂ 5 ਸਾਲ ਦੇ ਬੱਚਿਆਂ ਨੂੰ ਪੋਲਿਉ ਬੂੰਦਾਂ ਪਲਾਈਆ ਗਈਆਂ। ਇਸ ਮੌਕੇ ਸਰਕਾਰੀ ਆਯੁਰਵੈਦਿਕ ਡਿਸਪੈਂਸਰੀ ਕੰਧਾਲਾ ਜੱਟਾਂ ਅਤੇ ਕਾਂਡਾ ਪੀ ਐਚ ਸੀ ਦੇ ਕਰਮਚਾਰੀ ਹਾਜ਼ਰ ਸਨ।



13-Oct-PAGE-4.qxd 10/12/2025 9:43 PM Page 1

ਨਵਾਂ ਜ਼ਮਾਨਾ
ਸੋਮਵਾਰ, 13 ਅਕਤੂਬਰ 2025

# ਨੋਬੇਲ ਬਦਅਮਨ ਪੁਰਸਕਾਰ

*ਨੋਬੇਲ ਅਮਨ ਪੁਰਸਕਾਰ ਜਦੋਂ ਲੋਕਤੰਤਰ ਦੇ ਭੇਸ ਵਿੱਚ ਹਿੰਸਾ ਦੇ ਪੁਜਾਰੀਆਂ ਨੂੰ ਦਿੱਤਾ ਜਾਂਦਾ ਹੈ ਤਾਂ ਉਹ ਉਨ੍ਹਾਂ ਲੋਕਾਂ ਦੇ ਮੂੰਹ 'ਤੇ ਥੁੱਕਣ ਵਰਗਾ ਹੁੰਦਾ ਹੈ, ਜਿਹੜੇ ਅਸਲ ਵਿੱਚ ਅਮਨ ਲਈ ਲੜ ਰਹੇ ਹਨ। ਨਾਰਵੇ ਸਥਿਤ ਨੋਬੇਲ ਕਮੇਟੀ ਨੇ 2025 ਦਾ ਨੋਬੇਲ ਅਮਨ ਪੁਰਸਕਾਰ ਅਥਾਹ ਤੇਲ ਭੰਡਾਰ ਵਾਲੇ ਲਾਤੀਨੀ ਅਮਰੀਕੀ ਦੇਸ਼ ਵੈਨਜ਼ੁਏਲਾ ਦੀ ਤੇਜ਼-ਤਰਾਰ ਲੀਡਰ ਮਾਰੀਆ ਕੋਰੀਨਾ ਮਚਾਦੋ ਨੂੰ ਦੇ ਕੇ ਫਿਰ ਇਹ ਵਿਵਾਦ ਛੇੜ ਦਿੱਤਾ ਹੈ ਕਿ ਨੋਬੇਲ ਕਮੇਟੀ ਇਨਾਮ ਦਾ ਫੈਸਲਾ ਕਰਨ ਵੇਲੇ ਨਿਰਪੱਖਤਾ ਦਾ ਸਬੂਤ ਨਹੀਂ ਦਿੰਦੀ।*

*ਨੋਬੇਲ ਕਮੇਟੀ ਨੇ ਮਚਾਦੋ ਦੀ ਚੋਣ ਕਰਦਿਆਂ ਉਸ ਨੂੰ ਲੋਕਤੰਤਰ ਦੀ ਮਸ਼ਾਲ ਜਲਾਏ ਰੱਖਣ ਵਾਲੀ ਅਮਨ ਦੀ ਵੀਰਾਂਗਣਾ ਦੱਸਿਆ ਹੈ। ਕਮੇਟੀ ਦੇ ਮੁਖੀ ਜਾਰਗਨ ਵਾਟਨੇ ਫ੍ਰਾਈਡਨੈੱਸ ਨੇ ਕਿਹਾ ਕਿ ਮਚਾਦੋ ਨੇ ਇਹ ਦਿਖਾਇਆ ਹੈ ਕਿ ਲੋਕਤੰਤਰ ਦੇ ਔਜ਼ਾਰ ਹੀ ਅਮਨ ਦੇ ਔਜ਼ਾਰ ਹਨ। ਉਸ ਨੇ ਔਖੇ ਹਾਲਾਤ ਵਿੱਚ ਵੀ ਦੇਸ਼ ਨਹੀਂ ਛੱਡਿਆ ਅਤੇ ਲੱਖਾਂ ਲੋਕਾਂ ਲਈ ਪ੍ਰੇਰਨਾ ਬਣੀ।*

*ਅਸਲ ਵਿੱਚ ਮਚਾਦੋ ਅਮਰੀਕਾ ਦੀ 'ਨਾਪਸੰਦ' ਸਰਕਾਰ ਨੂੰ ਉਲਟਾਉਣ ਵਾਲੀ ਨੀਤੀ ਦਾ ਇੱਕ ਔਜ਼ਾਰ ਹੈ। ਉਸ ਦੀ ਸਿਆਸਤ ਹਿੰਸਾ ਵਿੱਚ ਡੁੱਬੀ ਹੋਈ ਹੈ। ਮਚਾਦੋ ਦੇਸ਼ ਦਾ ਤੇਲ, ਪਾਣੀ ਤੇ ਢਾਂਚਾ ਨਿੱਜੀ ਕੰਪਨੀਆਂ ਨੂੰ ਸੌਂਪਣ ਦੀ ਹਾਮੀ ਹੈ। ਇਹ ਉਹੀ ਤਰੀਕਾ ਹੈ ਜਿਸ ਨੇ ਲਾਤੀਨੀ ਅਮਰੀਕਾ ਨੂੰ 90ਵਿਆਂ ਦੇ ਦਹਾਕੇ ਵਿੱਚ ਨਵਉਦਾਰਵਾਦੀ ਦੁਰਗਤ ਦੀ ਪ੍ਰਯੋਗਸ਼ਾਲਾ ਬਣਾਇਆ। ਇਹ ਮਚਾਦੋ ਉਹੀ ਹੈ, ਜਿਸ ਨੇ 2014 ਵਿੱਚ ਗੁਰੀਲਾ ਰਣਨੀਤੀਆਂ ਵਾਲੇ ਪ੍ਰਦਰਸ਼ਨਾਂ ਨੂੰ ਹਵਾ ਦਿੱਤੀ, ਜਿਸ ਦੌਰਾਨ ਰਾਹ ਜਲਦੇ ਕਚਰੇ ਤੇ ਕੰਡਿਆਲੀਆਂ ਤਾਰਾਂ ਨਾਲ ਬੰਦ ਕੀਤੇ ਗਏ ਮਜ਼ਦੂਰਾਂ ਦੀਆਂ ਬੱਸਾਂ ਸਾੜੀਆਂ ਗਈਆਂ ਅਤੇ ਐਂਬੂਲੈਂਸਾਂ ਤੇ ਡਾਕਟਰਾਂ 'ਤੇ ਹਮਲੇ ਕੀਤੇ ਗਏ। ਮਦਦ ਲਈ ਆਏ ਕਿਊਬੀਆਈ ਮੈਡੀਕਲ ਬ੍ਰਿਗੇਡਾਂ ਨੂੰ ਲੱਗਭੱਗ ਜ਼ਿੰਦਾ ਜਲਾਇਆ ਗਿਆ। ਜਨਤਕ ਜਾਇਦਾਦਾਂ, ਖ਼ੁਰਾਕੀ ਟਰੱਕਾਂ ਤੇ ਸਕੂਲਾਂ ਨੂੰ ਨਸ਼ਟ ਕੀਤਾ ਗਿਆ। ਮਚਾਦੋ ਨੇ ਇਸ ਨੂੰ 'ਪ੍ਰੋਟੈੱਸਟ' ਦੱਸਿਆ।*

*ਸਟੀਲ ਬਾਦਸ਼ਾਹ ਦੀ ਧੀ ਮਚਾਦੋ ਨੇ 2002 ਵਿੱਚ ਵੀ ਤਖਤਾ ਪਲਟ ਦੀ ਅਗਵਾਈ ਕੀਤੀ ਸੀ, ਜਿਸ ਨੇ ਕੁਝ ਸਮੇਂ ਲਈ ਲੋਕਤੰਤਰੀ ਢੰਗ ਨਾਲ ਚੁਣੇ ਰਾਸ਼ਟਰਪਤੀ ਨੂੰ ਕੁਝ ਸਮੇਂ ਲਈ ਲਾਂਭੇ ਕਰ ਦਿੱਤਾ ਸੀ। ਇਸ ਦੌਰਾਨ ਸੰਵਿਧਾਨ ਖਤਮ ਕਰਕੇ ਹਰ ਜਨਤਕ ਸੰਸਥਾ ਨੂੰ ਰਾਤੋ-ਰਾਤ ਭੰਗ ਕਰ ਦਿੱਤਾ ਗਿਆ ਸੀ। ਮਚਾਦੋ ਨੇ ਦੂਜੀ ਵਾਰ ਅਮਰੀਕੀ ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਦੀਆਂ ਹਮਲੇ ਦੀਆਂ ਧਮਕੀਆਂ ਤੇ ਵੈਨਜ਼ੁਏਲਾ ਕੋਲ ਨੇਵੀ ਦੀ ਤਾਇਨਾਤੀ ਦਾ ਸਵਾਗਤ ਕੀਤਾ, ਜਿਹੜਾ 'ਨਾਰਕੋ ਸਮਗਲਿੰਗ ਉੱਤੇ ਰੋਕ' ਦੀ ਆੜ ਵਿੱਚ ਜੰਗ ਭੜਕਾਅ ਸਕਣ ਵਾਲਾ ਸ਼ਕਤੀ ਪ੍ਰਦਰਸ਼ਨ ਸੀ। ਟਰੰਪ ਨੇ ਵੈਨਜ਼ੁਏਲਾ ਵੱਲ ਜੰਗੀ ਬੇੜੇ ਭੇਜੇ ਤੇ ਉਸ ਦੀਆਂ ਸੰਪਤੀਆਂ ਫਰੀਜ਼ ਕਰ ਦਿੱਤੀਆਂ ਤਾਂ ਮਚਾਦੋ ਨੇ ਸਵਾਗਤ ਕੀਤਾ। ਇਹ ਜਾਣਦਿਆਂ ਹੋਇਆਂ ਕਿ ਅਮਰੀਕੀ ਪਾਬੰਦੀਆਂ ਨਾਲ ਅਰਥਵਿਵਸਥਾ ਦਾ ਗਲਾ ਘੁਟੇਗਾ ਅਤੇ ਉਸ ਦੀ ਕੀਮਤ ਦੇਸ਼ ਦੇ ਗਰੀਬ, ਬਿਮਾਰ ਤੇ ਮਿਹਨਤਕਸ਼ ਲੋਕ ਚੁਕਾਉਣਗੇ। ਉਸ ਨੇ ਸੋਸ਼ਲਿਸਟ ਰਾਸ਼ਟਰਪਤੀ ਨਿਕੋਲਸ ਮਦੂਰੋ ਦੀ ਸਰਕਾਰ ਉਲਟਾਉਣ ਲਈ ਗਾਜ਼ਾ ਵਿੱਚ ਫਲਸਤੀਨੀਆਂ ਦਾ ਨਸਲਘਾਤ ਕਰਨ ਵਾਲੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਅਪੀਲ ਕੀਤੀ ਸੀ ਕਿ ਵੈਨਜ਼ੁਏਲਾ ਨੂੰ 'ਆਜ਼ਾਦ' ਕਰਾਉਣ ਵਿੱਚ ਮਦਦ ਕਰੇ। ਉਸ ਨੇ ਯੋਰੋਸ਼ਲਮ ਵਿੱਚ ਵੈਨਜ਼ੁਏਲਾ ਦਾ ਦੂਤਘਰ ਮੁੜ ਖੋਲ੍ਹਣ ਦਾ ਵੀ ਵਾਅਦਾ ਕੀਤਾ। ਇਸ ਤਰ੍ਹਾਂ ਉਸ ਨੇ ਖੁਦ ਨੂੰ ਇੱਕ ਅਜਿਹੇ ਨਸਲਵਾਦੀ ਰਾਸ਼ਟਰ ਨਾਲ ਦਰਸਾਇਆ, ਜਿਸ ਨੇ ਗਾਜ਼ਾ ਦੇ ਹਸਪਤਾਲਾਂ 'ਤੇ ਬੰਬਾਰੀ ਕੀਤੀ ਅਤੇ ਇਸ ਨੂੰ ਸਵੈਰੱਖਿਆ ਦੱਸਿਆ।*

*ਮਚਾਦੋ ਅਮਨ ਜਾਂ ਪ੍ਰਗਤੀ ਦਾ ਪ੍ਰਤੀਕ ਨਹੀਂ ਹੈ। ਉਹ ਫਾਸ਼ੀਵਾਦ, ਜ਼ਾਇਨਵਾਦ ਤੇ ਨਵਉਦਾਰਵਾਦ ਦੇ ਵਿਸ਼ਵੀ ਗੱਠਜੋੜ ਦਾ ਹਿੱਸਾ ਹੈ, ਇੱਕ ਅਜਿਹੀ ਧੁਰੀ, ਜਿਹੜੀ ਲੋਕਤੰਤਰ ਤੇ ਅਮਨ ਦੀ ਭਾਸ਼ਾ ਦੀ ਓਟ ਵਿੱਚ ਦਬਦਬੇ ਨੂੰ ਸਹੀ ਠਹਿਰਾਉਂਦੀ ਹੈ। ਵੈਨਜ਼ੁਏਲਾ ਵਿੱਚ ਇਸ ਦਾ ਮਤਲਬ ਤਖਤਾ ਪਲਟ, ਰੋਕਾਂ ਤੇ ਨਿੱਜੀਕਰਨ ਹੈ। ਨੋਬੇਲ ਅਮਨ ਪੁਰਸਕਾਰ ਹੈਨਰੀ ਕਸਿੰਜਰ ਨੂੰ ਵੀ ਦਿੱਤਾ ਜਾ ਚੁੱਕਾ ਹੈ। ਐਤਕੀਂ ਮਚਾਦੋ ਨੂੰ ਦੇਣਾ ਵੀ ਗੈਰਮਾਮੂਲੀ ਨਹੀਂ ਲੱਗਦਾ। ਸ਼ਾਇਦ ਅਗਲੇ ਸਾਲ ਉਸ ਨੂੰ ਦੇ ਦਿੱਤਾ ਜਾਵੇ, ਜਿਹੜਾ ਗਾਜ਼ਾ ਵਿੱਚ ਫਲਸਤੀਨੀਆਂ ਦਾ ਨਸਲਘਾਤ ਹੁੰਦਾ ਦੇਖਦਾ ਰਿਹਾ ਤੇ ਫਿਰ 'ਜੰਗਬੰਦੀ' ਕਰਾਉਣ ਲਈ ਮੈਦਾਨ ਵਿੱਚ ਆ ਗਿਆ।*

**—ਚੰਦ ਫਤਿਹਪੁਰੀ**

## ਬਹਾਦਰਾਂ ਦੀ ਬਹਾਦਰੀ

*ਕਈ ਵਾਰੇ ਇਤਿਹਾਸ ਨੇ 'ਦੇਖਿਆ' ਹੈ,*
*ਖ਼ੂਨੀ ਬਾਜ ਵੀ ਚਿੜੀਆਂ ਤੋਂ ਮਾਰ ਹੁੰਦੇ।*
*ਮੂੰਹ ਭੰਨਣ ਲਈ 'ਆਫ਼ਰੇ' ਹਾਕਮਾਂ ਦੇ,*
*ਨੌਜਵਾਨ ਹੀ ਆਖਰ ਨੂੰ ਤਿਆਰ ਹੁੰਦੇ।*
*ਦੁਖੀਏ ਲੋਕ ਜਦ 'ਲੋਹੇ ਦੀ ਲੱਠ' ਬਣਦੇ,*
*ਛੱਡ ਕੇ ਮੁਲਕ ਫਿਰ ਰਾਜੇ 'ਫਰਾਰ' ਹੁੰਦੇ।*
*ਜਿਨ੍ਹਾਂ ਤਾਈਂ 'ਰਸੋਈਏ' ਹੀ ਸਮਝਦੇ ਸੀ,*
*ਜਾਂ ਫਿਰ ਜਾਣੀਏਂ ਕਿ 'ਚੌਕੀਦਾਰ' ਹੁੰਦੇ।*
*ਨਾਵਾਂ ਵਿੱਚ 'ਬਹਾਦਰ' ਨਹੀਂ ਸ਼ਬਦ ਐਵੇਂ,*
*ਨਹੀਂ ਬਹਾਦਰੀ ਖਾਮ-ਖਿਆਲੀਆਂ ਨੇ।*
*'ਸਿੱਧੇ' ਕਿਸ ਤਰ੍ਹਾਂ ਕਰੀ ਦਾ ਰਾਜਿਆਂ ਨੂੰ,*
*ਦਿੱਤਾ ਦੁਨੀਆਂ ਨੂੰ ਦੱਸ ਨਿਪਾਲੀਆਂ ਨੇ।*

*-ਤਰਲੋਚਨ ਸਿੰਘ ਦੁਪਾਲਪੁਰ, 78146-92724*

# ਗਾਜ਼ਾ 'ਚ ਨਸਲਕੁਸ਼ੀ



ਡਾ. ਅਰੁਣ ਮਿੱਤਰਾ

ਇਜ਼ਰਾਇਲ ਅਤੇ ਹਮਾਸ ਵਿਚਾਲੇ ਹੋਇਆ ਸਮਝੌਤਾ ਇੱਕ ਉਮੀਦ ਦੀ ਕਿਰਨ ਵਾਂਗ ਆਇਆ ਹੈ ਕਿ ਲਗਭਗ ਦੋ ਸਾਲਾਂ ਤੋਂ ਜਾਰੀ ਇਜ਼ਰਾਇਲੀ ਫੌਜ ਵੱਲੋਂ ਫ਼ਲਸਤੀਨੀ ਬੱਚਿਆਂ ਅਤੇ ਔਰਤਾਂ 'ਤੇ ਜੋ ਕਤਲੇਆਮ ਹੋ ਰਹੇ ਸਨ, ਉਹ ਸ਼ਾਇਦ ਹੁਣ ਰੁਕ ਜਾਣ। ਹਾਲਾਂਕਿ ਅਜੇ ਵੀ ਇਹ ਖ਼ਬਰਾਂ ਆ ਰਹੀਆਂ ਹਨ ਕਿ ਸਮਝੌਤੇ ਤੋਂ ਬਾਅਦ ਵੀ ਇਜ਼ਰਾਇਲ ਨੇ ਬੰਬਾਰੀ ਬੰਦ ਨਹੀਂ ਕੀਤੀ। ਫਿਰ ਵੀ ਉਮੀਦ ਕੀਤੀ ਜਾ ਸਕਦੀ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਇਹ ਹਮਲੇ ਰੁਕ ਜਾਣ, ਪਰ ਇਸ ਕਤਲੇਆਮ ਨੇ ਕਈ ਡੂੰਘੀਆਂ ਹਕੀਕਤਾਂ ਨੂੰ ਬੇਨਕਾਬ ਕਰ ਦਿੱਤਾ ਹੈ।

7 ਅਕਤੂਬਰ 2023 ਨੂੰ ਜਦੋਂ ਹਮਾਸ ਨੇ ਇਜ਼ਰਾਇਲ ਦੇ ਅੰਦਰ ਦਾਖ਼ਲ ਹੋ ਕੇ ਹਮਲਾ ਕੀਤਾ, ਜਿਸ ਵਿੱਚ ਕਈ ਬੇਗੁਨਾਹ ਲੋਕ ਮਾਰੇ ਗਏ ਅਤੇ ਲਗਭਗ 250 ਲੋਕਾਂ ਨੂੰ ਬੰਦੀ ਬਣਾ ਲਿਆ ਗਿਆ, ਤਾਂ ਇਸ ਨਾਲ ਇਜ਼ਰਾਇਲ ਦੇ ਇਸ ਦਾਅਵੇ ਨੂੰ ਝੂਠਾ ਸਾਬਤ ਕਰ ਦਿੱਤਾ ਗਿਆ ਕਿ ਉਸ ਦੀ ਸੁਰੱਖਿਆ ਪ੍ਰਣਾਲੀ ਅਭੇਦ ਹੈ। ਦੁਨੀਆ ਭਰ ਵਿੱਚ ਹਮਾਸ ਦੇ ਇਸ ਹਮਲੇ ਦੀ ਨਿੰਦਾ ਹੋਈ, ਕਿਉਂਕਿ ਬੇਗੁਨਾਹ ਲੋਕਾਂ ਦੀ ਹੱਤਿਆ ਕੀਤੀ ਗਈ ਸੀ ਅਤੇ ਉਨ੍ਹਾਂ ਨੂੰ ਕੈਦ ਕੀਤਾ ਗਿਆ ਸੀ, ਪਰ ਜਿਸ ਤਰ੍ਹਾਂ ਇਜ਼ਰਾਇਲ ਨੇ ਗਾਜ਼ਾ ਵਿੱਚ ਬਦਲੇ ਲਈ ਜਵਾਬ ਦਿੱਤਾ, ਉਹ ਇਕ ਵਿਸ਼ਾਲ ਕਤਲੇਆਮ ਸੀ, ਜੋ ਮਨੁੱਖਤਾ ਅਤੇ ਸਾਰੇ ਅੰਤਰਰਾਸ਼ਟਰੀ ਕਾਨੂੰਨਾਂ ਦਾ ਖੁੱਲ੍ਹਾ ਉਲੰਘਨ ਸੀ।

ਕਈ ਲੋਕਾਂ ਨੇ ਇਜ਼ਰਾਇਲ ਦੀ ਇਸ ਨਿਰਦਈ ਕਾਰਵਾਈ ਨੂੰ ਇਹ ਕਹਿ ਕੇ ਠੀਕ ਠਹਿਰਾਉਣ ਦੀ ਕੋਸ਼ਿਸ਼ ਕੀਤੀ ਕਿ ਹਮਾਸ ਦਾ ਹਮਲਾ ਗਲਤ ਸੀ ਅਤੇ ਉਸੇ ਨੇ ਇਜ਼ਰਾਇਲ ਨੂੰ ਉਕਸਾਇਆ, ਪਰ ਇਹ ਸਮਝਣਾ ਜ਼ਰੂਰੀ ਹੈ ਕਿ ਇਜ਼ਰਾਇਲ ਦੇ ਇਸ ਖੇਤਰ ਵਿੱਚ ਪਹਿਲਾਂ ਤੋਂ ਹੀ ਖਤਰਨਾਕ ਮਨਸੂਬੇ ਸਨ, ਇਹ ਘਟਨਾ ਸਿਰਫ਼ ਇੱਕ ਬਹਾਨਾ ਬਣੀ, ਜਿਵੇਂ ਕਿ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਐਂਟੋਨਿਓ ਗੁਟੇਰੇਸ ਨੇ ਕਿਹਾ ਸੀ-ਹਮਾਸ ਦਾ ਹਮਲਾ ਖਾਲੀ ਹਵਾ ਵਿੱਚੋਂ ਨਹੀਂ ਹੋਇਆ, ਇਹ ਸਾਲਾਂ ਤੋਂ ਚੱਲ ਰਹੇ ਜ਼ੁਲਮ ਅਤੇ ਨਾਇਨਸਾਫ਼ੀ ਦਾ ਨਤੀਜਾ ਸੀ। ਰਿਪੋਰਟਾਂ ਅਨੁਸਾਰ ਇਜ਼ਰਾਇਲ ਨੇ ਆਪ ਹੀ ਹਮਾਸ ਨੂੰ ਅਪਰੋਕਸ਼ ਤੌਰ 'ਤੇ ਪ੍ਰੋਤਸਾਹਿਤ ਕੀਤਾ, ਇੱਥੋਂ ਤੱਕ ਕਿ ਉਸ ਨੂੰ ਆਰਥਿਕ ਮਦਦ ਵੀ ਦਿੱਤੀ ਤਾਂ ਜੋ ਫਲਸਤੀਨ ਦੀ ਆਜ਼ਾਦੀ ਲਈ ਸੰਘਰਸ਼ ਕਰ ਰਹੀ ਜਥੇਬੰਦੀ PLO ਵੱਲੋਂ ਚਲਾਈ ਜਾ ਰਹੀ ਫ਼ਲਸਤੀਨ ਦੀ ਸ਼ਾਂਤਮਈ ਮੁਕਤੀ ਦੇ ਸੰਘਰਸ਼ ਨੂੰ ਕਮਜ਼ੋਰ ਕੀਤਾ ਜਾ ਸਕੇ, ਕਿਉਂਕਿ ਹਮਾਸ ਦੀ ਹਿੰਸਕ ਨੀਤੀ ਨੂੰ ਅੰਤਰਰਾਸ਼ਟਰੀ ਸਮਰਥਨ ਨਹੀਂ ਮਿਲ ਸਕਦਾ ਸੀ, ਇਸ ਦਾ ਲਾਭ ਇਜ਼ਰਾਇਲ ਨੂੰ ਮਿਲਿਆ।

ਇਜ਼ਰਾਇਲ ਦੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹਨਾ ਦਾ ਨਿਸ਼ਾਨਾ ਹਮਾਸ ਨੂੰ ਖ਼ਤਮ ਕਰਨਾ ਹੈ, ਪਰ ਜੰਗ ਸਿਰਫ਼ ਹਮਾਸ ਤੱਕ ਸੀਮਤ ਨਹੀਂ ਰਹੀ। ਇੱਕ ਪਾਸੇ ਬੱਚੇ ਅਤੇ ਔਰਤਾਂ ਸਨ, ਦੂਜੇ ਪਾਸੇ ਆਧੁਨਿਕ ਹਥਿਆਰਾਂ ਨਾਲ ਲੈਸ ਇਜ਼ਰਾਇਲੀ ਸਿਪਾਹੀ। ਭੁੱਖ ਅਤੇ ਪਿਆਸ ਨਾਲ ਤੜਫ਼ਦੇ ਬੱਚਿਆਂ ਨੂੰ ਪਾਣੀ ਲੈਣ ਜਾਣ 'ਤੇ ਵੀ ਗੋਲੀਆਂ ਨਾਲ ਮਾਰ ਦਿੱਤਾ ਗਿਆ। ਰਿਪੋਰਟਾਂ ਅਨੁਸਾਰ 65,000 ਤੋਂ ਵੱਧ ਲੋਕ ਮਾਰੇ ਗਏ, ਜਿਨ੍ਹਾਂ ਵਿੱਚੋਂ 60 ਫੀਸਦੀ ਔਰਤਾਂ ਅਤੇ ਬੱਚੇ ਸਨ। ਮਸ਼ਹੂਰ ਮੈਡੀਕਲ ਜਰਨਲ 'ਦ ਲੈਂਸੇਟ' ਮੁਤਾਬਕ, ਜੇ ਮਲਬੇ ਹੇਠ ਦਬੇ ਲੋਕਾਂ ਨੂੰ ਵੀ ਗਿਣਿਆ ਜਾਵੇ, ਤਾਂ ਮੌਤਾਂ ਦੀ ਗਿਣਤੀ 1 ਲੱਖ ਤੋਂ ਵੱਧ ਹੋ ਸਕਦੀ ਹੈ।

ਇਸ ਦੌਰਾਨ ਇਜ਼ਰਾਇਲ ਦੀ ਵਿਸਥਾਰਵਾਦੀ ਲਾਲਸਾ ਹੋਰ ਸਪੱਸ਼ਟ ਹੋ ਗਈ। ਉਸ ਨੇ ਸਿਰਫ਼ ਸੀਰੀਆ, ਲੈਬਨਾਨ, ਈਰਾਨ ਅਤੇ ਯਮਨ 'ਤੇ ਹੀ ਹਮਲੇ ਨਹੀਂ ਕੀਤੇ, ਸਗੋਂ ਵੈਸਟ ਬੈਂਕ ਵਿੱਚ ਗੈਰਕਾਨੂੰਨੀ ਬਸਤੀਆਂ ਦਾ ਵੀ ਵਿਸਥਾਰ ਕੀਤਾ। ਫ਼ਲਸਤੀਨੀਆਂ ਨੂੰ ਆਪਣੇ ਘਰਾਂ ਤੋਂ ਕੱਢ ਕੇ ਉਨ੍ਹਾਂ ਦੇ ਖੇਤਰਾਂ ਨੂੰ ਵੱਖ-ਵੱਖ ਟੁਕੜਿਆਂ ਵਿੱਚ ਵੰਡ ਦਿੱਤਾ। ਹੁਣ ਇੱਕ ਖੇਤਰ ਤੋਂ ਦੂਜੇ ਖੇਤਰ ਜਾਣ ਲਈ ਫ਼ਲਸਤੀਨੀਆਂ ਨੂੰ ਇਜ਼ਰਾਇਲੀ ਚੌਕੀਆਂ ਤੋਂ ਲੰਘਣਾ ਪੈਂਦਾ ਹੈ, ਜਿਸ ਨਾਲ ਉਨ੍ਹਾਂ ਨੂੰ ਬਹੁਤ ਮੁਸ਼ਕਲ ਹੋ ਗਈ ਹੈ।

ਹੁਣ ਇਹ ਸਾਫ਼ ਹੈ ਕਿ ਅਮਰੀਕੀ ਸਾਮਰਾਜਵਾਦ ਦਾ ਅਸਲੀ ਮਕਸਦ ਫ਼ਲਸਤੀਨ ਨੂੰ ਪੂਰੀ ਤਰ੍ਹਾਂ ਮਿਟਾ ਕੇ ਗਾਜ਼ਾ ਨੂੰ ਇੱਕ ਆਧੁਨਿਕ ਸੈਰ-ਸਪਾਟੇ ਵਾਲੀ ਜਗ੍ਹਾ, ਵਪਾਰਕ ਅਤੇ ਰਣਨੀਤਕ ਕੇਂਦਰ ਵਜੋਂ ਦੁਬਾਰਾ ਤਿਆਰ ਕਰਨਾ ਹੈ। ਵੱਡੀਆਂ ਬਹੁਰਾਸ਼ਟਰੀ ਕੰਪਨੀਆਂ ਅਤੇ ਨਿਰਮਾਣ ਲੌਬੀਆਂ ਪਹਿਲਾਂ ਹੀ ਗਾਜ਼ਾ ਦੇ ਪੁਨਰ-ਨਿਰਮਾਣ ਤੋਂ ਲਾਭ ਕਮਾਉਣ ਦੀਆਂ ਯੋਜਨਾਵਾਂ ਬਣਾ ਰਹੀਆਂ ਹਨ।

ਸੰਯੁਕਤ ਰਾਜ ਅਮਰੀਕਾ ਨੇ ਇਜ਼ਰਾਇਲ ਦੀ ਸੈਨਿਕ ਤਾਕਤ ਨੂੰ ਕਾਇਮ ਰੱਖਣ ਅਤੇ ਵਧਾਉਣ ਵਿੱਚ ਕੇਂਦਰੀ ਭੂਮਿਕਾ ਨਿਭਾਈ ਹੈ। ਉਸ ਨੇ ਲਗਾਤਾਰ ਉੱਚ-ਤਕਨੀਕੀ ਹਥਿਆਰ ਅਤੇ ਬੰਬ ਇਜ਼ਰਾਇਲ ਨੂੰ ਦਿੱਤੇ, ਜਿਨ੍ਹਾਂ ਨਾਲ ਗਾਜ਼ਾ 'ਤੇ ਹਮਲੇ ਕੀਤੇ ਗਏ। ਇੱਥੋਂ ਤੱਕ ਕਿ ਜਦੋਂ ਇਜ਼ਰਾਇਲ ਨੂੰ ਈਰਾਨ ਨਾਲ ਜੰਗ ਵਿੱਚ ਮੁਸ਼ਕਲਾਂ ਆਈਆਂ, ਤਦ ਵੀ ਅਮਰੀਕਾ ਨੇ ਖੁਫੀਆ ਅਤੇ ਰਣਨੀਤਕ ਮਦਦ ਦਿੱਤੀ। ਕਤਰ ਵਿੱਚ ਮੌਜੂਦ ਹਮਾਸ ਨੇਤਾਵਾਂ ਦੀ ਹੱਤਿਆ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ। ਪੱਛਮੀ ਦੇਸ਼ਾਂ ਨੇ ਆਮ ਲੋਕਾਂ ਦੇ ਵਿਰੋਧ ਪ੍ਰਦਰਸ਼ਨਾਂ ਦੇ ਬਾਵਜੂਦ ਇਸ ਪੂਰੇ ਕਤਲੇਆਮ ਦੌਰਾਨ ਇਜ਼ਰਾਇਲ ਦਾ ਸਾਥ ਦਿੱਤਾ।

1940 ਦੇ ਦਹਾਕੇ ਵਿੱਚ ਜਦੋਂ ਜਰਮਨੀ ਵੱਲੋਂ ਯਹੂਦੀਆਂ ਦਾ ਕਤਲੇਆਮ ਹੋ ਰਿਹਾ ਸੀ, ਤਾਂ ਦੁਨੀਆ ਨੂੰ ਇਸ ਬਾਰੇ ਪੂਰੀ ਜਾਣਕਾਰੀ ਨਹੀਂ ਸੀ, ਪਰ ਅੱਜ ਪੂਰੀ ਦੁਨੀਆ ਨੇ ਬੱਚਿਆਂ ਦੀਆਂ ਹੱਤਿਆਵਾਂ ਅਤੇ ਭੁੱਖ-ਪਿਆਸ ਨਾਲ ਮਰ ਰਹੇ ਲੋਕਾਂ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ, ਫਿਰ ਵੀ ਚੁੱਪ ਰਹੀ। ਫ਼ਲਸਤੀਨੀਆਂ ਨੂੰ ਉਮੀਦ ਸੀ ਕਿ ਹੋਰ ਦੇਸ਼ ਉਨ੍ਹਾਂ ਦੇ ਨਾਲ ਖੜ੍ਹੇ ਹੋਣਗੇ, ਪਰ ਕਿਸੇ ਵੀ ਅਰਬ ਦੇਸ਼ ਨੇ ਖੁੱਲ੍ਹ ਕੇ ਸਮਰਥਨ ਨਹੀਂ ਕੀਤਾ। ਇਨ੍ਹਾਂ ਦੇਸ਼ਾਂ ਵਿੱਚ ਜ਼ਿਆਦਾਤਰ ਰਾਜਤੰਤਰ ਹਨ, ਜਿੱਥੇ ਲੋਕਤੰਤਰ ਦਾ ਕੋਈ ਅਸਰ ਨਹੀਂ, ਅਤੇ ਸ਼ਾਸਕ ਆਪਣੇ ਨਾਗਰਿਕਾਂ ਦੀਆਂ ਭਾਵਨਾਵਾਂ ਨਾਲੋਂ ਅਮਰੀਕਾ ਨਾਲ ਸਬੰਧਾਂ ਨੂੰ ਵੱਧ ਤਰਜੀਹ ਦਿੰਦੇ ਹਨ।

ਇਸ ਦਰਮਿਆਨ ਕੰਪਨੀਆਂ ਨੇ ਇਸ ਕਤਲੇਆਮ ਤੋਂ ਭਾਰੀ ਮੁਨਾਫ਼ਾ ਕਮਾਇਆ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਵਿੱਚ ਖੁਲਾਸਾ ਹੋਇਆ ਕਿ ਕਈ ਕੰਪਨੀਆਂ ਨੇ ਇਜ਼ਰਾਇਲ ਨੂੰ ਹਥਿਆਰ, ਡਰੋਨ ਅਤੇ ਨਿਗਰਾਨੀ ਉਪਕਰਣ ਮੁਹੱਈਆ ਕਰਵਾਏ, ਜਿਸ ਨਾਲ ਉਸ ਦੀ ਸੈਨਿਕ ਤਾਕਤ ਹੋਰ ਵਧੀ ਅਤੇ ਕਤਲੇਆਮ ਲੰਮਾ ਖਿੱਚ ਗਿਆ। ਭਾਰਤ ਸਰਕਾਰ ਨੇ ਵੀ ਖੁੱਲ੍ਹ ਕੇ ਇਜ਼ਰਾਇਲ ਦਾ ਸਾਥ ਦਿੱਤਾ ਅਤੇ ਆਪਣੀ ਪੁਰਾਣੀ ਫ਼ਲਸਤੀਨ-ਸਮਰਥਕ ਨੀਤੀ ਛੱਡ ਦਿੱਤੀ। ਕਈ ਭਾਰਤੀ ਕੰਪਨੀਆਂ ਇਜ਼ਰਾਇਲ ਨੂੰ ਮਾਲ ਸਪਲਾਈ ਕਰਦੀਆਂ ਰਹੀਆਂ ਅਤੇ ਭਾਰਤ ਨੇ ਉੱਥੇ ਮਜ਼ਦੂਰ ਭੇਜੇ ਉਸ ਵੇਲੇ, ਜਦੋਂ ਫ਼ਲਸਤੀਨੀਆਂ ਨੂੰ ਨੌਕਰੀਆਂ ਤੋਂ ਕੱਢਿਆ ਜਾ ਰਿਹਾ ਸੀ। ਇਸ ਤਰ੍ਹਾਂ ਭਾਰਤੀਆਂ ਦੀ ਜਾਨ ਨੂੰ ਵੀ ਖ਼ਤਰੇ ਵਿੱਚ ਪਾ ਦਿੱਤਾ ਗਿਆ।

ਜਿਵੇਂ ਕਿ ਫਾਸ਼ੀਵਾਦੀ ਰਾਜ ਕਰਦੇ ਹਨ, ਜੋ ਵੀ ਇਜ਼ਰਾਇਲ ਦੇ ਜ਼ੁਲਮਾਂ ਦੀ ਆਲੋਚਨਾ ਕਰਦਾ ਹੈ, ਉਸ ਨੂੰ ਯਹੂਦੀ ਵਿਰੋਧੀ ਕਰਾਰ ਦੇ ਦਿੱਤਾ ਜਾਂਦਾ ਹੈ। ਭਾਰਤ ਵਿੱਚ ਮੁਸਲਮਾਨ ਵਿਰੋਧੀ ਨਫ਼ਰਤ ਫੈਲਾ ਕੇ ਫ਼ਲਸਤੀਨ ਦੇ ਸਮਰਥਨ ਦੀਆਂ ਆਵਾਜ਼ਾਂ ਨੂੰ ਦਬਾਅ ਦਿੱਤਾ ਗਿਆ। ਭਾਰਤ ਦੀ ਇਤਿਹਾਸਕ ਫ਼ਲਸਤੀਨ-ਸਮਰਥਕ ਨੀਤੀ ਅਤੇ ਜਨਤਾ ਦੀ ਏਕਤਾ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ ਗਈ। ਭਾਜਪਾ-ਸ਼ਾਸਤ ਰਾਜਾਂ ਵਿੱਚ ਫ਼ਲਸਤੀਨ ਦੇ ਸਮਰਥਨ ਵਿੱਚ ਨਾ ਸਿਰਫ਼ ਪ੍ਰਦਰਸ਼ਨਾਂ 'ਤੇ ਰੋਕ ਲਾਈ ਗਈ, ਸਗੋਂ ਬੰਦ ਕਮਰਿਆਂ ਵਿੱਚ ਵੀ ਵਿਚਾਰ ਗੋਸ਼ਟੀਆਂ ਕਰਨ 'ਤੇ ਪਾਬੰਦੀਆਂ ਲਾਈਆਂ ਗਈਆਂ। ਦੱਖਣਪੰਥੀ ਹਿੰਦੂ ਸੰਗਠਨਾਂ ਨੂੰ ਐਸੀਆਂ ਮੀਟਿੰਗਾਂ ਤੋੜਨ ਲਈ ਸਰਗਰਮ ਕੀਤਾ ਗਿਆ, ਜਿਸ ਨਾਲ ਇਹ ਸਾਫ਼ ਹੋ ਗਿਆ ਕਿ ਇਜ਼ਰਾਇਲੀ ਜ਼ਾਇਓਨਵਾਦ ਅਤੇ ਭਾਰਤੀ ਹਿੰਦੂਤਵਵਾਦੀ ਵਿਚਾਰਧਾਰਾ ਵਿਚ ਡੂੰਘੀ ਸਾਂਝ ਹੈ।

ਇਹ ਹਾਲਾਤ ਦੁਨੀਆ ਦੀ ਰਾਜਨੀਤੀ ਦੇ ਭਵਿੱਖ 'ਤੇ ਗੰਭੀਰ ਪ੍ਰਸ਼ਨ ਖੜ੍ਹੇ ਕਰਦੇ ਹਨ ਕਿ ਕਿਸ ਤਰ੍ਹਾਂ ਸਾਮਰਾਜਵਾਦੀ ਅਤੇ ਨਵ-ਉਪਨਿਵੇਸ਼ਵਾਦੀ ਤਾਕਤਾਂ ਮੁੜ ਹੋਰ ਦੇਸ਼ਾਂ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ।

**# ਸੰਪਰਕ : 94170-00360**

# ਰੱਸੀਆਂ ਤੋਂ ਕੱਪੜੇ ਉਡਾਣ ਵਾਲੇ ਪ੍ਰੇਤ ਦਾ ਸ.ਫਾਇਆ

**ਮਾਸਟਰ ਪਰਮਵੇਦ**

ਕਈ ਸਾਲ ਪਹਿਲਾਂ ਦੀ ਗੱਲ ਹੈ, ਮੇਰੇ ਸਕੂਲ ਦੇ ਨਾਲ ਲਗਦੇ ਦਫਤਰ ਵਿੱਚ ਕੰਮ ਕਰਦੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਹਰੀ ਸਿੰਘ ਤਰਕ (ਹੁਣ ਮਰਹੂਮ) ਦਾ ਸੁਨੇਹਾ ਮਿਲਿਆ ਕਿ ਮੈਂ ਉਨ੍ਹਾਂ ਨੂੰ ਆ ਕੇ ਮਿਲਾਂ ।ਉਨ੍ਹਾਂ ਦਾ ਸੁਨੇਹਾ ਮਿਲਦਿਆ ਹੀ ਮੈਂ ਉਨ੍ਹਾਂ ਕੋਲ ਪਹੁੰਚਿਆ ।ਉਨ੍ਹਾਂ ਆਪਣੇ ਕੋਲ ਬੈਠੇ ਵਿਅਕਤੀ ਬਾਰੇ ਦੱਸਿਆ ਕਿ ਇਹ ਖਨੌਰੀ ਨੇੜਲੇ ਇੱਕ ਪਿੰਡ ਤੋਂ ਆਇਆ ਹੈ ਤੇ ਤਰਕਸ਼ੀਲਾਂ ਨੂੰ ਮਿਲਣਾ ਚਾਹੁੰਦਾ ਹਾਂ ।ਇਨ੍ਹਾਂ ਦੇ ਘਰ ਕੁਝ ਰਹੱਸਮਈ ਘਟਨਾਵਾਂ ਵਾਪਰ ਰਹੀਆਂ ਹਨ । ਮੈਂ ਵਾਪਰ ਰਹੀਆਂ ਘਟਨਾਵਾਂ ਬਾਰੇ ਜਾਣਕਾਰੀ ਹਾਸਲ ਕੀਤੀ ।ਉਸ ਨੇ ਕਿਹਾ ਕਿ ਕਈ ਦਿਨਾਂ ਤੋਂ ਸਾਡੇ ਘਰ ਭੂਤ-ਪ੍ਰੇਤ ਖੇਡਾਂ ਕਰ ਰਹੇ ਹਨ, ਉਹ ਸਾਡੇ ਜੀਆਂ ਦੀ ਪਿੱਠ ਉਤੇ ਡੰਡੇ ਮਾਰਦੇ ਨੇ ਤੇ ਰੱਸੀ 'ਤੇ ਟੰਗੇ ਕੱਪੜੇ ਸਾਡੀਆਂ ਅੱਖਾਂ ਸਾਹਮਣੇ ਆਪਣੇ ਆਪ ਉੱਡਣ ਲੱਗ ਜਾਂਦੇ ਹਨ।ਸਾਡੀਆਂ ਅੱਖਾਂ ਦੇ ਸਾਹਮਣੇ ਹੀ ਰਸੋਈ ਦੇ ਭਾਂਡੇ ਆਪਣੇ ਆਪ ਸੈਲਫਾਂ ਤੋਂ ਹੇਠਾਂ ਆ ਜਾਂਦੇ ਹਨ ।ਕਈ ਗਹਿਣੇ ਵੀ ਗੁੰਮ ਹੋ ਚੁੱਕੇ ਹਨ ।ਬਹੁਤ ਸਾਰੇ ਸਿਆਣਿਆਂ ਨੂੰ ਬੁਲਾ ਚੁੱਕੇ ਹਾਂ, ਕੋਈ ਕਹਿੰਦਾ ਕਿ ਤੁਹਾਡਾ ਵਡੇਰਾ ਕੁਲਟਿਆ ਹੈ, ਕੋਈ ਕਹਿੰਦਾ ਕਿ ਘਰੇ ਪ੍ਰੇਤ ਆ ਵੜਿਆ ਹੈ। ਕੋਈ ਕੁਝ, ਕੋਈ ਕੁਝ ਆਖਦਾ ਹੈ। ਪ੍ਰੇਤ ਨੂੰ ਕੱਢਣ ਲਈ ਉਨ੍ਹਾਂ ਬਥੇਰੇ ਯਤਨ ਕੀਤੇ, ਪਰ ਪ੍ਰੇਤ ਦੀ ਕਾਰਵਾਈ ਰੁਕ ਨਹੀਂ ਰਹੀ।ਸਾਨੂੰ ਇੱਕ-ਇੱਕ ਦਿਨ ਲੰਘਾਉਣਾ ਪਹਾੜ ਜਿੱਡਾ ਲੱਗ ਰਿਹਾ ਹੈ ।ਮੈਂ ਕਿਹਾ ਕਿ ਕੱਲ੍ਹ ਨੂੰ ਅਸੀਂ ਤੁਹਾਡੇ ਘਰ ਆਵਾਂਗੇ ਅਤੇ ਪ੍ਰੇਤ ਫੜ ਲਿਆਵਾਂਗੇ। ਉਮੀਦ ਕਰਦੇ ਹਾਂ ਸਾਡੇ ਜਾਣ ਮਗਰੋਂ ਤੁਹਾਡੇ ਘਰੇ ਵਾਪਰਨ ਵਾਲੀਆਂ ਰਹੱਸਮਈ ਘਟਨਾਵਾਂ ਬੰਦ ਹੋ ਜਾਣਗੀਆਂ, ਮੈਂ ਉਸ ਨੂੰ ਹੌਂਸਲਾ ਦਿੱਤਾ ਤੇ ਕਿਹਾ , ਸਭ ਠੀਕ ਹੋ ਜਾਵੇਗਾ ।

ਦਿੱਤੇ ਸਮੇਂ ਮੁਤਾਬਕ ਹਰੀ ਸਿੰਘ ਤਰਕ, ਰਾਣਾ ਸਿੰਘ, ਮੇਰੇ ਸਮੇਤ ਤਰਕਸ਼ੀਲ ਟੀਮ ਸਬੰਧਤ ਘਰੇ ਜਾ ਪਹੁੰਚੀ । ਘਰੇ ਸਹਿਮ ਭਰਿਆ ਮਹੌਲ ਸੀ।ਸਵੇਰੇ ਟਰੰਕ ਖੋਲ੍ਹ ਰਹੇ ਬਜ਼ੁਰਗ ਦੀ ਪਿੱਠ ਉੱਤੇ ਡੰਡਾ ਵੀ ਪਿਆ ਸੀ। ਤਰਕਸ਼ੀਲ ਸਾਥੀਆਂ ਨੇ ਬਾਹਰ ਇਕੱਠੇ ਹੋਏ ਲੋਕਾਂ ਨਾਲ ਗੱਲ ਕਰਨੀ ਸ਼ੁਰੂ ਕਰ ਦਿੱਤੀ ।ਮੈਂ, ਇਕੱਲੇ-ਇਕੱਲੇ ਪਰਵਾਰਕ ਮੈਂਬਰਾਂ ਨਾਲ ਗੱਲ ਕਰਨੀ ਸ਼ੁਰੂ ਕੀਤੀ।

ਥੋੜ੍ਹੇ ਸਮੇਂ ਵਿੱਚ ਹੀ ਮੈਂ ਘਟਨਾਵਾਂ ਕਰਨ ਵਾਲੇ ਵਿਅਕਤੀ ਦੀ ਸ਼ਨਾਖਤ ਕਰ ਲਈ।ਜਦੋਂ ਪ੍ਰਵਾਰ ਦੇ ਇਕੱਲੇ-ਇਕੱਲੇ ਮੈਂਬਰ ਤੋਂ ਘਟਨਾਵਾਂ ਬਾਰੇ ਪੁੱਛਿਆ ਤਾਂ ਇਕ ਤੋਂ ਬਿਨਾਂ ਸਾਰਿਆਂ ਨੇ ਕਿਹਾ-ਕੱਪੜੇ ਤੇ ਭਾਂਡੇ ਡਿੱਗੇ ਦੇਖੇ ਨੇ, ਸਾਡੀਆਂ ਅੱਖਾਂ ਸਾਹਮਣੇ ਆਪਣੇ -ਆਪ ਡਿੱਗਦੇ ਨਹੀਂ ਦੇਖੇ ।ਇੱਕ ਨੇ ਹੀ ਕਿਹਾ-ਕੱਪੜੇ ਮੈਂ ਆਪਣੀਆਂ ਅੱਖਾਂ ਸਾਹਮਣੇ ਉੱਡਦੇ ਤੇ ਭਾਂਡੇ ਅੱਖਾਂ ਸਾਹਮਣੇ ਸੈਲਫਾਂ ਤੋਂ ਥੱਲੇ ਡਿੱਗਦੇ ਦੇਖੇ ਹਨ । ਮੈਂ ਉਸ ਨੂੰ ਕਿਹਾ-ਸਵੇਰੇ ਤੇਰੇ ਹੱਥ ਵਿੱਚ ਡੰਡਾ ਸੀ ।ਉਸ ਨੇ ਕਿਹਾ-ਉਹ ਤਾਂ ਪਸ਼ੂਆਂ ਨੂੰ ਪਾਣੀ ਪਿਲਾਉਣ ਸਮੇਂ ਸੀ। ਮੈਂ ਦੁਬਾਰਾ ਪੁੱਛਿਆ-ਕੱਪੜੇ ਤੈਨੂੰ ਆਪਣੇ ਆਪ ਉੱਡਦੇ ਦਿਖਦੇ ਨੇ? ਉਸ ਨੇ ਕਿਹਾ-ਹਾਂ ਜੀ, ਮੇਰੀਆਂ ਅੱਖਾਂ ਸਾਹਮਣੇ ਆਪਣੇ-ਆਪ ਉੱਡਦੇ ਦਿੱਸਦੇ ਨੇ।ਮੇਰੀ ਪਰਖ ਪੱਕੀ ਹੋ ਗਈ।ਮੈਂ ਅਗਲਾ ਸਵਾਲ ਕੀਤਾ, ਤੂੰ ਇਹ ਕਿਉਂ ਕਰਦੀ ਐਂ?

ਸਾਨੂੰ ਪਤਾ ਹੈ ਕਿ ਭੂਤ-ਪ੍ਰੇਤ ਨਾਂਅ ਦੀ ਕੋਈ ਚੀਜ਼ ਨਹੀਂ ਹੁੰਦੀ ।ਇਹ ਸੁਣ ਕੇ ਉਹ ਇੱਕਦਮ ਘਬਰਾ ਗਈ, ਠਠੰਬਰ ਗਈ ।ਮੈਂ ਉਸ ਨੂੰ ਹੌਂਸਲਾ ਦਿੰਦੇ ਹੋਏ ਕਿਹਾ-ਘਬਰਾਉਣ ਦੀ ਲੋੜ ਨਹੀਂ, ਇਹ ਜੋ ਕੁਝ ਵੀ ਹੋ ਰਿਹਾ ਹੈ, ਇਹ ਸਭ ਕੁਝ ਤੇਰੇ ਰਾਹੀਂ ਚਾਹੇ-ਅਣਚਾਹੇ, ਜਾਣੇ-ਅਣਜਾਣੇ ਹੋ ਰਿਹਾ ਹੈ।ਜੇ ਤੂੰ ਸੱਚ ਦੱਸ ਦੇਵੇਂਗੀ ਤਾਂ ਤੇਰਾ ਨਾਂਅ ਨਹੀਂ ਲਿਆ ਜਾਵੇਗਾ । ਸਾਨੂੰ ਪਤਾ ਹੈ ਤੂੰ ਕਿਸੇ ਸਮੱਸਿਆ/ਪ੍ਰੇਸ਼ਾਨੀ/ਨਰਾਜ਼ਗੀ ਕਰਕੇ ਇਹ ਕਰ ਰਹੀਂ ਹੈਂ।

ਸਾਰੀਆਂ ਘਟਨਾਵਾਂ ਕਰਨ ਦੀ ਗੱਲ ਮੰਨਦੇ ਹੋਏ ਉਸ ਨੇ ਕਿਹਾ-ਸਾਰਾ ਗੋਹਾ-ਕੂੜਾ ਮੈਂ ਕਰਦੀ ਹਾਂ, ਸਾਰੇ ਦੁਧਾਰੂ ਪਸ਼ੂਆਂ ਦੀ ਧਾਰ ਮੈਂ ਕਢਦੀ ਹਾਂ, ਵੱਡੀ ਕੁਝ ਨਹੀਂ ਕਰਦੀ ।ਖੇਤਾਂ ਵਿੱਚ ਮੇਰਾ ਘਰਵਾਲਾ ਮਿੱਟੀ ਨਾਲ ਮਿੱਟੀ ਹੁੰਦਾ ਹੈ, ਪਰ ਸਾਡੀ ਘਰ ਵਿੱਚ ਕੋਈ ਪੁੱਛ ਨਹੀਂ ।ਮੇਰੀ ਸੱਸ ਆਏ ਸਾਲ ਸਾਰੀ ਕਮਾਈ ਆਪਣੀਆਂ ਕੁੜੀਆਂ ਨੂੰ ਲੁਟਾਈ ਜਾਂਦੀ ਹੈ, ਆਏ ਸਾਲ ਸੋਨੇ ਦੇ ਗਹਿਣੇ ਸਿਰਫ ਉਨ੍ਹਾਂ ਲਈ। ਹੁਣ ਸਿਆਣਿਆਂ ਕੋਲ ਭੱਜੇ ਫਿਰਦੇ ਨੇ, ਮੇਰੇ ਮਨ ਨੂੰ ਸ਼ਾਂਤੀ ਮਿਲ ਰਹੀ ਹੈ,ਠੰਢ ਪੈ ਰਹੀ ਹੈ ।ਇਨ੍ਹਾਂ ਨੂੰ ਭੱਜੇ ਫਿਰਨ ਦਿਓ, ਲੁਟਾਉਣ ਦਿਓ ਪੈਸੇ, ਹੋਣ ਦਿਓ ਦੁਖੀ।

ਉਸ ਦੀਆਂ ਬਹੁਤ ਸਾਰੀਆਂ ਨਰਾਜ਼ਗੀਆਂ ਸੁਣੀਆਂ ਤੇ ਬਹੁਤ ਸਾਰੀਆਂ ਗੱਲਾਂ ਉਸ ਨੂੰ ਸਮਝਾਈਆਂ ।ਨਨਾਣ-ਭਰਜਾਈ ਦੇ ਨਿੱਘੇ ਰਿਸ਼ਤੇ ਦੀ ਗੱਲ ਸਮਝਾਈ ।

ਅਸੀਂ ਕਿਹਾ-ਸਾਡੀ ਤੇਰੇ ਨਾਲ ਪੂਰੀ ਹਮਦਰਦੀ ਹੈ, ਪਰ ਅੱਗੇ ਤੋਂ ਕੋਈ ਗੜਬੜ ਨਹੀਂ ਕਰਨੀ।ਤੇਰੀਆਂ ਸਮੱਸਿਆਵਾਂ ਖਤਮ ਕਰਵਾਵਾਂਗੇ, ਘਟਨਾਵਾਂ ਦਾ ਤੇਰੇ ਨਾਲ ਸੰਬੰਧ ਨਹੀਂ ਜੋੜਿਆ ਜਾਵੇਗਾ। ਤੈਨੂੰ ਤੇ ਤੇਰੇ ਘਰਵਾਲੇ ਨੂੰ ਪੂਰਾ ਮਾਣ-ਸਤਿਕਾਰ ਮਿਲੇਗਾ। ਉਸ ਨੂੰ ਵਿਸ਼ਵਾਸ ਦਿਵਾਇਆ ਕਿ ਤੇਰਾ ਕੰਮ ਵੀ ਘਟਾਇਆ ਜਾਵੇਗਾ, ਆਮਦਨ ਬਰਾਬਰ ਮਿਲੇਗੀ,ਗਹਿਣੇ ਤੇ ਕੱਪੜੇ ਬਰਾਬਰ ਮਿਲਣਗੇ ।

ਪਰਵਾਰ ਦੇ ਇਕੱਲੇ-ਇਕੱਲੇ ਮੈਂਬਰ ਨਾਲ ਗੱਲ ਕਰਨ ਤੋਂ ਬਾਅਦ ਅਸੀਂ ਆਪਸ ਵਿੱਚ ਬੈਠ ਕੇ ਪ੍ਰਵਾਰ ਦੇ ਸਮੂਹਕ ਮੈਂਬਰਾਂ ਨਾਲ ਗੱਲ ਕਰਨ ਦੇ ਨੁਕਤੇ ਸਾਂਝੇ ਕੀਤੇ ।ਪਰਵਾਰ ਦੇ ਸਾਰੇ ਮੈਂਬਰਾਂ ਨੂੰ ਇਕੱਠਾ ਕਰ ਕੇ ਕਿਹਾ-ਅੱਜ ਤੋਂ ਬਾਅਦ ਤੁਹਾਡੇ ਘਰੇ ਰੱਸੀਆਂ 'ਤੇ ਪਾਏ ਕੱਪੜੇ ਆਪਣੇ-ਆਪ ਨਹੀਂ ਉਡਣਗੇ, ਨਾ ਹੀ ਭਾਂਡੇ ਸੈਲਫਾਂ ਤੋਂ ਆਪਣੇ ਆਪ ਡਿਗਣਗੇ, ਕੋਈ ਪ੍ਰੇਤ ਪਿੱਠ 'ਤੇ ਡੰਡੇ ਨਹੀਂ ਮਾਰੇਗਾ ।ਜੋ ਟੂੰਮਾਂ ਗੁੰਮ ਹੋ ਗਈਆਂ, ਗੁੰਮ ਹੀ ਰਹਿਣ ਦਿਓ, ਉਨ੍ਹਾਂ ਨੂੰ ਭੁੱਲ ਜਾਓ।ਅੱਗੇ ਤੋਂ ਚੀਜ਼ਾਂ ਗੁੰਮ ਨਹੀਂ ਹੋਣਗੀਆਂ । ਇਹ ਸਭ ਕੁਝ ਲਈ ਸਾਡੀਆਂ ਕੁੱਝ ਸ਼ਰਤਾਂ ਮੰਨਣੀਆਂ ਪੈਣਗੀਆਂ ।ਘਰ, ਪਸ਼ੂਆਂ ਅਤੇ ਖੇਤੀ ਦਾ ਕੰਮ ਸਾਰੇ ਮੈਂਬਰਾਂ ਨੇ ਰਲ-ਮਿਲ ਕੇ ,ਬਰਾਬਰ ਕਰਨਾ ਹੈ।ਕਿਸੇ ਨੇ ਵਿਹਲੇ ਨਹੀਂ ਰਹਿਣਾ ।ਘਰ ਦੇ ਸਾਰੇ ਮੈਬਰਾਂ ਨੂੰ ਆਪੋ ਆਪਣੀ ਪਸੰਦ ਦੇ ਗਹਿਣੇ ਤੇ ਕੱਪੜੇ ਬਰਾਬਰ ਬਣਾ ਕੇ ਦੇਣੇ ਹਨ।ਕਿਸੇ ਵੀ ਮੈਂਬਰ ਨਾਲ ਪੱਖਪਾਤ ਨਹੀਂ ਕਰਨਾ ।ਖੇਤੀ ਦੀ ਕਮਾਈ ਘਰ ਵਿੱਚ ਪੱਕੇ ਤੌਰ 'ਤੇ ਰਹਿਣ ਵਾਲੇ ਮੈਂਬਰਾਂ ਲਈ ਹੀ ਖਰਚਣੀ ਹੈ ।

ਪਰਵਾਰ ਦੇ ਮੁਖੀ ਨੇ ਕਿਹਾ ਕਿ ਤੁਹਾਡੀਆਂ ਸਾਰੀਆਂ ਗੱਲਾਂ ਮੰਨੀਆਂ ਜਾਣਗੀਆਂ, ਸਾਡੀ ਪ੍ਰੇਸ਼ਾਨੀ ਦੂਰ ਹੋਣੀ ਚਾਹੀਦੀ ਹੈ। ਵਧੀਆ ਤੇ ਬਰਾਬਰੀ ਮਹੌਲ ਵਾਲੇ ਘਰ ਵਿਚੋਂ ਭੂਤ-ਪ੍ਰੇਤ ਰਫੂ-ਚੱਕਰ ਹੋ ਜਾਂਦੇ ਹਨ।

**# ਸੰਪਰਕ : 94174-22349**

# ਪ੍ਰਗਤੀਸ਼ੀਲ ਸਮਾਜ ਦੀ ਸਿਰਜਣਾ 'ਚ ਔਰਤ ਦੀ ਭੂਮਿਕਾ



ਨਰਿੰਦਰ ਸਿੰਘ

ਔਰਤ ਸੁਭਾਅ ਦੀ ਇੱਕ ਅਜਿਹੀ ਕੋਮਲ ਅਤੇ ਸੁੰਦਰ ਰਚਨਾ ਹੈ, ਜਿਸ ਵਿੱਚ ਉਹ ਧਰਤੀ ਵਾਂਗ ਨਿਮਰ, ਸੂਰਜ ਵਾਂਗ ਤੇਜ਼ ਰੋਸ਼ਨੀ ਅਤੇ ਪਹਾੜ ਵਾਂਗ ਹਿੰਮਤ ਹੈ। ਔਰਤ ਨੇ ਘਰ ਸੰਭਾਲਿਆ, ਸੰਸਕਾਰ ਦਿੱਤੇ, ਸਮਾਜਿਕ ਸੰਬੰਧਾਂ ਨੂੰ ਮਜ਼ਬੂਤ ਬਣਾਇਆ ਅਤੇ ਬੇਆਵਾਜ਼ ਤੌਰ 'ਤੇ ਹਰ ਸਮੇਂ ਸਮਾਜ ਵਿੱਚ ਨੀਵੀਂ ਬਣੀ ਰਹੀ । ਸਮਾਜ ਨੇ ਉਸ ਨੂੰ ਘਰ ਦੀ ਚਾਰਦੀਵਾਰੀ ਤੱਕ ਸੀਮਤ ਰੱਖਿਆ, ਜਿਸ ਦਾ ਨਤੀਜਾ ਇਹ ਹੋਇਆ ਕਿ ਉਹ ਸਿੱਖਿਆ, ਆਰਥਿਕਤਾ ਤੇ ਸਮਾਜਿਕ ਪੱਖੋਂ ਪਿੱਛੇ ਰਹਿ ਗਈ ।

ਪਰ ਹੁਣ ਔਰਤ ਸਿਰਫ਼ ਰਵਾਇਤੀ ਘਰ ਦੀ ਰਾਣੀ ਹੀ ਨਹੀਂ ਰਹੀ, ਸਗੋਂ ਸਮਾਜ ਦੀ ਨਵੀਨਤਾ ਅਤੇ ਰਾਸ਼ਟਰ ਦੀ ਤਰੱਕੀ ਦੀ ਸਾਂਝੀਵਾਲ ਬਣ ਚੁੱਕੀ ਹੈ । ਹੁਣ ਔਰਤ ਆਪਣੀ ਸ਼ਕਤੀ ਨੂੰ ਪਛਾਣ ਰਹੀ ਹੈ, ਆਪਣੇ ਹੱਕਾਂ ਲਈ ਆਵਾਜ਼ ਉਠਾ ਰਹੀ ਹੈ ਅਤੇ ਹਰ ਪੱਖੋਂ ਆਤਮ ਨਿਰਭਰ ਬਣਨ ਵੱਲ ਵਧ ਰਹੀ ਹੈ । ਇਕ ਪੜ੍ਹੀ-ਲਿਖੀ ਔਰਤ ਨਾ ਸਿਰਫ਼ ਆਪਣੇ ਲਈ, ਸਗੋਂ ਪੂਰੇ ਪਰਵਾਰ ਲਈ ਰੋਸ਼ਨੀ ਦੀ ਕਿਰਨ ਬਣ ਜਾਂਦੀ ਹੈ । ਉਹ ਆਪਣੇ ਬੱਚਿਆਂ ਨੂੰ ਸਿੱਖਿਆ ਦੀ ਅਹਿਮੀਅਤ ਦੱਸਦੀ ਹੈ । ਆਪਣੇ ਪਤੀ ਦਾ ਸਾਥੀ ਬਣਦੀ ਹੈ, ਘਰ ਦੇ ਖਰਚ ਨੂੰ ਚਲਾਉਣ ਵਿੱਚ ਹਿੱਸਾ ਪਾਉਂਦੀ ਹੈ ਅਤੇ ਪਰਵਾਰਕ ਫੈਸਲੇ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਉਂਦੀ ਹੈ ।

ਜਦੋਂ ਇਕ ਮਰਦ ਪੜ੍ਹਦਾ ਹੈ ਤਾਂ ਸਿਰਫ਼ ਇਕ ਵਿਅਕਤੀ ਸਿੱਖਿਅਤ ਹੁੰਦਾ ਹੈ, ਪਰ ਜਦੋਂ ਇਕ ਔਰਤ ਪੜ੍ਹਦੀ ਹੈ ਤਾਂ ਪੂਰੀ ਪੀੜ੍ਹੀ ਸਿੱਖਿਅਤ ਹੋ ਜਾਂਦੀ ਹੈ । ਇਕ ਪੜ੍ਹੀ-ਲਿਖੀ ਔਰਤ ਨਾ ਸਿਰਫ਼ ਆਪਣੇ ਹੱਕਾਂ ਲਈ ਜਾਗਰੂਕ ਹੁੰਦੀ ਹੈ, ਸਗੋਂ ਉਹ ਆਰਥਿਕ ਤੌਰ 'ਤੇ ਆਤਮ ਨਿਰਭਰ ਬਣ ਕੇ ਆਪਣੇ ਫੈਸਲੇ ਖ਼ੁਦ ਲੈਣ ਦੇ ਕਾਬਲ ਬਣਦੀ ਹੈ । ਉਹ ਆਪਣੇ ਪਰਵਾਰ ਦੀ ਬਿਹਤਰ ਦੇਖਭਾਲ ਕਰਦੀ ਹੈ ਅਤੇ ਆਪਣੇ ਬੱਚਿਆਂ ਨੂੰ ਲਿੰਗਕ ਭੇਦਭਾਵ ਤੋਂ ਬਿਨਾਂ ਚੰਗੀ ਸਿੱਖਿਆ ਅਤੇ ਸੰਸਕਾਰ ਦਿੰਦੀ ਹੈ । ਇਸ ਤਰ੍ਹਾਂ ਉਹ ਪ੍ਰਗਤੀਸ਼ੀਲ ਸਮਾਜ ਦੀ ਸਿਰਜਣਾ ਵਿੱਚ ਮੁੱਖ ਭੂਮਿਕਾ ਨਿਭਾਉਂਦੀ ਹੈ ।

ਇਕ ਰਿਪੋਰਟ ਅਨੁਸਾਰ ਭਾਰਤ ਦੀਆਂ 10 ਸ਼ਕਤੀਸ਼ਾਲੀ ਔਰਤਾਂ ਇਕ ਲੱਖ ਕਰੋੜ ਰੁਪਏ ਦੀਆਂ ਮਾਲਕਣਾਂ ਹਨ । ਦੌਲਤ ਉਨ੍ਹਾਂ ਨੇ ਆਪਣੇ ਦਮ 'ਤੇ ਕਮਾਈ ਹੈ । ਰਿਪੋਰਟ ਮੁਤਾਬਕ ਭਾਰਤ ਵਿੱਚ 12 ਲੱਖ ਕਰੋੜ ਦੀ ਸਨਅਤ ਨੂੰ ਔਰਤਾਂ ਅਗਵਾਈ ਦੇ ਰਹੀਆਂ ਹਨ । ਜਿਹੜੀਆਂ ਕੰਪਨੀਆਂ ਦੀਆਂ ਮੁਖੀ ਔਰਤਾਂ ਹਨ, ਉਹ ਤੇਜ਼ੀ ਨਾਲ ਅੱਗੇ ਵਧ ਰਹੀਆਂ ਹਨ । ਇਹ ਬਦਲਾਅ ਔਰਤਾਂ ਨੂੰ ਵੱਧ ਅਧਿਕਾਰ ਤੇ ਆਰਥਿਕ ਆਜ਼ਾਦੀ ਮਿਲਣ ਤੋਂ ਬਾਅਦ ਹੀ ਤੇਜ਼ੀ ਨਾਲ ਆਇਆ ਹੈ, ਪ੍ਰੰਤੂ ਔਰਤ ਨੂੰ ਅੱਜ ਵੀ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ।

ਔਰਤ ਦੇ ਸਾਹਮਣੇ ਘਰੇਲੂ ਹਿੰਸਾ, ਦਫ਼ਤਰ ਵਿੱਚ ਭੇਦ-ਭਾਵ, ਸੁਰੱਖਿਆ ਦੀ ਕਮੀ, ਮਾਨਸਿਕ ਤਣਾਅ ਅਤੇ ਤਨਖਾਹ ਵਿੱਚ ਅਸਮਾਨਤਾ ਵਰਗੀਆਂ ਰੁਕਾਵਟਾਂ ਦੇ ਬਾਵਜੂਦ ਔਰਤ ਹਿੰਮਤ ਨਹੀਂ ਹਾਰਦੀ ਅਤੇ ਹਰ ਰੁਕਾਵਟ ਨੂੰ ਦ੍ਰਿੜ੍ਹ ਮਨ ਨਾਲ ਪਾਰ ਕਰਦੀ ਹੈ। 21 ਵੀਂ ਸਦੀ ਦੇ ਇਸ ਆਧੁਨਿਕ ਯੁੱਗ ਵਿੱਚ ਔਰਤ ਦੀ ਸੁਰੱਖਿਆ ਅਤੇ ਸਨਮਾਨ ਇਕ ਗੰਭੀਰ ਚੁਣੌਤੀ ਬਣੇ ਹੋਏ ਹਨ । ਪਤੀ ਜਾਂ ਪਰਵਾਰਕ ਮੈਂਬਰਾਂ ਦੁਆਰਾ ਕੀਤੀ ਜਾਂਦੀ ਸਰੀਰਕ, ਮਾਨਸਕ ਅਤੇ ਭਾਵਨਾਤਮਕ ਹਿੰਸਾ ਔਰਤ ਦੇ ਜੀਵਨ ਨੂੰ ਨਰਕ ਬਣਾ ਦਿੰਦੀ ਹੈ । ਸਮਾਜਿਕ ਦਬਾਅ ਅਤੇ ਆਰਥਿਕ ਨਿਰਭਰਤਾ ਕਾਰਨ ਬਹੁਤੀਆਂ ਔਰਤਾਂ ਚੁੱਪ-ਚਾਪ ਇਹ ਸਹਿੰਦੀਆਂ ਰਹਿੰਦੀਆਂ ਹਨ ।

ਔਰਤਾਂ ਵਿਰੁੱਧ ਹੁੰਦੇ ਅਪਰਾਧਾਂ ਦੀ ਮੁੱਖ ਜੜ੍ਹ ਸਾਡੇ ਸਮਾਜ ਦੀ ਪੁਰਸ਼ ਪ੍ਰਧਾਨ ਸੋਚ ਹੈ, ਜੋ ਮਰਦ ਨੂੰ ਔਰਤ ਤੋਂ ਉੱਤਮ ਸਮਝਦੀ ਹੈ । ਇਹ ਅਸਮਾਨਤਾ ਜੀਵਨ ਦੇ ਹਰ ਖੇਤਰ ਵਿੱਚ ਦਿਖਾਈ ਦਿੰਦੀ ਹੈ । ਅੱਜ ਵੀ ਬਹੁਤੇ ਪਰਵਾਰਾਂ ਵਿੱਚ ਮੁੰਡੇ ਦੇ ਜਨਮ ਤੇ ਜਸ਼ਨ ਮਨਾਏ ਜਾਂਦੇ ਹਨ, ਜਦਕਿ ਧੀ ਦੇ ਜਨਮ 'ਤੇ ਚੁੱਪ ਪਸਰ ਜਾਂਦੀ ਹੈ । ਮੁੰਡਿਆਂ ਨੂੰ ਖੁੱਲ੍ਹ, ਆਜ਼ਾਦੀ ਅਤੇ ਬਿਹਤਰ ਖੁਰਾਕ ਦਿੱਤੀ ਜਾਂਦੀ ਹੈ, ਜਦਕਿ ਕੁੜੀਆਂ 'ਤੇ ਪਾਬੰਦੀਆਂ ਲਗਾਈਆਂ ਜਾਂਦੀਆਂ ਹਨ । ਬਹੁਤ ਸਾਰੇ ਪਰਵਾਰਾਂ ਵਿੱਚ ਲੜਕਿਆਂ ਦੀ ਪੜ੍ਹਾਈ ਨੂੰ ਲੜਕੀਆਂ ਨਾਲੋਂ ਵੱਧ ਤਰਜੀਹ ਦਿੱਤੀ ਜਾਂਦੀ ਹੈ ।

ਅੱਜ ਵੀ ਕੁੱਖ ਵਿੱਚ ਧੀਆਂ ਦਾ ਕਤਲ, ਦਾਜ ਲਈ ਤੰਗ ਕਰਨਾ ਅਤੇ ਸਾੜ ਦੇਣਾ, ਘਰੇਲੂ ਹਿੰਸਾ, ਤੇਜ਼ਾਬੀ ਹਮਲੇ, ਛੇੜਛਾੜ, ਜਬਰ-ਜ਼ਨਾਹ ਅਤੇ ਆਨ-ਲਾਈਨ ਧੱਕੇਸ਼ਾਹੀ ਵਰਗੇ ਘਿਨਾਉਣੇ ਅਪਰਾਧ ਰੋਜ਼ਾਨਾ ਵਾਪਰ ਰਹੇ ਹਨ, ਜੋ ਸਾਡੇ ਸਮਾਜਿਕ ਢਾਂਚੇ ਦੀ ਨਾਕਾਮੀ ਦਾ ਜਿਉਂਦਾ-ਜਾਗਦਾ ਸਬੂਤ ਹਨ ।ਭਾਵੇਂ ਸਰਕਾਰ ਵੱਲੋਂ ਬੇਟੀ ਬਚਾਓ, ਬੇਟੀ ਪੜ੍ਹਾਓ, ਮੁਦਰਾ ਲੋਨ ਯੋਜਨਾ, ਉਦਯਮ ਸਹਾਇਤਾ ਯੋਜਨਾ ਅਤੇ ਕਈ ਹੋਰ ਸਕੀਮਾਂ ਔਰਤਾਂ ਨੂੰ ਖ਼ੁਦਮੁਖ਼ਤਿਆਰ ਬਣਾਉਣ ਲਈ ਲਾਗੂ ਕੀਤੀਆਂ ਗਈਆਂ ਹਨ, ਪਰ ਇਹ ਤਬਦੀਲੀ ਸਿਰਫ਼ ਨੀਤੀਆਂ ਨਾਲ ਨਹੀਂ ਆਉਣੀ, ਸਗੋਂ ਪਰਵਾਰ ਅਤੇ ਸਮਾਜ ਦੀ ਸੋਚ ਬਦਲਣ ਨਾਲ ਆਉਣੀ ਹੈ ।

ਅਜੋਕੇ ਸਮੇਂ ਆਤਮ ਨਿਰਭਰ ਬਣਨ ਲਈ ਲੜਕੀਆਂ ਦਾ ਹੁਨਰਮੰਦ ਹੋਣਾ ਬਹੁਤ ਜ਼ਰੂਰੀ ਹੈ । ਹਾਲਾਂਕਿ ਹਰੇਕ ਵਿਅਕਤੀ ਨੂੰ ਹੁਨਰਮੰਦ ਹੋਣਾ ਚਾਹੀਦਾ ਹੈ । ਕਿਸੇ ਹੁਨਰ ਦੇ ਘੋੜੇ 'ਤੇ ਸਵਾਰ ਹੋ ਕੇ ਤੁਸੀਂ ਜ਼ਿੰਦਗੀ ਦੀ ਕਿਸੇ ਵੀ ਦੌੜ ਵਿੱਚ ਜਿੱਤ ਸਕਦੇ ਹੋ । ਇਕ ਹੁਨਰਮੰਦ ਇਨਸਾਨ ਜਿੱਥੇ ਵੀ ਜਾਵੇ, ਉੱਥੇ ਉਹ ਆਪਣੀ ਜਗ੍ਹਾ ਬਣਾ ਹੀ ਲੈਂਦਾ ਹੈ । ਅਨੁਸ਼ਾਸਨ, ਇਕਾਗਰਤਾ, ਸਪਸ਼ੱਟਤਾ, ਨਿਸ਼ਚਾ ਅਤੇ ਇਮਾਨਦਾਰ ਇਰਾਦੇ ਨਾਲ ਕਿਸੇ ਵੀ ਹੁਨਰ ਵਿੱਚ ਮੁਹਾਰਤ ਹਾਸਲ ਕੀਤੀ ਜਾ ਸਕਦੀ ਹੈ । ਮੁਹਾਰਤ ਹੀ ਕਿਸੇ ਲੜਕੀ ਦੀ ਜ਼ਿੰਦਗੀ ਦਾ ਅਸਲ ਹੁਨਰ ਹੁੰਦਾ ਹੈ । ਸਮਾਜ ਵਿੱਚ ਆਪਣੀ ਪਹਿਚਾਣ ਅਤੇ ਜ਼ਿੰਦਗੀ ਨੂੰ ਖ਼ੁਸ਼ਹਾਲ ਬਣਾਉਣ ਲਈ ਲੜਕੀ ਦਾ ਹੁਨਰਮੰਦ ਹੋਣਾ ਬਹੁਤ ਜ਼ਰੂਰੀ ਹੈ ।

ਇਹ ਹੁਨਰ ਲੜਕੀ ਦੀ ਤਾਕਤ, ਸਮਰੱਥਾ, ਬੇਫਿਕਰੀ ਅਤੇ ਖੁਸ਼ਹਾਲੀ ਦਾ ਮੁੱਖ ਕਾਰਨ ਬਣਦਾ ਹੈ । ਹੁਨਰਮੰਦ ਹੋਣਾ ਚੁਣੌਤੀਆਂ ਨੂੰ ਖਿੜੇ ਮੱਥੇ ਸਵੀਕਾਰ ਕਰਨਾ ਹੈ । ਅੱਜ ਕੁੜੀਆਂ ਕੰਪਿਊਟਰ, ਡਾਕਟਰ, ਇੰਜੀਨੀਅਰ ਅਤੇ ਰਾਜਨੀਤਕ ਸ਼ਕਤੀ ਦੇ ਖੇਤਰਾਂ ਵਿਚ ਸਨਮਾਨਜਨਕ ਅਹੁਦਿਆਂ 'ਤੇ ਤਾਇਨਾਤ ਹੋ ਕੇ ਦੇਸ਼ ਦੀ ਸੇਵਾ ਕਰ ਰਹੀਆਂ ਹਨ ਅਤੇ ਨਾਲ ਹੀ ਉਹ ਮਰਦਾਂ ਦੇ ਦਬਦਬੇ ਵਾਲੇ ਔਖੇ ਖੇਤਰਾਂ ਵਿੱਚ ਆਪਣੀ ਭੂਮਿਕਾ ਨਿਭਾਅ ਕੇ ਆਪਣੀ ਵਿਲੱਖਣ ਪਛਾਣ ਬਣਾ ਰਹੀਆਂ ਹਨ ।

ਵੱਖ-ਵੱਖ ਟੀ ਵੀ ਚੈਨਲਾਂ 'ਤੇ ਲੜਕੀਆਂ ਪੂਰੇ ਆਤਮ ਵਿਸ਼ਵਾਸ ਨਾਲ ਖ਼ਬਰਾਂ ਪੜ੍ਹਦੀਆਂ ਹਨ, ਐਕਟਿੰਗ ਜਾਂ ਕਿਸੇ ਹੋਰ ਪ੍ਰੋਗਰਾਮ ਵਿੱਚ ਹਿੱਸਾ ਲੈਂਦੀਆਂ ਹਨ । ਇਨ੍ਹਾਂ ਖੇਤਰਾਂ ਵਿੱਚ ਔਰਤਾਂ ਦੀ ਭੂਮਿਕਾ ਸੌ ਪ੍ਰਤੀਸ਼ਤ ਤਸੱਲੀਬਖਸ਼ ਹੈ । ਲੜਕੀਆਂ ਹਰ ਖੇਤਰ ਵਿੱਚ ਹਾਵੀ ਹਨ, ਪਰ ਕਿਤੇ ਨਾ ਕਿਤੇ ਉਹ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੀਆਂ ਹਨ । ਹਰ ਤਰ੍ਹਾਂ ਦੇ ਸ਼ੋਸ਼ਣ ਤੋਂ ਬਚਣ ਲਈ ਸੁਚੇਤ ਰਹਿਣ ਦਾ ਹੁਨਰ ਲੜਕੀਆਂ ਨੂੰ ਜ਼ਰੂਰ ਸਿੱਖਣਾ ਚਾਹੀਦਾ ਹੈ । ਲੜਕੀਆਂ ਨੂੰ ਮਾਰਸ਼ਲ ਆਰਟ, ਕਰਾਟੇ ਆਦਿ ਵਿੱਚ ਏਨੀ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ ਕਿ ਉਹ ਆਪਣੀ ਸਥਿਤੀ ਦਾ ਸਾਹਮਣਾ ਆਪਣੇ ਆਪ ਕਰ ਸਕਣ । ਇਕਨੋਮਿਸਟ ਦੇ ਇਕ ਤਾਜ਼ਾ ਸਰਵੇਖਣ ਮੁਤਾਬਕ ਧੀਆਂ ਮਾਪਿਆਂ ਦੀ ਪਹਿਲੀ ਚਾਹਤ ਬਣ ਗਈਆਂ ਹਨ । ਪਹਿਲਾਂ ਲੜਕੇ ਦੀ ਇੱਛਾ ਲਈ ਲੜਕੀਆਂ ਨੂੰ ਕੁੱਖਾਂ ਵਿੱਚ ਹੀ ਖ਼ਤਮ ਕਰ ਦਿੱਤਾ ਜਾਂਦਾ ਸੀ, ਪਰ ਹੁਣ ਮਾਪੇ ਰੱਬ ਦੇ ਘਰੋਂ ਬੇਟੀਆਂ ਮੰਗਣ ਲੱਗੇ ਹਨ । ਸਰਵੇਖਣ ਅਨੁਸਾਰ ਸਾਲ ਦੋ ਹਜ਼ਾਰ ਤੋਂ ਲੈ ਕੇ ਹੁਣ ਤੱਕ ਕਰੀਬ 70 ਲੱਖ ਲੜਕੀਆਂ ਕੁੱਖਾਂ ਵਿਚੋਂ ਬਚਾਈਆਂ ਜਾ ਚੁੱਕੀਆਂ ਹਨ । ਕੋਰੀਆ ਵਿੱਚ ਸਾਲ ਦੋ ਹਜ਼ਾਰ ਵਿੱਚ ਸੌ ਲੜਕੀਆਂ ਪਿੱਛੇ ਲੜਕਿਆਂ ਦੀ ਗਿਣਤੀ 115 ਸੀ, ਜਿਹੜੀ ਕਿ ਹੁਣ 99 ਰਹਿ ਗਈ ਹੈ । ਚੀਨ ਵਿੱਚ ਸਾਲ ਦੋ ਹਜ਼ਾਰ ਛੇ ਵਿੱਚ ਸੌ ਲੜਕੀਆਂ ਮਗਰ ਲੜਕਿਆਂ ਦੀ ਗਿਣਤੀ 117 ਸੀ, ਜਿਹੜੀ ਕਿ ਹੁਣ 109 ਰਹਿ ਗਈ ਹੈ । ਇਸ ਤੋਂ ਸਪੱਸ਼ਟ ਹੈ ਕਿ ਮਾਪਿਆਂ ਦੀ ਲੜਕੀਆਂ ਪ੍ਰਤੀ ਚਾਹਤ ਵਧ ਗਈ ਹੈ ।

ਇੰਗਲੈਂਡ ਵਿੱਚ ਲੜਕਿਆਂ ਦੇ ਮੁਕਾਬਲੇ ਲੜਕੀਆਂ ਦੀ ਮੰਗ ਵੱਧ ਹੈ । ਜਾਪਾਨ ਵਿੱਚ ਜ਼ਿਆਦਾਤਰ ਜੋੜੇ ਇਕ ਬੱਚਾ ਚਾਹੁੰਦੇ ਹਨ ਤੇ ਉਹ ਵੀ ਬੇਟੀ । ਸਕੈਂਡੇਨੇਵੀਆ ਵਿੱਚ ਪਹਿਲਾ ਬੱਚਾ ਬੇਟੀ ਪੈਦਾ ਹੋ ਜਾਵੇ ਤਾਂ ਮਾਪੇ ਦੂਸਰੇ ਬੱਚੇ ਦੀ ਇੱਛਾ ਨਹੀਂ ਰੱਖਦੇ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਦੀਆਂ ਪਹਿਲਾਂ ਸੁਨੇਹਾ ਦਿੱਤਾ ਸੀ: 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥' ਮਾਤਾ-ਪਿਤਾ ਹੁਣ ਬੇਟੀਆਂ ਨੂੰ ਜ਼ਿਆਦਾ ਸਮਝਦਾਰ , ਸੰਵੇਦਨਸ਼ੀਲ ਅਤੇ ਘੱਟ ਦੁੱਖ ਦੇਣ ਵਾਲੀਆਂ ਮੰਨਣ ਲੱਗੇ ਹਨ । ਲੜਕਿਆਂ ਦੇ ਮੁਕਾਬਲੇ ਲੜਕੀਆਂ ਸਰੀਰਕ ਤੇ ਮਾਨਸਿਕ ਪੱਖੋਂ ਤੇਜ਼ੀ ਨਾਲ ਵਿਕਾਸ ਕਰਦੀਆਂ ਹਨ । ਕਈ ਦੇਸ਼ਾਂ ਵਿੱਚ ਇਹ ਵੀ ਧਾਰਨਾ ਹੈ ਕਿ ਬੇਟੀਆਂ ਬਜ਼ੁਰਗ ਮਾਪਿਆਂ ਦੀ ਦੇਖ-ਭਾਲ ਬਿਹਤਰ ਕਰਦੀਆਂ ਹਨ । ਜੇਕਰ ਧੀ ਸੱਚਮੁੱਚ ਅਨਮੋਲ ਗਹਿਣਾ ਹੈ ਤਾਂ ਇਸ ਗਹਿਣੇ ਦੀ ਕਦਰ ਜੀਵਨ ਭਰ ਕਰਨੀ ਚਾਹੀਦੀ ਹੈ ।

ਮਾਪਿਆਂ ਨੂੰ ਆਪਣੀਆਂ ਧੀਆਂ ਨੂੰ ਪੁੱਤਰਾਂ ਵਾਂਗ ਪਿਆਰ, ਸਤਿਕਾਰ, ਚੰਗਾ ਪੋਸ਼ਣ, ਸਿੱਖਿਆ ਆਦਿ ਪ੍ਰਦਾਨ ਕਰਨਾ ਚਾਹੀਦਾ ਹੈ । ਉਨ੍ਹਾਂ ਨੂੰ ਖੇਡਾਂ, ਪਾਇਲਟ, ਮੀਡੀਆ ਆਦਿ ਵਰਗੇ ਹਰ ਮੁਸ਼ਕਲ ਖੇਤਰ ਵਿੱਚ ਉਤਸ਼ਾਹਤ ਕਰਨਾ ਚਾਹੀਦਾ ਹੈ, ਤਾਂ ਜੋ ਭਾਰਤ ਦੀਆਂ ਧੀਆਂ ਮਜ਼ਬੂਤ ਬਣਨ, ਉੱਚ ਅਹੁਦਿਆਂ 'ਤੇ ਕੰਮ ਕਰਨ ਅਤੇ ਪੂਰੇ ਦੇਸ਼ ਦਾ ਮਾਣ ਬਣਨ । ਇਸ ਤਰ੍ਹਾਂ ਮਾਂ-ਬਾਪ ਨਾ ਸਿਰਫ ਆਪਣੀ ਧੀ ਦੀ ਜ਼ਿੰਦਗੀ ਨੂੰ ਸੁਰੱਖਿਅਤ ਤੇ ਸਫਲ ਬਣਾਉਣਗੇ, ਸਗੋਂ ਸਮਾਜ ਵਿੱਚ ਵੀ ਬਰਾਬਰਤਾ ਤੇ ਸਤਿਕਾਰ ਦੀ ਮਿਸਾਲ ਕਾਇਮ ਕਰਨਗੇ ।

**# ਸੰਪਰਕ : 98146-62260**

13 Oct Page 5.qxd 10/12/2025 9:33 PM Page 1



## ਬੰਬੀਹਾ ਗੈਂਗ ਦੇ ਦੋ ਕਾਰਕੁਨ ਛੇ ਪਿਸਤੌਲਾਂ ਸਮੇਤ ਗ੍ਰਿਫਤਾਰ

**ਬਰਨਾਲਾ (ਰਾਜਿੰਦਰ ਬਰਾੜ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ, ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਨੇ ਬਰਨਾਲਾ ਪੁਲਸ ਨਾਲ ਇੱਕ ਸਾਂਝੇ ਆਪ੍ਰੇਸ਼ਨ ਦੌਰਾਨ ਦਵਿੰਦਰ ਬੰਬੀਹਾ ਗੈਂਗ ਦੇ ਦੋ ਕਾਰਕੁਨਾਂ ਨੂੰ ਛੇ ਪਿਸਤੌਲਾਂ ਸਮੇਤ ਗ੍ਰਿਫਤਾਰ ਕੀਤਾ ਹੈ।ਇਹ ਜਾਣਕਾਰੀ ਇੱਥੇ ਡਾਇਰੈਕਟਰ ਜਨਰਲ ਆਫ ਪੁਲਸ (ਡੀਜੀਪੀ)

● **ਹਥਿਆਰਾਂ ਦੀ ਖੇਪ ਬੰਬੀਹਾ ਗੈਂਗ ਦੇ ਗੁਰਗਿਆਂ ਨੂੰ ਕੀਤੀ ਜਾਣੀ ਸੀ ਸਪਲਾਈ : ਡੀਜੀਪੀ ਗੌਰਵ ਯਾਦਵ**

ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਸੰਦੀਪ ਸਿੰਘ ਵਾਸੀ ਹਨੂੰਮਾਨਗੜ੍ਹ ਟਾਊਨ, ਰਾਜਸਥਾਨ ਤੇ ਸ਼ੇਖਰ ਵਾਸੀ ਕੈਥਲ, ਹਰਿਆਣਾ ਵਜੋਂ ਹੋਈ ਹੈ।ਪੁਲਸ ਟੀਮਾਂ ਨੇ ਉਨ੍ਹਾਂ ਕੋਲੋਂ ਇੱਕ ਪੀ ਐਕਸ ਈ ਪਿਸਤੌਲ, ਇੱਕ .30 ਬੋਰ ਦਾ ਪਿਸਤੌਲ, ਚਾਰ .32 ਬੋਰ ਦੇ ਪਿਸਤੌਲਾਂ ਸਮੇਤ 19 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ।ਪੁਲਸ ਟੀਮਾਂ ਨੇ ਉਨ੍ਹਾਂ ਦੀ ਮਾਰੂਤੀ ਸਵਿਫਟ ਕਾਰ (ਰਜਿਸਟ੍ਰੇਸ਼ਨ ਨੰਬਰ ਪੀਬੀ 01 ਏਐਕਸ 0945), ਜਿਸ ਦੀ ਵਰਤੋਂ ਉਹ ਹਥਿਆਰਾਂ ਦੀ ਖੇਪ ਪ੍ਰਾਪਤ ਕਰਨ ਤੇ ਡਲੀਵਰ ਕਰਨ ਲਈ ਕਰ ਰਹੇ ਸਨ, ਨੂੰ ਵੀ ਜ਼ਬਤ ਕਰ ਲਿਆ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫਤਾਰ ਕੀਤੇ ਗਏ ਮੁਲਜ਼ਮ ਆਪਣੇ ਵਿਦੇਸ਼ੀ ਹੈਂਡਲਰਾਂ ਦੇ ਇਸ਼ਾਰਿਆਂ 'ਤੇ ਕੰਮ ਕਰ ਰਹੇ ਸਨ ਅਤੇ ਸੂਬੇ ਵਿੱਚ ਸਨਸਨੀਖੇਜ਼ ਅਪਰਾਧਾਂ ਨੂੰ ਅੰਜਾਮ ਦੇਣ ਲਈ ਬੰਬੀਹਾ ਗੈਂਗ ਦੇ



ਗੁਰਗਿਆਂ ਨੂੰ ਇਹ ਹਥਿਆਰ ਸਪਲਾਈ ਕਰਨ ਦੀ ਯੋਜਨਾ ਬਣਾ ਰਹੇ ਸਨ।ਉਨ੍ਹਾਂ ਕਿਹਾ ਕਿ ਇਸ ਮਾਮਲੇ ਦੇ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ ਤਾਂ ਜੋ ਇਸ ਪੂਰੀ ਸਪਲਾਈ ਚੇਨ ਦਾ ਪਰਦਾਫਾਸ਼ ਕੀਤਾ ਜਾ ਸਕੇ।ਇਸ ਆਪ੍ਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਐਡੀਸ਼ਨਲ ਡਾਇਰੈਕਟਰ ਜਨਰਲ ਆਫ਼ ਪੁਲਸ (ਏਡੀਜੀਪੀ) ਏਜੀਟੀਐਫ ਪੰਜਾਬ ਪ੍ਰਮੋਦ ਬਾਨ ਨੇ ਦੱਸਿਆ ਕਿ ਪੁਲਸ ਟੀਮਾਂ ਨੂੰ ਬੰਬੀਹਾ ਗੈਂਗ ਦੇ ਹੈਂਡਲਰਾਂ ਵੱਲੋਂ ਸੂਬੇ ਵਿੱਚ ਸਨਸਨੀਖੇਜ਼ ਅਪਰਾਧਾਂ ਨੂੰ ਅੰਜਾਮ ਦੇਣ ਦੀ ਸਾਜ਼ਿਸ਼ ਰਚਣ ਬਾਰੇ ਖਾਸ ਮਨੁੱਖੀ ਤੇ ਤਕਨੀਕੀ ਜਾਣਕਾਰੀ ਮਿਲੀ ਸੀ।ਉਨ੍ਹਾਂ ਕਿਹਾ ਕਿ ਇਸ ਜਾਣਕਾਰੀ 'ਤੇ ਤੁਰੰਤ ਕਾਰਵਾਈ ਕਰਦਿਆਂ, ਏਆਈਜੀ ਏਜੀਟੀਐਫ ਸੰਦੀਪ ਗੋਇਲ ਦੀ ਨਿਗਰਾਨੀ ਹੇਠ ਏਜੀਟੀਐਫ ਪੰਜਾਬ ਦੀਆਂ ਟੀਮਾਂ ਨੇ ਬਰਨਾਲਾ ਪੁਲਸ ਨਾਲ ਸਾਂਝੇ ਆਪ੍ਰੇਸ਼ਨ ਦੌਰਾਨ ਬਰਨਾਲਾ-ਬਠਿੰਡਾ ਮੁੱਖ ਸੜਕ 'ਤੇ ਪਿੰਡ ਧੌਲਾ ਵਿਖੇ ਡਰੇਨ ਨੇੜਿਓਂ ਦੋਵਾਂ ਸ਼ੱਕੀਆਂ ਨੂੰ ਸਫਲਤਾਪੂਰਵਕ ਗ੍ਰਿਫਤਾਰ ਕਰ ਲਿਆ।ਇਨ੍ਹਾਂ ਟੀਮਾਂ ਦੀ ਅਗਵਾਈ ਏਜੀਟੀਐਫ ਦੇ ਇੰਸਪੈਕਟਰ ਵਿਕਰਮ ਤੇ ਸੀਆਈਏ ਬਰਨਾਲਾ ਦੇ ਇੰਸਪੈਕਟਰ ਬਲਜੀਤ ਸਿੰਘ ਕਰ ਰਹੇ ਸਨ।ਏਆਈਜੀ ਸੰਦੀਪ ਗੋਇਲ ਨੇ ਕਿਹਾ ਕਿ ਗ੍ਰਿਫਤਾਰ ਕੀਤੇ ਗਏ ਦੋਵੇਂ ਮੁਲਜ਼ਮ ਅਪਰਾਧਕ ਪਿਛੋਕੜ ਵਾਲੇ ਹਨ ਤੇ ਉਨ੍ਹਾਂ ਵਿਰੁੱਧ ਅਸਲਾ ਐਕਟ ਨਾਲ ਸਬੰਧਤ ਮਾਮਲੇ ਦਰਜ ਹਨ।ਸੀਨੀਅਰ ਸੁਪਰਡੈਂਟ ਆਫ ਪੁਲਸ (ਐਸਐਸਪੀ) ਬਰਨਾਲਾ ਮੁਹੰਮਦ ਸਰਫਰਾਜ਼ ਆਲਮ ਨੇ ਦੱਸਿਆ ਕਿ ਇਸ ਸਬੰਧੀ ਐੱਫ ਆਈ ਆਰ ਨੰਬਰ 107 ਮਿਤੀ 11.10.2025 ਨੂੰ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 111 ਤੇ ਅਸਲਾ ਐਕਟ ਦੀ ਧਾਰਾ 25 ਤਹਿਤ ਬਰਨਾਲਾ ਦੇ ਥਾਣਾ ਰੁੜਕੇ ਕਲਾਂ ਵਿਖੇ ਦਰਜ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਇਸ ਮਾਮਲੇ ਸਬੰਧੀ ਹੋਰ ਜਾਂਚ ਜਾਰੀ ਹੈ ਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।

## ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਸਪੀਕਰ ਸੰਧਵਾਂ ਦੀ ਰਿਹਾਇਸ਼ ਅੱਗੇ ਰੋਸ ਪ੍ਰਦਰਸ਼ਨ

### 16 ਨਵੰਬਰ ਨੂੰ ਸੰਗਰੂਰ 'ਚ ਸੂਬਾ ਪੱਧਰੀ ਰੋਸ ਮੁਜ਼ਾਹਰਾ ਕਰਨ ਦਾ ਐਲਾਨ

**ਕੋਟਕਪੂਰਾ (ਫ਼ਕਲਾਨ ਭੁੱਲਰ)**- ਭਗਵੰਤ ਮਾਨ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰ ਮੰਗਾਂ ਪ੍ਰਤੀ ਧਾਰਨ ਕੀਤੀ ਗਈ ਨਾ-ਪੱਖੀ ਪਹੁੰਚ ਖਿਲਾਫ ਰੋਸ ਪ੍ਰਗਟ ਕਰਨ ਲਈ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਉਲੀਕੇ ਗਏ ਪ੍ਰੋਗਰਾਮ ਅਨੁਸਾਰ ਅੱਜ ਫਰੀਦਕੋਟ ਜ਼ਿਲ੍ਹੇ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਦੀ ਰਿਹਾਇਸ਼ ਸਾਹਮਣੇ ਰੋਸ ਪ੍ਰਦਰਸ਼ਨ ਕੀਤਾ ਗਿਆ।ਇਕੱਠ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਜਥੇਬੰਦੀਆਂ ਦੇ ਆਗੂ ਪ੍ਰੇਮ ਚਾਵਲਾ, ਜਤਿੰਦਰ ਕੁਮਾਰ, ਸੁਖਵਿੰਦਰ ਸਿੰਘ ਸੁੱਖੀ, ਹਰਪ੍ਰੀਤ ਸਿੰਘ, ਅਸ਼ੋਕ ਕੌਸ਼ਲ, ਸੁਰਿੰਦਰ ਸਿੰਘ ਪਾਵਰਕਾਮ ਪੈਨਸ਼ਨਰ ਐਸੋਸੀਏਸ਼ਨ, ਕੁਲਵਿੰਦਰ ਸਿੰਘ ਮੌੜ, ਵੀਰ ਇੰਦਰਜੀਤ ਸਿੰਘ ਪੁਰੀ, ਦਰਸ਼ਨ ਬਾਵਾ, ਹਰਵਿੰਦਰ ਸ਼ਰਮਾ ਸੂਬਾ ਪ੍ਰਧਾਨ, ਇਕਬਾਲ ਸਿੰਘ ਢੁੱਡੀ, ਗਗਨ ਪਾਹਵਾ, ਗੁਰਪ੍ਰੀਤ ਸਿੰਘ ਔਲਖ, ਇੰਦਰਜੀਤ ਸਿੰਘ ਗਿੱਲ, ਰਮੇਸ਼ ਕੌਸ਼ਲ, ਕੁਲਦੀਪ ਸਿੰਘ ਸਰਾਵਾਂ, ਸੋਮ ਨਾਥ ਅਰੋੜਾ ਤੇ ਹਰਜਸਦੀਪ ਸਿੰਘ ਨੇ ਆਪਣੇ ਸੰਬੋਧਨ ਵਿੱਚ ਇਸ ਸਰਕਾਰ ਨੂੰ ਪੰਜਾਬ ਵਿੱਚ ਹੁਣ ਤੱਕ ਦੀਆਂ ਹੁਕਮਰਾਨ ਸਰਕਾਰਾਂ ਵਿੱਚੋਂ ਸਭ ਤੋਂ ਮਾੜੀ ਸਰਕਾਰ ਕਰਾਰ ਦਿੱਤਾ। ਆਗੂਆਂ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਸਮਾਂ ਕਦੇ ਵੀ ਮੁਆਫ ਨਹੀਂ ਕਰੇਗਾ, ਜਿਸ ਨੇ ਪੰਜਾਬ ਦੇ ਲੱਖਾਂ ਕੱਚੇ, ਠੇਕਾ ਆਧਾਰਤ, ਸਕੀਮ ਵਰਕਰ, ਆਊਟਸੋਰਸ ਮੁਲਾਜ਼ਮ ਤੇ ਰੈਗੂਲਰ ਮੁਲਾਜ਼ਮਾਂ ਤੋਂ ਇਲਾਵਾ ਪੈਨਸ਼ਨਰਾਂ ਨਾਲ ਆਪਣੇ ਚੋਣ ਵਾਅਦਿਆਂ ਵਿੱਚੋਂ



ਕੀਤਾ ਗਿਆ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ ਅਤੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਦੀ ਲਿਸਟ ਦਿਨੋਂ ਦਿਨ ਲੰਮੀ ਹੋ ਰਹੀ ਹੈ।ਉਨ੍ਹਾਂ ਨੇ ਭਗਵੰਤ ਮਾਨ ਸਰਕਾਰ ਵੱਲੋਂ ਬਿਜਲੀ ਬੋਰਡ ਤੇ ਕਈ ਹੋਰ ਸਰਕਾਰੀ ਜਾਇਦਾਦਾਂ ਨੂੰ ਨਿੱਜੀ ਹੱਥਾਂ ਵਿੱਚ ਕੌਡੀਆਂ ਦੇ ਭਾਅ ਵੇਚਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ।ਜਥੇਬੰਦੀ ਵੱਲੋਂ ਫੈਸਲਾ ਕੀਤਾ ਗਿਆ ਕਿ ਪੰਜਾਬ ਸਰਕਾਰ ਦੇ ਇਸ ਵਤੀਰੇ ਖਿਲਾਫ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ 16 ਨਵੰਬਰ ਨੂੰ ਮੁੱਖ ਮੰਤਰੀ ਪੰਜਾਬ ਦੇ ਸ਼ਹਿਰ ਸੰਗਰੂਰ ਵਿਖੇ ਸੂਬਾ ਪੱਧਰੀ ਰੋਸ ਰੈਲੀ ਤੇ ਮੁਜ਼ਾਹਰਾ ਕੀਤਾ ਜਾਵੇਗਾ।ਇਸ ਉਪਰੰਤ ਸਪੀਕਰ ਪੰਜਾਬ ਵਿਧਾਨ ਸਭਾ ਦੇ ਪ੍ਰਤੀਨਿਧ ਹਰਪ੍ਰੀਤ ਸਿੰਘ ਨੂੰ ਮੁੱਖ ਮੰਤਰੀ ਪੰਜਾਬ ਦੇ ਨਾਂਅ ਰੋਸ ਪੱਤਰ ਦਿੱਤਾ ਗਿਆ। ਇਸ ਮੌਕੇ ਉਪਰੋਕਤ ਤੋਂ ਇਲਾਵਾ ਮਿੱਠੂ ਸਿੰਘ ਪ੍ਰਧਾਨ, ਚਿਤਰੰਜਨ ਗਾਬਾ, ਅਮਰਜੀਤ ਸਿੰਘ ਢੁੱਡੀ, ਕੁਲਦੀਪ ਸਿੰਘ ਘਣੀਆ, ਲਖਵਰਨ ਸਿੰਘ, ਗੁਰਚਰਨ ਸਿੰਘ ਮਾਨ, ਇਕਬਾਲ ਸਿੰਘ ਮਘੇੜਾ, ਤਰਸੇਮ ਨਰੂਲਾ, ਮੰਦਰ ਸਿੰਘ, ਰਵਿੰਦਰ ਸਿੰਘ ਰਿਪੀ, ਤਾਰਾ ਸਿੰਘ, ਮਦਨ ਲਾਲ, ਗਮਦੂਰ ਸਿੰਘ ਬਰਾੜ, ਸੁਸ਼ੀਲ ਕੁਮਾਰ, ਹਰਦੇਵ ਸਿੰਘ ਗਿੱਲ, ਜਸਪਾਲ ਸਿੰਘ, ਅਵਤਾਰ ਸਿੰਘ, ਸੁਖਮੰਦਰ ਸਿੰਘ ਆਦਿ ਹਾਜ਼ਰ ਸਨ।

## ਵਿਧਾਇਕ ਦਹੀਆ ਨੇ ਆਪ ਆਗੂ ਦਰਸ਼ਨ ਸਿੰਘ ਤੇ ਬਲਕਾਰ ਸਿੰਘ ਨਾਲ ਕੀਤਾ ਦੁੱਖ ਸਾਂਝਾ



**ਮਮਦੋਟ (ਜਸਬੀਰ ਸਿੰਘ ਕੰਬੋਜ)**- ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਦਰਸ਼ਨ ਸਿੰਘ ਤੇ ਬਲਕਾਰ ਸਿੰਘ ਜੋਸਨ (ਸ਼ੇਖੂਪੁਰੀਆ) ਸਰਪੰਚ ਪਿੰਡ ਜੋਧਪੁਰ ਦੇ ਵੱਡੇ ਭਰਾਤਾ ਤਰਲੋਕ ਸਿੰਘ (ਕੰਡਕਟਰ) ਗੀਟਾ; ਇੰਸਪੈਕਟਰ ਪੰਜਾਬ ਰੋਡਵੇਜ਼ ਦੇ ਬੀਤੇ ਦਿਨ ਹੋਏ ਅਚਨਚੇਤ ਦੇਹਾਂਤ 'ਤੇ ਅੱਜ ਪਰਵਾਰ ਨਾਲ ਦੁੱਖ ਸਾਂਝਾ ਕਰਨ ਉਨ੍ਹਾਂ ਦੇ ਗ੍ਰਹਿ ਪੁੱਜੇ। ਐਡਵੋਕੇਟ ਰਜਨੀਸ਼ ਦਹੀਆ ਐੱਮ ਐੱਲ ਏ ਹਲਕਾ ਫਿਰੋਜ਼ਪੁਰ ਦਿਹਾਤੀ ਨੇ ਸੀਨੀਅਰ ਆਗੂ ਦਰਸ਼ਨ ਸਿੰਘ, ਬਲਕਾਰ ਸਿੰਘ ਸਰਪੰਚ ਅਤੇ ਸ੍ਰ. ਤਰਲੋਕ ਸਿੰਘ ਦੇ ਸਪੁੱਤਰ ਸੁਖਚੈਨ ਸਿੰਘ, ਤਜਿੰਦਰ ਪਾਲ ਸਿੰਘ ਪੋਤਰੇ ਅਕਾਸ਼ ਤੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਉਨ੍ਹਾਂ ਨਾਲ ਬਲਰਾਜ ਸਿੰਘ ਸੰਧੂ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ, ਉਪਿੰਦਰ ਸਿੰਘ ਪ੍ਰਧਾਨ ਨਗਰ ਪੰਚਾਇਤ ਮਮਦੋਟ, ਨਿਰਵੈਰ ਸਿੰਘ ਸਿੰਧੀ, ਬਲਵਿੰਦਰ ਸਿੰਘ ਸਰਪੰਚ ਰਾਓ ਕੇ, ਸੁਰਿੰਦਰ ਕੁਮਾਰ ਸੋਨੂੰ ਸੇਠੀ, ਸੰਦੀਪ ਕੁਮਾਰ ਸੋਨੀ ਵਾਈਸ ਮੀਡੀਆ ਇੰਚਾਰਜ, ਤਰਸੇਮ ਕੁਮਾਰ (ਸੋਨੂੰ) ਛੱਪੜ ਤੇ ਸਾਜਨ ਵੀ ਉਨ੍ਹਾ ਨਾਲ ਸਨ। ਸ੍ਰ. ਤਰਲੋਕ ਸਿੰਘ ਨਮਿਤ ਰੱਖੇ ਸ੍ਰੀ ਅਖੰਡ ਪਾਠ ਦਾ ਭੋਗ ਤੇ ਅੰਤਮ ਅਰਦਾਸ ਪਿੰਡ ਜੋਧਪੁਰ ਉਨ੍ਹਾ ਦੇ ਗ੍ਰਹਿ ਵਿਖੇ 14 ਅਕਤੂਬਰ ਨੂੰ 12 ਤੋਂ ਇੱਕ ਵਜੇ ਹੋਵੇਗੀ।

## ਕਮਿਊਨਿਟੀ ਹਾਲ ਦੀ ਉਸਾਰੀ ਦੇ ਵਿਰੋਧ 'ਚ ਮੁਹੱਲਾ ਵਾਸੀਆਂ ਵੱਲੋਂ ਧਰਨਾ

**ਧੂਰੀ (ਮਨੋਹਰ ਸੱਗੂ, ਬਿੰਨੀ ਗਰਗ, ਮੋਹਿਤ ਗਰਗ)**- ਸਥਾਨਕ ਰਾਮਬਾਗ ਪ੍ਰਬੰਧਕ ਕਮੇਟੀ ਵੱਲੋਂ ਕਰੀਬ 3 ਕਰੋੜ ਰੁਪਏ ਦੀ ਲਾਗਤ ਨਾਲ ਉਸਾਰੇ ਜਾ ਰਹੇ ਕਮਿਊਨਿਟੀ ਹਾਲ ਦੇ ਵਿਰੋਧ 'ਚ ਨੇੜਲੇ ਮੁਹੱਲਾ ਨਿਵਾਸੀਆਂ ਵੱਲੋਂ ਰਾਮਬਾਗ ਦੇ

● **ਧਰਨਾਕਾਰੀਆਂ ਦੇ ਦੋਸ਼ ਬੇਬੁਨਿਆਦ : ਰਾਮਬਾਗ ਕਮੇਟੀ**

ਬਾਹਰ ਧਰਨਾ ਦਿੰਦਿਆਂ ਕੁੱਝ ਸਮੇਂ ਲਈ ਆਵਾਜਾਈ ਠੱਪ ਕੀਤੀ ਗਈ।ਇਸ ਮੌਕੇ ਧਰਨਾਕਾਰੀਆਂ ਵੱਲੋਂ ਰਾਮਬਾਗ ਕਮੇਟੀ 'ਤੇ ਹਾਲ ਦੀ ਉਸਾਰੀ 'ਚ ਸਰਕਾਰੀ ਨਿਯਮਾਂ ਦੀ ਅਣਦੇਖੀ ਕਰਨ, ਨਕਸ਼ਾ ਪਾਸ ਨਾ ਕਰਵਾਉਣ, ਸੀ ਐੱਲ ਯੂ ਨਾ ਕਰਵਾਉਣ ਤੇ ਫਾਇਰ ਸਬੰਧੀ ਐੱਨ ਓ ਸੀ ਨਾ ਲੈਣ ਦੇ ਦੋਸ਼ ਲਗਾਉਂਦਿਆਂ ਪ੍ਰਸ਼ਾਸਨ ਤੋਂ ਹਾਲ ਦੀ ਉਸਾਰੀ ਰੋਕਣ ਦੀ ਮੰਗ ਕੀਤੀ ਗਈ। ਇਸ ਤੋਂ ਬਾਅਦ ਰਾਮਬਾਗ ਪ੍ਰਬੰਧਕ ਕਮੇਟੀ ਵੱਲੋਂ ਸੱਦੀ ਗਈ ਪ੍ਰੈੱਸ ਕਾਨਫਰੰਸ 'ਚ ਕਮੇਟੀ ਦੇ ਪ੍ਰਧਾਨ ਐਡਵੋਕੇਟ ਪਵਨ ਕੁਮਾਰ ਗਰਗ ਤੇ ਜਨਰਲ ਸਕੱਤਰ ਐਡਵੋਕੇਟ ਰਾਜ ਕੁਮਾਰ ਸਿੰਗਲਾ ਨੇ ਧਰਨਾਕਾਰੀਆਂ ਵੱਲੋਂ ਲਗਾਏ ਜਾ ਰਹੇ ਦੋਸ਼ਾਂ ਤੇ ਪ੍ਰਗਟਾਏ ਜਾ ਰਹੇ ਸ਼ੰਕਿਆਂ ਨੂੰ ਨਿਰਆਧਾਰ ਕਰਾਰ ਦਿੰਦਿਆਂ ਕਿਹਾ ਕਿ



ਕਮਿਊਨਿਟੀ ਹਾਲ ਦੀ ਉਸਾਰੀ ਨਿਯਮਾਂ ਤੇ ਸਰਕਾਰੀ ਹਦਾਇਤਾਂ ਅਨੁਸਾਰ ਕੀਤੀ ਜਾ ਰਹੀ ਹੈ।ਉਨ੍ਹਾਂ ਧਰਨਾਕਾਰੀਆਂ ਵੱਲੋਂ ਨਕਸ਼ਾ ਪਾਸ ਨਾ ਕਰਵਾਉਣ, ਫਾਇਰ ਸਬੰਧੀ ਐੱਨ ਓ ਸੀ ਨਾ ਲੈਣ ਤੇ ਸੀ ਐੱਲ ਯੂ ਨਾ ਕਰਵਾਉਣ ਬਾਰੇ ਲਗਾਏ ਗਏ ਦੋਸ਼ਾਂ ਬਾਰੇ ਸਪੱਸ਼ਟ ਕਰਦਿਆਂ ਕਿਹਾ ਕਿ ਹਾਲ ਦੀ ਉਸਾਰੀ ਲਈ ਇੱਕ ਕਰੋੜ ਰੁਪਏ ਦੀ ਸਰਕਾਰੀ ਗ੍ਰਾਂਟ ਲੈਣ ਤੋਂ ਪਹਿਲਾਂ ਸਰਕਾਰ ਨੂੰ ਬਾਕਾਇਦਾ ਹਾਲ ਦੀ ਉਸਾਰੀ ਸਬੰਧੀ ਪੂਰੀ ਪ੍ਰੋਜੈਕਟ ਰਿਪੋਰਟ ਬਣਾ ਕੇ ਭੇਜੀ ਗਈ ਸੀ ਤੇ ਉਸਾਰੀ ਸਮੇਂ ਫਾਇਰ ਸਿਸਟਮ ਸਬੰਧੀ ਸਾਰੇ ਨਿਯਮ ਅਪਣਾਏ ਜਾ ਰਹੇ ਹਨ, ਜਦੋਂਕਿ ਪਾਰਕਿੰਗ ਲਈ ਜਿੱਥੇ ਸਾਡੇ ਕੋਲ ਪਹਿਲਾਂ ਹੀ ਪ੍ਰਬੰਧ ਹੈ, ਉਥੇ ਲੋੜ ਪੈਣ 'ਤੇ ਸਾਡੇ ਕੋਲ 2 ਵਿੱਘੇ ਜ਼ਮੀਨ ਹੋਰ ਖਾਲੀ ਪਈ ਹੈ।ਇੱਕ ਵਿਅਕਤੀ ਵੱਲੋਂ ਮਾਨਯੋਗ ਹਾਈਕੋਰਟ 'ਚ ਦਾਇਰ ਕੀਤੀ ਅਪੀਲ ਬਾਰੇ ਸਪੱਸ਼ਟ ਕਰਦਿਆਂ ਉਨ੍ਹਾਂ ਕਿਹਾ ਕਿ ਵਿਵਾਦਤ ਦੱਸੀ ਜਾ ਰਹੀ ਜ਼ਮੀਨ ਸ਼ਮਸ਼ਾਨ ਘਾਟ ਕਮੇਟੀ ਵੱਲੋਂ 1962 'ਚ ਖਰੀਦੀ ਗਈ ਸੀ, ਜਿਸ ਸਬੰਧੀ ਸਾਡੇ ਕੋਲ ਬਾਕਾਇਦਾ ਰਜਿਸਟਰੀ ਹੈ ਤੇ ਇਸ ਜਗ੍ਹਾ ਦਾ ਇੰਤਕਾਲ ਬਾਕਾਇਦਾ ਸ਼ਮਸ਼ਾਨ ਘਾਟ ਕਮੇਟੀ ਦੇ ਨਾਮ ਮਾਲ ਵਿਭਾਗ ਦੇ ਰਿਕਾਰਡ 'ਚ ਦਰਜ ਹੈ। ਉਪਰੋਕਤ ਪ੍ਰਬੰਧਕਾਂ ਨੇ ਕਿਹਾ ਕਿ ਕਮਿਊਨਿਟੀ ਹਾਲ ਸਰਕਾਰ ਤੇ ਲੋਕਾਂ ਦੇ ਸਹਿਯੋਗ ਨਾਲ ਬਣਾਇਆ ਜਾ ਰਿਹਾ ਹੈ, ਜਿਸ ਦਾ ਲਾਭ ਆਮ ਲੋਕਾਂ ਨੂੰ ਆਪਣੇ ਕਾਰਜ ਕਰਨ 'ਚ ਮਿਲੇਗਾ ਅਤੇ ਹਾਲ ਦੀ ਉਸਾਰੀ ਲਈ ਲੋਕਾਂ ਤੇ ਵੱਖ ਵੱਖ ਸੰਸਥਾਵਾਂ ਵੱਲੋਂ ਭਰਪੂਰ ਸਹਿਯੋਗ ਮਿਲ ਰਿਹਾ ਹੈ।ਉਨ੍ਹਾਂ ਕਿਹਾ ਕਿ ਰਾਮਬਾਗ ਕਮੇਟੀ ਵੱਲੋਂ ਹੁਣ ਤੱਕ ਰਾਮਬਾਗ ਦੇ ਨਵੀਨੀਕਰਨ 'ਤੇ ਕਰੋੜਾਂ ਰੁਪਏ ਖਰਚ ਕੀਤੇ ਜਾ ਚੁੱਕੇ ਹਨ, ਜਿਸ ਕਰਕੇ ਧੂਰੀ ਦਾ ਰਾਮਬਾਗ ਪੰਜਾਬ 'ਚ ਇੱਕ ਮਿਸਾਲ ਹੈ, ਜਿੱਥੇ ਬੱਚਿਆਂ ਲਈ ਪਾਰਕ ਤੇ ਆਮ ਲੋਕਾਂ ਲਈ ਸੈਰਗਾਹ ਦੀ ਸਹੂਲਤ ਹੈ।ਇਸ ਮੌਕੇ ਕਮੇਟੀ ਦੇ ਮੀਤ ਪ੍ਰਧਾਨ ਹੰਸ ਰਾਜ ਬਜਾਜ, ਪ੍ਰੋਜੈਕਟ ਇੰਚਾਰਜ ਸਤੀਸ਼ ਕੁਮਾਰ ਗਰਗ, ਰਮੇਸ਼ ਗਰਗ, ਅਸ਼ੋਕ ਭੰਡਾਰੀ, ਰਵੀਸ਼ ਸਿੰਗਲਾ ਤੇ ਤਰਸੇਮ ਜੈਨ ਆਦਿ ਮੌਜੂਦ ਸਨ।

## ਥਾਣਾ ਬੱਧਨੀ ਕਲਾਂ ਪੁਲਸ ਵੱਲੋਂ ਅੰਨ੍ਹੇ ਕਤਲ ਦਾ ਪਰਦਾ ਫਾਸ਼, 2 ਕਾਬੂ

**ਮੋਗਾ (ਇਕਬਾਲ ਸਿੰਘ ਖਹਿਰਾ)**- ਮੋਗਾ ਜ਼ਿਲ੍ਹੇ ਵਿੱਚ ਮਾੜੇ ਅਨਸਰਾ ਵਿਰੁੱਧ ਚਲਾਈ ਗਈ ਮੁਹਿਮ ਤਹਿਤ ਅਜੈ ਗਾਂਧੀ ਐੱਸ.ਐੱਸ.ਪੀ. ਮੋਗਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਾਲ ਕ੍ਰਿਸ਼ਨ ਐੱਸ ਪੀ ਆਈ ਮੋਗਾ, ਅਨਵਰ ਅਲੀ ਉਪ ਕਪਤਾਨ ਪੁਲਸ



ਨਿਹਾਲ ਸਿੰਘ ਵਾਲਾ ਦੀ ਯੋਗ ਅਗਵਾਈ ਹੇਠ ਐਸ ਐਚ ਓ ਰਾਜ ਸਿੰਘ ਮੁੱਖ ਅਫਸਰ ਥਾਣਾ ਬੱਧਨੀ ਕਲਾਂ ਵੱਲੋਂ 10 ਅਕਤੂਬਰ 2025 ਨੂੰ ਕਤਲ ਕੇਸ ਨੂੰ ਟਰੇਸ ਕਰਕੇ ਦੋ 2 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।ਮਿਤੀ 4.10.2025 ਨੂੰ ਮ੍ਰਿਤਕ ਲਾਲੀ ਖਾਨ ਪੁਤਰ ਨਾਜਰ ਖਾਨ ਵਾਸੀ ਬੱਧਨੀ ਕਲਾਂ ਦੀ ਤਿੰਨ ਨਾ-ਮਲੂਮ ਵਿਅਕਤੀਆਂ ਵੱਲੋਂ ਪੁਰਾਣੀ ਰੰਜਿਸ਼ ਦੇ ਚਲਦੇ ਕੁੱਟ-ਮਾਰ ਕੀਤੀ ਗਈ ਸੀ, ਜਿਸ ਦੀ ਇਲਾਜ ਦੌਰਾਨ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਫਰੀਦਕੋਟ ਵਿਚ ਮੌਤ ਹੋ ਗਈ ਸੀ, ਜਿਸ 'ਤੇ ਪੁਲਸ ਵਲੋਂ ਤਿੰਨ ਨਾ-ਮਲੂਮ ਵਿਅਕਤੀਆਂ ਖਿਲਾਫ ਮੁਕੱਦਮਾਂ ਨੰਬਰ 184 ਮਿਤੀ 6.10.2025 ਅ/ਧ 103, 3(5) ਬੀ ਐਨ ਐਸ ਥਾਣਾ ਬੱਧਨੀ ਕਲਾਂ ਦਰਜ ਰਜਿਸਟਰ ਕੀਤਾ ਗਿਆ। ਸੀਨੀਅਰ ਅਫਸਰਾਂ ਦੀਆਂ ਹਦਾਇਤਾਂ ਉਕਤ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਸਬੰਧੀ ਵੱਖ-ਵੱਖ ਟੀਮਾਂ ਤਿਆਰ ਕਰਕੇ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ ਗਈ। ਟੈਕਨੀਕਲ ਇੰਟੈਲੀਜੈਂਸ ਤੇ ਹਿਊਮਨ ਇੰਟੈਲੀਜੈਂਸ ਦੀ ਮਦਦ ਨਾਲ ਮਿਤੀ 10/10/2025 ਨੂੰ ਗੁਰਮੀਤ ਸਿੰਘ ਉਰਫ ਗੱਗੂ ਪੁੱਤਰ ਸੇਵਕ ਸਿੰਘ ਵਾਸੀ ਬੱਧਨੀ ਕਲਾਂ ਤੇ ਸੁਖਪ੍ਰੀਤ ਸਿੰਘ ਉਰਫ ਕਾਕਾ ਸਿੰਘ ਉਰਫ ਕੇਲਾ ਪੁੱਤਰ ਬਲਜਿੰਦਰ ਸਿੰਘ ਵਾਸੀ ਬੱਧਨੀ ਕਲਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।ਇਨ੍ਹਾਂ ਨੂੰ ਅੱਜ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਪੁੱਛ-ਗਿੱਛ ਕੀਤੀ ਜਾਵੇਗੀ।

## ਸਾਬਕਾ ਵਿਧਾਇਕ ਸੁਖਪਾਲ ਸਿੰਘ ਨੰਨੂ ਦੀ ਅਕਾਲੀ ਦਲ 'ਚ ਸ਼ਮੂਲੀਅਤ

### ਨੰਨੂ ਦਾ ਫੈਸਲਾ 'ਆਪ' ਲਈ ਵੱਡਾ ਝਟਕਾ : ਸੁਖਬੀਰ ਬਾਦਲ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਪੰਜਾਬ ਦੀ ਸਿਆਸਤ ਵਿੱਚ ਉਸ ਸਮੇਂ ਇੱਕ ਵੱਡਾ ਰਾਜਨੀਤਕ ਘਟਨਾਕ੍ਰਮ ਦੇਖਣ ਨੂੰ ਮਿਲਿਆ, ਜਦੋਂ ਫਿਰੋਜ਼ਪੁਰ ਤੋਂ ਸਾਬਕਾ ਵਿਧਾਇਕ ਸੁਖਪਾਲ ਸਿੰਘ ਨੰਨੂ ਨੇ ਆਪਣੇ ਅਣਗਿਣਤ ਸਮਰਥਕਾਂ ਸਮੇਤ ਸ਼੍ਰੋਮਣੀ ਅਕਾਲੀ ਦਲ ਵਿੱਚ ਮੁੜ ਸ਼ਮੂਲੀਅਤ ਕਰ ਲਈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੁਖਪਾਲ ਸਿੰਘ ਨੰਨੂ ਦਾ ਪਾਰਟੀ ਦਫ਼ਤਰ ਵਿਖੇ ਨਿੱਘਾ ਸਵਾਗਤ ਕੀਤਾ। ਇਸ ਮੌਕੇ ਉਨ੍ਹਾਂ ਨੰਨੂ ਦੀ ਸ਼ਮੂਲੀਅਤ ਨੂੰ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਅਹਿਮ ਬਦਲਾਅ ਦੱਸਿਆ। ਸੁਖਬੀਰ ਬਾਦਲ ਨੇ ਸਪੱਸ਼ਟ ਕੀਤਾ ਕਿ ਨੰਨੂ ਵਰਗੇ ਤਜਰਬੇਕਾਰ ਤੇ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਜੁੜੇ ਹੋਏ ਨੇਤਾ ਦਾ ਅਕਾਲੀ ਦਲ ਵਿੱਚ ਆਉਣਾ, ਸੱਤਾਧਾਰੀ ਆਮ ਆਦਮੀ ਪਾਰਟੀ ਲਈ ਇਕ ਕਰਾਰਾ ਝਟਕਾ ਹੈ। ਪਾਰਟੀ ਪ੍ਰਧਾਨ ਨੇ ਅੱਗੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ



ਹਮੇਸ਼ਾ ਹੀ ਪੰਜਾਬ ਤੇ ਪੰਜਾਬੀਅਤ ਦੇ ਹਿੱਤਾਂ ਦੀ ਰਾਖੀ ਲਈ ਸਮਰਪਤ ਰਿਹਾ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਸੁਖਪਾਲ ਸਿੰਘ ਨੰਨੂ ਨੂੰ ਪਾਰਟੀ ਵਿੱਚ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ ਤੇ ਲੋਕ ਸੇਵਾ ਦੇ ਕਾਰਜਾਂ ਵਿੱਚ ਉਨ੍ਹਾਂ ਨੂੰ ਇੱਕ ਅਹਿਮ ਤੇ ਯੋਗ ਭੂਮਿਕਾ ਸੌਂਪੀ ਜਾਵੇਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਦੇ ਹੋਏ, ਅਕਾਲੀ ਦਲ ਲੋਕਾਂ ਦੀ ਸੇਵਾ ਤੇ ਸੂਬੇ ਦੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਸਾਬਕਾ ਵਿਧਾਇਕ ਸੁਖਪਾਲ ਸਿੰਘ ਨੰਨੂ ਦੀ ਅਕਾਲੀ ਦਲ ਵਿੱਚ ਵਾਪਸੀ ਨੂੰ ਆਉਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਇਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ। ਉਨ੍ਹਾਂ ਦੀ ਸ਼ਮੂਲੀਅਤ ਨਾਲ ਫਿਰੋਜ਼ਪੁਰ ਤੇ ਆਸ-ਪਾਸ ਦੇ ਇਲਾਕਿਆਂ ਵਿੱਚ ਪਾਰਟੀ ਦੀ ਰਾਜਨੀਤਕ ਪਕੜ ਹੋਰ ਮਜ਼ਬੂਤ ਹੋਣ ਦੀ ਉਮੀਦ ਹੈ, ਜਿਸ ਨਾਲ ਪੰਜਾਬ ਦੇ ਰਾਜਨੀਤਕ ਸਮੀਕਰਨਾਂ ਵਿੱਚ ਵੱਡਾ ਬਦਲਾਅ ਆ ਸਕਦਾ ਹੈ। ਨੰਨੂ ਨੇ ਇਸ ਮੌਕੇ ਪਾਰਟੀ ਪ੍ਰਧਾਨ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਪਾਰਟੀ ਦੀ ਮਜ਼ਬੂਤੀ ਲਈ ਤਨਦੇਹੀ ਨਾਲ ਕੰਮ ਕਰਨਗੇ।

## ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਜ਼ਿਲ੍ਹਾ ਬਾਡੀ ਦੀ ਚੋਣ

**ਫਾਜ਼ਿਲਕਾ (ਪਰਮਜੀਤ ਢਾਬਾਂ)**- ਫ਼ੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ (ਵਿਗਿਆਨਕ) ਦੀ ਜ਼ਿਲ੍ਹਾ ਫਾਜ਼ਿਲਕਾ ਦੀ ਜ਼ਿਲ੍ਹਾ ਬਾਡੀ ਦੀ ਚੋਣ ਸੂਬਾਈ ਪ੍ਰਧਾਨ ਬਿੱਕਰ ਸਿੰਘ ਮਾਖਾ ਤੇ ਸੂਬਾਈ ਆਗੂ ਸ੍ਰੀ ਹਰਦੀਪ ਕੁਮਾਰ ਸ਼ਰਮਾ ਸੰਗਰੂਰ ਦੀ ਪ੍ਰਧਾਨਗੀ ਹੇਠ ਅੱਜ ਸਥਾਨਕ ਪ੍ਰਤਾਪ ਬਾਗ ਵਿਖੇ ਹੋਈ। ਇਸ ਚੋਣ

● **ਮਹਿੰਦਰ ਸਿੰਘ ਘੱਲੂ ਪ੍ਰਧਾਨ ਤੇ ਹਰਭਜਨ ਸਿੰਘ ਠਠੇਰਾਂ ਜਨਰਲ ਸਕੱਤਰ ਬਣੇ**

ਦੌਰਾਨ ਭਰਾਤਰੀ ਜਥੇਬੰਦੀ ਪਸਸਫ ਵਿਗਿਆਨਕ ਦੇ ਜ਼ਿਲ੍ਹਾ ਜਨਰਲ ਸਕੱਤਰ ਜਸਵਿੰਦਰ ਸਿੰਘ ਤੇ ਵਿੱਤ ਸਕੱਤਰ ਰੇਸ਼ਮ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ।ਇਸ ਚੋਣ ਦੌਰਾਨ ਹਿੰਮਤ ਸਿੰਘ ਦੂਲੋਵਾਲ ਤੇ ਮਾਨਸਾ ਤੋਂ ਆਗੂ ਜਸਪ੍ਰੀਤ ਸਿੰਘ ਵਾਲੀਆ ਮਾਖਾ ਸ਼ਾਮਲ ਹੋਏ। ਚੁਣੇ ਹੋਏ ਨੁਮਾਇੰਦਿਆਂ ਵਿੱਚ ਚੇਅਰਮੈਨ ਅਮੀਰ ਸਿੰਘ, ਪ੍ਰਧਾਨ ਮਹਿੰਦਰ ਸਿੰਘ ਘੱਲੂ, ਜਨਰਲ ਸਕੱਤਰ ਹਰਭਜਨ ਸਿੰਘ ਠਠੇਰਾਂ, ਕੈਸ਼ੀਅਰ ਮਹਿੰਦਰ ਪਾਲ, ਸੀਨੀਅਰ ਮੀਤ ਪ੍ਰਧਾਨ ਨਰਿੰਦਰ ਖੁੰਗਰ, ਸੀਨੀਅਰ ਮੀਤ ਪ੍ਰਧਾਨ ਧਰਮਪਾਲ, ਮੀਤ ਪ੍ਰਧਾਨ ਪ੍ਰੀਤਮ ਸਿੰਘ ਜਲਾਲਾਬਾਦ, ਮੀਤ ਪ੍ਰਧਾਨ ਸੁਖਮਿੰਦਰ ਸਿੰਘ, ਜਥੇਬੰਦਕ ਸਕੱਤਰ ਰਾਮ ਕੁਮਾਰ, ਸਹਾਇਕ ਵਿੱਤ ਸਕੱਤਰ ਟੇਕ ਚੰਦ ਸ਼ਾਮਲ ਹਨ।ਨਵੀਂ ਚੁਣੀ




ਗਈ ਟੀਮ ਵੱਲੋਂ ਸਾਥੀਆਂ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਜਲਦੀ ਨੂੰ ਪੂਰਾ ਕਰੇ ਜਿਵੇਂ ਕਿ ਸਾਰੇ ਵਿਭਾਗਾਂ ਵਿਚ ਕੰਮ ਕਰਦੇ ਕੱਚੇ ਕਾਮੇ ਪੱਕੇ ਕੀਤੇ ਜਾਣ, ਵਿਭਾਗਾਂ ਦਾ ਨਿੱਜੀਕਰਨ ਬੰਦ ਕੀਤਾ ਜਾਵੇ, ਠੇਕੇ 'ਤੇ ਭਰਤੀ ਬੰਦ ਕਰਕੇ ਰੈਗੂਲਰ ਭਰਤੀ ਚਾਲੂ ਕੀਤੀ ਜਾਵੇ, ਮਿੱਡ ਡੇ ਮੀਲ, ਆਸ਼ਾ ਵਰਕਰ, ਆਂਗਣਵਾੜੀ ਵਰਕਰ ਪੱਕੇ ਕੀਤੇ ਜਾਣ, ਘੱਟੋ ਘੱਟ ਉਜ਼ਰਤਾਂ ਲਾਗੂ ਕੀਤੀਆਂ ਜਾਣ, ਬਕਾਇਆ ਡੀ ਏ ਦੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ ਅਤੇ ਪੇ ਕਮਿਸ਼ਨ ਦੇ ਬਕਾਏ ਦਿੱਤੇ ਜਾਣ, 37 ਪ੍ਰਕਾਰ ਦੇ ਭੱਤੇ ਬਹਾਲ ਕੀਤੇ ਜਾਣ, 2.59 ਦੇ ਗੁਣਾਂਕ ਨਾਲ ਪੈਨਸ਼ਨ ਲਾਗੂ ਕੀਤੀ ਜਾਵੇ, ਵਾਟਰ ਵਰਕਸ ਦਾ ਪੰਚਾਇਤੀਕਰਨ ਬੰਦ ਕੀਤਾ ਜਾਵੇ ਤੇ ਪੰਚਾਇਤ ਨੂੰ ਦਿੱਤੀਆਂ ਸਕੀਮਾਂ ਵਾਪਸ ਮਹਿਕਮੇ ਨੂੰ ਦਿੱਤੀਆਂ ਜਾਣ।ਸਮੂਹ ਚੁਣੇ ਗਏ ਆਗੂਆਂ ਨੇ ਵਿਸ਼ਵਾਸ ਦਿਵਾਇਆ ਕਿ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਵੱਲੋਂ ਸੰਘਰਸ਼ ਕੀਤੇ ਜਾ ਰਹੇ ਸੰਘਰਸ਼ ਵਿੱਚ ਜ਼ਿਲ੍ਹਾ ਫਾਜ਼ਿਲਕਾ ਦੇ ਸਾਥੀ ਵੱਧ ਚੜ੍ਹ ਕੇ ਹਿੱਸਾ ਲੈਣਗੇ।

## ਸੰਤ ਲੌਂਗੋਵਾਲ ਇੰਸਟੀਚਿਊਟ ਦੀ ਸ਼ਾਨਦਾਰ ਉਪਲਬਧੀ

**ਲੌਂਗੋਵਾਲ (ਪ੍ਰਦੀਪ ਸੱਪਲ)** ਇੱਕ ਵਾਰ ਫਿਰ ਸੰਤ ਲੌਂਗੋਵਾਲ ਇੰਸਟਿਟਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨੋਲੋਜੀ ਨੇ ਮਾਣ ਦਾ ਵਿਸ਼ਾ ਬਣਦਿਆਂ ਖ਼ਬਰਾਂ 'ਚ ਆਪਣੀ ਵਿਸ਼ੇਸ਼ ਪਛਾਣ ਬਣਾਈ ਹੈ।ਇਸ ਵਾਰ ਸੰਸਥਾਨ ਨੇ ਇਨਫੋਸਿਸ ਜੋ ਵਿਸ਼ਵ ਭਰ ਦੇ 50 ਤੋਂ ਵੱਧ ਦੇਸ਼ਾਂ ਵਿੱਚ ਆਈ.ਟੀ. ਖੇਤਰ ਵਿੱਚ ਕੰਮ ਕਰਨ ਵਾਲੀ ਇੱਕ ਪ੍ਰਸਿੱਧ ਬਹੁਰਾਸ਼ਟਰੀ ਕੰਪਨੀ ਹੈ, 'ਚ ਆਪਣੇ ਕਈ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਦੀ ਚੋਣ ਕਰਾਈ ਤੇ ਰਿਕਾਰਡਤੋੜ ਪਲੇਸਮੈਂਟ ਉਪਲਬਧੀ ਹਾਸਲ ਕੀਤੀ ਹੈ।ਸਲਾਈਟ ਨੇ ਸਾਲਾਂ ਤੋਂ ਚੱਲ ਰਹੀ ਆਪਣੀ ਉਤਕ੍ਰਿਸ਼ਟ ਪਲੇਸਮੈਂਟ ਪਰੰਪਰਾ ਨੂੰ ਜਾਰੀ ਰੱਖਦਿਆਂ ਇੱਕ ਵਾਰ ਫਿਰ ਸਫ਼ਲਤਾ ਦੇ ਸ਼ਿਖਰ ਨੂੰ ਛੂਹਿਆ ਹੈ।ਸੰਸਥਾਨ ਦੇ ਡਾਇਰੈਕਟਰ ਪ੍ਰੋ. ਮਣੀ ਕਾਂਤ ਪਸਵਾਨ ਦੀ ਅਗਵਾਈ ਹੇਠ ਸਾਰੇ ਵਿਭਾਗ, ਵਿਦਿਆਰਥੀ




ਕਲੱਬ ਤੇ ਸੁਸਾਇਟੀਆਂ ਇਕਜੁਟ ਹੋ ਕੇ ਸੰਸਥਾਨ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਣ ਲਈ ਲਗਾਤਾਰ ਯਤਨ ਕਰ ਰਹੀਆਂ ਹਨ।ਕਈ ਰਾਸ਼ਟਰੀ ਤੇ ਅੰਤਰਰਾਸ਼ਟਰੀ ਪ੍ਰਸਿੱਧ ਸੰਸਥਾਵਾਂ ਐਸ.ਐੱਲ.ਆਈ.ਈ.ਟੀ. ਨੂੰ ਪ੍ਰਤਿਭਾ ਤੇ ਨਵੀਨਤਾ ਦਾ ਕੇਂਦਰ ਮੰਨ ਰਹੀਆਂ ਹਨ। ਇਸ ਅਗਵਾਈ ਕਰਨ ਵਾਲੀਆਂ ਕੰਪਨੀਆਂ ਜਿਵੇਂ ਕਿ ਟੀਸੀਐਸ, ਜੇਐਸਡਬਲਯੂ, ਐਚਐਮਈਐਲ, ਐਚਯੂਐਲ, ਮਹਿੰਦਰਾ ਐਂਡ ਮਹਿੰਦਰਾ, ਐਕਸੈਂਚਰ, ਵਰਚੂਸਾ, ਆਈਐਸਜੀਈਸੀ, ਐਲਐਂਡਟੀ, ਆਈਓਐੱਲਸੀਪੀ, ਵੀਏ ਟੈਕ ਵਾਬੈਗ, ਐਕਸ਼ਨ ਦੇਸਾ ਅਤੇ ਹੋਰ ਕਈ ਕੰਪਨੀਆਂ ਭਰਤੀ ਮੁਹਿੰਮਾਂ ਲਈ ਸਲਾਈਟ ਨਾਲ ਸਾਂਝੇਦਾਰੀ ਕਰ ਰਹੀਆਂ ਹਨ। ਸਾਰੇ ਵਿਭਾਗਾਂ ਦੇ ਵਿਦਿਆਰਥੀਆਂ ਨੇ ਇਸ ਸੈਸ਼ਨ ਦੇ ਇਨਫੋਸਿਸ ਡਰਾਈਵ ਲਈ ਵੱਡਾ ਉਤਸ਼ਾਹ, ਸਮਰਪਣ ਅਤੇ ਦ੍ਰਿੜ ਸੰਕਲਪ ਦਿਖਾਇਆ।ਰੇਨਿੰਗ ਤੇ ਪਲੇਸਮੈਂਟ ਵਿਭਾਗ ਦੇ ਮੁਖੀ ਪ੍ਰੋ. ਮੇਜਰ ਸਿੰਘ ਗੋਰਾਇਆ ਅਨੁਸਾਰ ਇਹ ਉਪਲਬਧੀ ਸੰਸਥਾਨ ਦੇ ਹਰ ਪੱਧਰ 'ਤੇ ਪ੍ਰਗਟ ਹੋ ਰਹੇ ਅਟੁੱਟ ਸਮਰਪਣ, ਸਕਾਰਾਤਮਕ ਸੋਚ ਤੇ ਸਹਿਯੋਗੀ ਭਾਵਨਾ ਦਾ ਨਤੀਜਾ ਹੈ।

## ਕੈਨੇਡਾ 'ਚ ਪੀਆਰ ਦਿਵਾਉਣ ਦਾ ਝਾਂਸਾ ਦੇ ਕੇ 29 ਲੱਖ ਠੱਗੇ, 3 ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਥਾਣਾ ਕੁੱਲਗੜ੍ਹੀ ਦੇ ਅਧੀਨ ਆਉਂਦੇ ਪਿੰਡ ਨਵਾਂ ਪੁਰਬਾ ਵਿਖੇ ਇੱਕ ਨੌਜਵਾਨ ਨੂੰ ਕੈਨੇਡਾ ਵਿੱਚ ਪੀਆਰ ਦਿਵਾਉਣ ਦਾ ਝਾਂਸਾ ਦੇ ਕੇ ਉਸ ਨਾਲ 29 ਲੱਖ ਰੁਪਏ ਠੱਗੀ ਮਾਰਨ ਦੇ ਦੋਸ਼ ਵਿਚ ਥਾਣਾ ਕੁੱਲਗੜ੍ਹੀ ਪੁਲਸ ਨੇ ਦੋ ਔਰਤਾਂ ਸਮੇਤ ਇੱਕ ਵਿਅਕਤੀ ਖਿਲਾਫ 13 ਆਫ ਦੀ ਪੰਜਾਬ ਟਰੇਵਲ ਪ੍ਰੋਫੈਸ਼ਨਲਜ਼ ਰੇਗੂਲੇਸ਼ਨ ਐਕਟ 2014 ਐਂਡ ਸੈਕਸ਼ਨ 120-ਬੀ ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਮਲਕੀਤ ਸਿੰਘ ਨੇ ਦੱਸਿਆ ਕਿ ਇਕ ਦਰਖਾਸਤ ਵੱਲੋਂ ਯੂਆਈਡੀ ਨੰਬਰ 556887 ਮਿਤੀ 24 ਮਾਰਚ 2025 ਵੱਲੋਂ ਨਿਸ਼ਾਨ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਪਿੰਡ ਨਵਾਂ ਪੁਰਬਾ ਤਹਿਸੀਲ ਤੇ ਜ਼ਿਲ੍ਹਾ ਫਿਰੋਜ਼ਪੁਰ ਨੇ ਉਸ ਨੂੰ ਸੁਖਜੀਤ ਕੌਰ ਪਤਨੀ ਸਵਰਨ ਸਿੰਘ ਨਾਲ ਵਿਦੇਸ਼ ਕੈਨੇਡਾ ਭੇਜ ਕੇ ਪੀਆਰ ਸਬੰਧੀ ਗੱਲਬਾਤ ਕੀਤੀ ਤੇ ਉਸ ਸਬੰਧੀ ਨਿਸ਼ਾਨ ਸਿੰਘ ਪਾਸੋਂ ਕਰੀਬ 29 ਲੱਖ ਰੁਪਏ ਖਾਤਿਆਂ ਰਾਹੀਂ ਲਏ ਹਨ। ਨਿਸ਼ਾਨ ਸਿੰਘ ਨੇ ਦੱਸਿਆ ਕਿ ਸਵਰਨ ਸਿੰਘ ਪੁੱਤਰ ਅਜੈਬ ਸਿੰਘ, ਸੁਖਜੀਤ ਕੌਰ ਪਤਨੀ ਸਵਰਨ ਸਿੰਘ ਤੇ ਤਾਨੀਆ ਸੰਧੂ ਪੁੱਤਰੀ ਸਵਰਨ ਸਿੰਘ ਵਾਸੀਅਨ ਨਵਾਂ ਪੁਰਬਾ ਨੇ ਉਸ ਨੂੰ ਕੈਨੇਡਾ ਵਿੱਚ ਪੀਅਰ ਦਿਵਾਉਣ ਦਾ ਝਾਂਸਾ ਦੇ ਕੇ ਠੱਗੀ ਮਾਰੀ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਮਲਕੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਚੋਰੀ ਦੇ 3 ਮੋਟਰਸਾਈਕਲਾਂ ਸਮੇਤ ਮੁਲਜ਼ਮ ਗ੍ਰਿਫਤਾਰ



**ਫ਼ਰੀਦਕੋਟ/ਜੈਤੋ (ਐਲਿਗਜੈਂਡਰ ਡਿਸੂਜਾ/ਸਤੀਸ਼ ਭੀਰੀ)**- ਫਰੀਦਕੋਟ ਪੁਲਸ ਨੇ ਮਾੜੇ ਅਨਸਰਾਂ ਖਿਲਾਫ ਚਲਾਈ ਗਈ ਸਖ਼ਤ ਮੁਹਿੰਮ ਤਹਿਤ ਇੱਕ ਵੱਡੀ ਕਾਰਵਾਈ ਕਰਦੇ ਹੋਏ, ਵਾਹਨ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਇੱਕ ਵੱਡੇ ਮੁਲਜ਼ਮ ਨੂੰ ਕਾਬੂ ਕੀਤਾ ਹੈ।ਸੀ.ਆਈ.ਏ. ਸਟਾਫ਼ ਜੈਤੋ ਦੀ ਟੀਮ ਨੇ ਇਸ ਕਾਰਵਾਈ ਨੂੰ ਸਫਲਤਾਪੂਰਵਕ ਅੰਜਾਮ ਦਿੱਤਾ ਹੈ, ਜਿਸ ਨਾਲ ਚੋਰੀ ਦੇ ਤਿੰਨ ਮੋਟਰਸਾਈਕਲ ਬਰਾਮਦ ਕੀਤੇ ਗਏ ਹਨ।ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਭੁਪਿੰਦਰ ਸਿੰਘ ਆਪਣੀ ਪੁਲਸ ਪਾਰਟੀ ਸਮੇਤ ਬੱਸ ਅੱਡਾ ਜੈਤੋ ਵਿਖੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰ ਰਹੇ ਸਨ। ਇਸੇ ਦੌਰਾਨ ਉਨ੍ਹਾਂ ਨੂੰ ਭਰੋਸੇਯੋਗ ਇਤਲਾਹ ਮਿਲੀ ਕਿ ਮੁਲਜ਼ਮ ਕੁਲਵਿੰਦਰ ਸਿੰਘ ਉਰਫ਼ ਅੰਮ੍ਰਿਤ ਚੋਰੀ ਕੀਤੇ ਮੋਟਰਸਾਈਕਲ ਨੂੰ ਵੇਚਣ ਦੀ ਤਾਕ ਵਿੱਚ ਹੈ।ਪੁਲਸ ਪਾਰਟੀ ਨੇ ਤੁਰੰਤ ਕਾਰਵਾਈ ਕਰਦਿਆਂ ਦਬੜੀਖਾਨਾ ਲਿੰਕ ਰੋਡ 'ਤੇ ਕਬਰਸਤਾਨ ਨਜ਼ਦੀਕ ਘੇਰਾਬੰਦੀ ਕਰ ਮੁਲਜ਼ਮ ਨੂੰ ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ ਕਰ ਲਿਆ।ਉਸ ਤੋਂ ਬਾਅਦ ਕੀਤੀ ਗਈ ਪੁੱਛਗਿੱਛ ਤੇ ਨਿਸ਼ਾਨਦੇਹੀ 'ਤੇ ਪੁਲਸ ਨੇ ਚੋਰੀ ਦੇ ਦੋ ਹੋਰ ਮੋਟਰਸਾਈਕਲ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ।ਇਸ ਸਬੰਧੀ ਥਾਣਾ ਜੈਤੋ ਵਿਖੇ ਮੁਲਜ਼ਮ ਖਿਲਾਫ ਮੁਕੱਦਮਾ ਦਰਜ ਕਰ ਲਿਆ ਗਿਆ ਹੈ।

## ਕਾਮਰੇਡ ਨਛੱਤਰ ਧਾਲੀਵਾਲ ਦੀ ਬਰਸੀ 'ਤੇ ਵੱਡੀ ਗਿਣਤੀ 'ਚ ਪਹੁੰਚਣਗੇ ਨਰੇਗਾ ਕਾਮੇ : ਜਗਸੀਰ ਖੋਸਾ

**ਮੋਗਾ (ਇਕਬਾਲ ਸਿੰਘ ਖਹਿਰਾ)**- ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ (ਏਟਕ) ਜ਼ਿਲ੍ਹਾ ਮੋਗਾ ਦੀ ਮੀਟਿੰਗ ਸਾਥੀ ਸ਼ੇਰ ਸਿੰਘ ਦੌਲਤਪੁਰਾ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਵਿੱਚ ਜਿੱਥੇ ਨਰੇਗਾ ਮਜ਼ਦੂਰਾਂ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ, ਉਥੇ ਉੱਘੇ ਕਮਿਊਨਿਸਟ ਤੇ ਟਰੇਡ ਯੂਨੀਅਨ ਆਗੂ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਦੀ 37ਵੀਂ ਬਰਸੀ ਵਿੱਚ ਨਰੇਗਾ ਮਜ਼ਦੂਰਾਂ ਨੂੰ ਸ਼ਾਮਲ ਕਰਾਉਣ ਬਾਰੇ ਵੀ ਡਿਊਟੀਆਂ ਲਾਈਆਂ ਗਈਆਂ।ਇਸ ਮੌਕੇ ਆਗੂਆਂ ਨਾਲ ਗੱਲਬਾਤ ਕਰਦਿਆਂ ਯੂਨੀਅਨ ਦੇ ਸੂਬਾ ਸਕੱਤਰ ਜਗਸੀਰ ਸਿੰਘ ਖੋਸਾ ਨੇ ਕਿਹਾ ਕਿ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਕੇਵਲ ਰੋਡਵੇਜ਼ ਕਾਮਿਆਂ ਦੇ ਹੀ ਆਗੂ ਨਹੀਂ ਸਨ, ਸਗੋਂ ਸਮੁੱਚੀ ਕਿਰਤ ਕਰਨ ਵਾਲੀ ਜਮਾਤ ਦੇ ਰਾਹ ਦਰਸੇਵੇਂ ਸਨ, ਜਿਨ੍ਹਾਂ ਦੀ ਅੱਜ ਤੋਂ 37 ਸਾਲ ਪਹਿਲਾਂ ਹੋਈ ਸ਼ਹਾਦਤ ਨੇ ਕਿਰਤ ਕਰਨ ਵਾਲੀ ਜਮਾਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਾਇਆ।ਉਨ੍ਹਾਂ ਆਖਿਆ ਕਿ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਨੇ ਆਪਣੇ ਜੀਵਨ ਵਿੱਚ ਉਸ ਵੇਲੇ ਦੇ ਵੱਖ-ਵੱਖ ਖੇਤਰਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਮੁਲਾਜ਼ਮਾਂ, ਕਿਸਾਨਾਂ, ਦੁਕਾਨਦਾਰਾਂ ਤੇ ਨੌਜਵਾਨਾਂ ਵਿਦਿਆਰਥੀਆਂ ਦੀ ਬਾਂਹ ਫੜੀ।ਨਾਲ ਹੀ ਉਸ ਵੇਲੇ ਧਰਮ ਦੇ



ਨਾਂ 'ਤੇ ਵੰਡੀਆਂ ਪਾ ਕੇ ਆਪਣਾ ਉੱਲੂ ਸਿੱਧਾ ਕਰਨ ਵਾਲੀਆਂ ਸ਼ਕਤੀਆਂ ਦਾ ਡੱਟ ਕੇ ਵਿਰੋਧ ਕੀਤਾ।ਉਨ੍ਹਾਂ ਕਿਹਾ ਕਿ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਉਨ੍ਹਾਂ ਕਮਿਊਨਿਸਟ ਆਗੂਆਂ ਵਿੱਚੋਂ ਸਨ, ਜਿਹੜੇ ਮੌਤ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਗੱਲ ਕਰਨ ਦੀ ਜੁਰੱਅਤ ਰੱਖਦੇ ਸਨ।ਮੀਟਿੰਗ ਵਿੱਚ ਫੈਸਲਾ ਹੋਇਆ ਕਿ 17 ਅਕਤੂਬਰ ਨੂੰ ਬੱਸ ਸਟੈਂਡ ਮੋਗਾ ਵਿਖੇ ਮਨਾਈ ਜਾ ਰਹੀ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਦੀ ਬਰਸੀ ਸਮਾਗਮਾਂ ਵਿੱਚ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੀ ਝੰਡੇ ਥੱਲੇ ਜ਼ਿਲ੍ਹੇ ਭਰ ਵਿੱਚੋਂ ਵੱਡੀ ਗਿਣਤੀ ਵਿੱਚ ਨਰੇਗਾ ਕਾਮੇ ਸ਼ਾਮਲ ਹੋਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤਨਾਮ ਸਿੰਘ ਠੱਠੀ ਭਾਈ, ਸੁਖਪ੍ਰੀਤ ਕੌਰ ਸਲੀਣਾ, ਮੇਲਾ ਸਿੰਘ ਰਾਮੂਵਾਲਾ, ਅਮਨਦੀਪ ਸਿੰਘ, ਮਨਪ੍ਰੀਤ ਕੌਰ ਕੋਕਰੀ ਕਲਾਂ, ਜਸਵੀਰ ਕੌਰ ਚੰਦ ਨਵਾਂ ਸ਼ਾਮਲ ਸਨ।

## ਸੜਕ ਹਾਦਸੇ 'ਚ ਵਿਅਕਤੀ ਦੀ ਮੌਤ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਮੱਲਾਂਵਾਲਾ ਦੇ ਅਧੀਨ ਆਉਂਦੀ ਬਸਤੀ ਬੇਲਾ ਸਿੰਘ ਵਾਲੀ ਵਿਖੇ ਹੋਏ ਸੜਕ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਮੱਲਾਂਵਾਲਾ ਪੁਲਸ ਨੇ ਅਣਪਛਾਤੇ ਵਹੀਕਲ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦਲਬੀਰ ਸਿੰਘ ਪੁੱਤਰ ਪ੍ਰਗਟ ਸਿੰਘ ਵਾਸੀ ਹਾਮਦ ਵਾਲਾ ਉਤਾੜ ਨੇ ਦੱਸਿਆ ਕਿ ਉਸ ਨੂੰ ਉਸ ਦੇ ਦੋਸਤ ਗੁਰਜੰਟ ਸਿੰਘ ਦਾ ਫੋਨ ਆਇਆ ਕਿ ਉਸ ਦਾ ਵੱਡਾ ਭਰਾ ਹਰਦੀਪ ਸਿੰਘ ਦਾ ਨਜ਼ਦੀਕ ਗੁਰਦੁਆਰਾ ਸਾਹਿਬ ਬਸਤੀ ਬੇਲਾ ਸਿੰਘ ਵਾਲੀ ਕੋਲ ਮੋਟਰਸਾਈਕਲ ਦਾ ਐਕਸੀਡੈਂਟ ਹੋਣ ਕਰਕੇ ਸੜਕ ਦੇ ਨਾਲ ਖੇਤ ਵਿੱਚ ਡਿੱਗਾ ਪਿਆ ਹੈ। ਦਲਬੀਰ ਸਿੰਘ ਨੇ ਦੱਸਿਆ ਕਿ ਉਸ ਨੇ ਆਪਣੇ ਭਰਾ ਨੂੰ ਇੱਕ ਨਿੱਜੀ ਹਸਪਤਾਲ ਵਿੱਚ ਲੈ ਕੇ ਗਏ ਤਾਂ ਉਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦਿੱਤਾ। ਦਲਬੀਰ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਦਾ ਕਿਸੇ ਅਣਪਛਾਤੇ ਵਿਅਕਤੀ ਨੇ ਐਕਸੀਡੈਂਟ ਕੀਤਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਕਰਨੈਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਅਣਪਛਾਤੇ ਵਹੀਕਲ ਚਾਲਕ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## ਪ੍ਰੈੱਸ ਕਲੱਬ ਦੇ ਪ੍ਰਧਾਨ ਨੂੰ ਸਦਮਾ, ਸਾਂਢੂ ਦਾ ਦਿਹਾਂਤ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**- ਪ੍ਰੈੱਸ ਕਲੱਬ ਮਹਿਲ ਕਲਾਂ (ਬਰਨਾਲਾ) ਦੇ ਪ੍ਰਧਾਨ ਬਲਜਿੰਦਰ ਸਿੰਘ ਢਿੱਲੋਂ ਨੂੰ ਉਸ ਵੇਲੇ ਗਹਿਰਾ ਸਦਮਾ ਪਹੁੰਚਿਆ, ਜਦੋਂ ਉਨ੍ਹਾਂ ਦੇ ਸਾਂਢੂ ਸ੍ਰ: ਗੁਰਮੇਲ ਸਿੰਘ ਧਾਲੀਵਾਲ (74) ਵਾਸੀ ਮੱਧੇ ਕੇ (ਮੋਗਾ) ਸਦੀਵੀ ਵਿਛੋੜਾ ਦੇ ਗਏ।ਇਸ ਦੁਖਦਾਈ ਮੌਕੇ ਵੱਖ ਵੱਖ ਸਿਆਸੀ, ਧਾਰਮਿਕ ਤੇ ਸਮਾਜਿਕ ਆਗੂਆਂ ਤੋਂ ਇਲਾਵਾ ਪ੍ਰੈੱਸ ਕਲੱਬ ਮਹਿਲ ਕਲਾਂ ਤੇ ਸਮੂਹ ਪੱਤਰਕਾਰ ਭਾਈਚਾਰੇ ਨੇ ਪ੍ਰਧਾਨ ਬਲਜਿੰਦਰ ਸਿੰਘ ਢਿੱਲੋਂ ਤੇ ਸਮੂਹ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਹੈ।ਸਵ: ਗੁਰਮੇਲ ਸਿੰਘ ਧਾਲੀਵਾਲ ਨਮਿੱਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ 14 ਅਕਤੂਬਰ ਮੰਗਲਵਾਰ ਨੂੰ ਦੁਪਹਿਰ 12 ਵਜੇ ਗੁਰਦੁਆਰਾ ਪਾਕਾ ਸਾਹਿਬ ਪਿੰਡ ਮਧੇਕੇ (ਮੋਗਾ) ਵਿਖੇ ਹੋਵੇਗੀ।

## ਰੇਹੜੀ-ਫ਼ੜੀ ਵਾਲਿਆਂ ਨੂੰ ਹੱਕ ਦਿਵਾਉਣ ਲਈ ਸੀਪੀਆਈ ਦੀ ਅਗਵਾਈ 'ਚ ਭੁੱਖ ਹੜਤਾਲ ਜਾਰੀ


**ਮੰਡੀ ਘੁਬਾਇਆ (ਬਲਵਿੰਦਰ ਸਿੰਘ)**- ਜਲਾਲਾਬਾਦ ਦੀ ਅਨਾਜ ਮੰਡੀ ਵਿਖੇ ਬਣੇ ਰੇਹੜੀ-ਫ਼ੜੀ ਵਾਲਿਆਂ ਵਾਸਤੇ ਸ਼ੈਡ ਵਿੱਚ ਰੇੜੀ ਫੜੀ ਦਾ ਕੰਮ ਕਰਨ ਵਾਲਿਆਂ ਦੀਆਂ ਰੇਹੜੀਆਂ ਜਬਰੀ ਚੁਕਵਾਉਣ ਖ਼ਿਲਾਫ਼ ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ) ਦੀ ਅਗਵਾਈ ਵਿੱਚ 16 ਦਿਨਾਂ ਤੋਂ ਚੱਲ ਰਹੇ ਸੰਘਰਸ਼ ਦੀ ਲੜੀ ਤਹਿਤ ਸ਼ੁਰੂ ਕੀਤੇ ਪ੍ਰਦਰਸ਼ਨ ਦੀ ਕੜੀ ਵਜੋਂ ਰੇਹੜੀ-ਫ਼ੜੀ ਵਾਲਿਆਂ ਦੇ ਬਣਦੇ ਹੱਕ ਦਿਵਾਉਣ ਲਈ ਅਣਮਿੱਥੇ ਸਮੇਂ ਲਈ ਸ਼ੁਰੂ ਕੀਤੀ ਲੜੀਵਾਰ ਭੁੱਖ ਹੜਤਾਲ ਅੱਜ ਅੱਠਵੇਂ ਦਿਨ ਵੀ ਜਾਰੀ ਹੈ।ਅੱਜ ਦੀ ਇਸ ਲੜੀਵਾਰ ਭੁੱਖ ਹੜਤਾਲ਼ ਵਿੱਚ ਬੈਠਣ ਵਾਲਿਆਂ ਵਿੱਚ ਕ੍ਰਮਵਾਰ ਭਗਵਾਨ ਸਿੰਘ, ਕਾਲਾ ਸਰਦਾਰ, ਸੰਦੀਪ ਕੁਮਾਰ, ਚੰਦਰ ਸ਼ੇਖਰ, ਮੋਹਨ ਸਿੰਘ, ਪੰਮਾ ਸਰਦਾਰ, ਸਤਪਾਲ ਵਧਵਾ, ਕਰਨ ਕੁਮਾਰ, ਅਮੀਰਾਂ ਬਾਈ, ਸੁਰਿੰਦਰ ਪ੍ਰਧਾਨ, ਰਾਜੂ ਸ਼ਾਮਲ ਹੋ ਕੇ ਭੁੱਖ ਹੜਤਾਲ਼ ਸ਼ੁਰੂ ਕੀਤੀ।ਇਸ ਮੌਕੇ ਭੁੱਖ ਹੜਤਾਲ ਤੇ ਬਿਠਾਉਣ ਵਾਲੇ ਆਗੂਆਂ 'ਚ ਸੀਪੀਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਹੰਸ ਰਾਜ ਗੋਲਡਨ, ਮੀਤ ਸਕੱਤਰ ਕਾਮਰੇਡ ਸੁਰਿੰਦਰ ਢੰਡੀਆਂ, ਬਲਵਿੰਦਰ ਮਹਾਲਮ, ਰੇਹੜੀ-ਫ਼ੜੀ ਯੂਨੀਅਨ ਦੇ ਆਗੂ ਸੰਨੀ ਹਾਂਡਾ, ਲਵਲੀ ਵੱਲੋਂ ਹਾਰ ਪਹਿਨਾ ਕੇ ਭੁੱਖ ਹੜਤਾਲ਼



ਸ਼ੁਰੂਆਤ ਕਰਵਾਈ।ਆਗੂਆਂ ਨੇ ਕਿਹਾ ਕਿ ਰੇਹੜੀ-ਫ਼ੜੀ ਵਾਲਿਆਂ ਨੂੰ ਅਲਾਟ ਕੀਤੇ ਗਏ।ਰੇਹੜੀ-ਫ਼ੜੀ ਸ਼ੈੱਡ ਨੂੰ ਕਿਸੇ ਵੀ ਕੀਮਤ 'ਤੇ ਖੋਹਣ ਨਹੀਂ ਦਿੱਤਾ ਜਾਵੇਗਾ।ਆਗੂਆਂ ਨੇ ਇਹ ਵੀ ਐਲਾਨ ਕੀਤਾ ਕਿ ਇਹ ਲੜੀਵਾਰ ਭੁੱਖ ਹੜਤਾਲ ਲਗਾਤਾਰ ਜਾਰੀ ਰਹੇਗੀ ਤੇ ਜੇਕਰ ਕੋਈ ਵੀ ਕਿਸੇ ਤਰ੍ਹਾਂ ਦਾ ਜਾਨੀ-ਮਾਲੀ ਨੁਕਸਾਨ ਹੁੰਦਾ ਹੈ, ਤਾਂ ਉਸ ਦੇ ਮੁੱਖ ਤੌਰ 'ਤੇ ਜ਼ਿੰਮੇਵਾਰ ਇੱਥੋਂ ਦੇ ਹਲਕਾ ਵਿਧਾਇਕ ਤੇ ਐੱਸਡੀਐੱਮ ਜਲਾਲਾਬਾਦ ਹੋਣਗੇ। ਇਸ ਮੌਕੇ ਸੰਬੋਧਨ ਕਰਦਿਆਂ ਕਾਮਰੇਡ ਹੰਸ ਰਾਜ ਗੋਲਡਨ ਤੇ ਕਾਮਰੇਡ ਸੁਰਿੰਦਰ ਢੰਡੀਆਂ ਨੇ ਕਿਹਾ ਕਿ ਰੇਹੜੀ-ਫ਼ੜੀ ਵਾਲਿਆਂ ਦੇ ਬਣਦੇ ਹੱਕ ਪ੍ਰਾਪਤ ਕਰਨ ਤੱਕ ਸੰਘਰਸ਼ ਜਾਰੀ ਰਹੇਗਾ।ਆਗੂਆਂ ਨੇ ਕਿਹਾ ਕਿ ਜਲਾਲਾਬਾਦ ਲਗਾਤਾਰ ਸਰਕਾਰ ਦੀ ਧੱਕੇਸ਼ਾਹੀ ਖ਼ਿਲਾਫ਼ ਧਰਨਿਆਂ ਦਾ ਸ਼ਹਿਰ ਬਣਦਾ ਜਾ ਰਿਹਾ ਹੈ, ਜਿਸ ਨੂੰ ਇਲਾਕੇ ਦੇ ਲੋਕ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰਨਗੇ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਕਾਕਾ ਕੰਬੋਜ ਨੇ ਪਹੁੰਚ ਕੇ ਰੇਹੜੀ-ਫ਼ੜੀ ਵਾਲਿਆਂ ਦੇ ਹੱਕ ਵਿੱਚ ਸੰਬੋਧਨ ਕੀਤਾ ਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਮਦਦ ਦਾ ਐਲਾਨ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁੱਲ ਹਿੰਦ ਕਿਸਾਨ ਸਭਾ ਜਲਾਲਾਬਾਦ ਦੇ ਪ੍ਰਧਾਨ ਕਾਮਰੇਡ ਕ੍ਰਿਸ਼ਨ ਧਰਮੂ ਵਾਲਾ ਵਾਲਾ ਨੇ ਵੀ ਸੰਬੋਧਨ ਕੀਤਾ।

## ਸ਼ਹੀਦ ਨਛੱਤਰ ਸਿੰਘ ਧਾਲੀਵਾਲ ਦੇ ਬਰਸੀ ਸਮਾਗਮ ਦੀਆਂ ਤਿਆਰੀਆਂ ਜ਼ੋਰਾਂ 'ਤੇ

**ਮੋਗਾ (ਇਕਬਾਲ ਸਿੰਘ ਖਹਿਰਾ)**- ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਦੇ ਸੂਬਾ ਸਰਪ੍ਰਸਤ ਗੁਰਦੀਪ ਸਿੰਘ ਮੋਤੀ, ਸੂਬਾਈ ਚੇਅਰਮੈਨ ਜਗਦੀਸ਼ ਸਿੰਘ ਚਾਹਲ, ਸੂਬਾ ਪ੍ਰਧਾਨ ਦੀਦਾਰ ਸਿੰਘ ਮੰਡ, ਮੁੱਖ ਜਥੇਬੰਦਕ ਸਕੱਤਰ ਅਵਤਾਰ ਸਿੰਘ ਤਾਰੀ ਤੇ ਜਨਰਲ ਸਕੱਤਰ ਗੁਰਜੰਟ ਸਿੰਘ ਕੋਕਰੀ, ਵਿੱਤ ਸਕੱਤਰ ਸੁਰਿੰਦਰ ਸਿੰਘ ਬਰਾੜ ਤੇ ਪੰਜਾਬ ਪੈਨਸ਼ਨਰ ਯੂਨੀਅਨ ਸਬੰਧਤ ਏਟਕ ਦੇ ਸੂਬਾ ਵਰਕਿੰਗ ਚੇਅਰਮੈਨ ਅਵਤਾਰ ਸਿੰਘ ਗਗੜਾ ਤੇ ਸੂਬਾ ਜਰਨਲ ਸਕੱਤਰ ਪ੍ਰੇਮ ਚਾਵਲਾ ਨੇ ਦੱਸਿਆ ਕਿ 17 ਅਕਤੂਬਰ ਨੂੰ ਸਵੇਰੇ 11 ਵਜੇ ਬੱਸ ਸਟੈਂਡ ਮੋਗਾ ਵਿਖੇ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਦਾ



37ਵਾਂ ਬਰਸੀ ਸਮਾਗਮ ਮਨਾਇਆ ਜਾ ਰਿਹਾ ਹੈ।ਇਸ ਸਮਾਗਮ ਦੀ ਤਿਆਰੀ ਕਮੇਟੀ ਦੇ ਆਗੂ ਰਾਜਬੀਰ ਸਿੰਘ ਪ੍ਰਧਾਨ, ਮਨਦੀਪ ਸਿੰਘ ਜਨਰਲ ਸਕੱਤਰ, ਸਤਨਾਮ ਸਿੰਘ ਸਿਵੀਆਂ ਮੀਤ ਪ੍ਰਧਾਨ, ਗੁਰਪ੍ਰੀਤ ਸਿੰਘ ਧੂੜ ਕੈਸ਼ੀਅਰ, ਸਤਪਾਲ ਸਿੰਘ ਚੇਅਰਮੈਨ ਮੋਗਾ ਬ੍ਰਾਂਚ ਨੇ ਦਸਿਆ ਕਿ ਇਸ ਸਮਾਗਮ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਬਰਸੀ ਸਮਾਗਮ ਵਿੱਚ ਪੰਜਾਬ ਰੋਡਵੇਜ਼ ਦੇ 18 ਡਿਪੂਆਂ ਵਿੱਚੋਂ ਰੋਡਵੇਜ਼ ਮੁਲਾਜ਼ਮ, ਪੰਜਾਬ ਦੇ ਵੱਖ ਵੱਖ ਕੋਨਿਆਂ ਤੋਂ ਪੈਨਸ਼ਨਰ, ਨੌਜਵਾਨ, ਵਿਦਿਆਰਥੀ, ਨਰੇਗਾ ਵਰਕਰ, ਖੇਤ ਮਜ਼ਦੂਰ ਤੇ ਹੋਰ ਕਿਰਤੀ ਵਰਗ ਵੱਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਇਸ ਬਰਸੀ ਸਮਾਗਮ ਨੂੰ ਕਾਮਰੇਡ ਵਿੱਦਿਆ ਸਾਗਰ ਗਿਰੀ ਕੌਮੀ ਸਕਤੱਰ ਏਟਕ, ਕਾਮਰੇਡ ਪੀ ਸੰਦੋਸ਼ ਕੁਮਾਰ ਕੇਰਲਾ ਮੈਂਬਰ ਪਾਰਲੀਮੈਂਟ ਤੇ ਕੌਮੀ ਸਕੱਤਰ ਸੀ ਪੀ ਆਈ, ਡਾ. ਸਵਰਾਜ ਬੀਰ ਚੰਡੀਗੜ੍ਹ ਸਾਬਕਾ ਸੰਪਾਦਕ ਪੰਜਾਬੀ ਟ੍ਰਿਬਿਊਨ, ਕਾਮਰੇਡ ਨਿਰਮਲ ਸਿੰਘ ਧਾਲੀਵਾਲ ਸੂਬਾ ਜਰਨਲ ਸਕੱਤਰ ਏਟਕ, ਕਾਮਰੇਡ ਜਗਰੂਪ ਸਿੰਘ ਮੁੱਖ ਸਲਾਹਕਾਰ ਬਨੇਗਾ ਪ੍ਰਾਪਤੀ ਮੁਹਿੰਮ, ਕਾਮਰੇਡ ਸੁਖਦੇਵ ਸ਼ਰਮਾ ਵਰਕਿੰਗ ਪ੍ਰਧਾਨ ਪੰਜਾਬ ਏਟਕ, ਕਾਮਰੇਡ ਸੁਖਜਿੰਦਰ ਮਹੇਸ਼ਰੀ ਪ੍ਰਧਾਨ ਆਲ ਇੰਡੀਆ ਯੂਥ ਫੈਡਰੇਸ਼ਨ ਤੇ ਕਾਮਰੇਡ ਕੁਲਦੀਪ ਭੋਲਾ ਜ਼ਿਲ੍ਹਾ ਸਕੱਤਰ ਭਾਰਤੀ ਕਮਿਊਨਿਸਟ ਪਾਰਟੀ ਮੋਗਾ ਸੰਬੋਧਨ ਕਰਨਗੇ ਅਤੇ ਸਮਾਗਮ ਦੌਰਾਨ ਇਨਕਲਾਬੀ ਗੀਤ ਤੇ ਕੋਰੀਓਗਰਾਫੀਆਂ ਪੇਸ਼ ਕੀਤੀਆਂ ਜਾਣਗੀਆਂ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਪੋਹਲਾ ਸਿੰਘ ਬਰਾੜ, ਬਚਿੱਤਰ ਸਿੰਘ ਧੋਥੜ, ਜਗਪਾਲ ਸਿੰਘ ਬਰਾੜ ਮੋਗਾ, ਗੁਰਦੀਪ ਸਿੰਘ ਮੁੱਲਾਂਪੁਰ ਤੇ ਸੱਤਪਾਲ ਸਹਿਗਲ ਆਦਿ ਹਾਜ਼ਰ ਸਨ।

## ਨੰਨ੍ਹਿਆਂ ਨੂੰ ਪੋਲਿਓ ਬੂੰਦਾ ਪਿਆਈਆਂ



**ਬੋਹਾ (ਭੂਸ਼ਣ ਗਰਗ)** ਸਿਹਤ ਵਿਭਾਗ ਦੀ ਟੀਮ ਵੱਲੋਂ ਆਸ਼ਾ ਵਰਕਰ ਜਸਵਿੰਦਰ ਕੌਰ ਤੇ ਰਣਜੀਤ ਕੌਰ ਦੀ ਅਗਵਾਈ ਹੇਠ ਨੰਨ੍ਹੇ ਬੱਚਿਆਂ ਨੂੰ ਪੋਲਿਓ ਦੀਆਂ ਬੂੰਦਾਂ ਪਿਆਉਣ ਸਬੰਧੀ ਕੈਂਪ ਪੰਜਾਬ ਮਹਾਂਵੀਰ ਦਲ ਧਰਮਸ਼ਾਲਾ ਵਿਖੇ ਲਾਇਆ ਗਿਆ।ਕੈਂਪ ਦੀ ਸ਼ੁਰੂਆਤ ਸਮਾਜ ਸੇਵੀ ਤੇ ਲੇਖਕ ਨਿਰੰਜਣ ਬੋਹਾ ਨੇ ਇਕ ਬੱਚੀ ਨੂੰ ਪੋਲਿਓ ਰੱਖਿਅਕ ਬੂੰਦਾ ਪਿਲਾ ਕੇ ਕੀਤੀ। ਉਨ੍ਹਾਂ ਕਿਹਾ ਕਿ ਇਹ ਸਿਹਤ ਵਿਗਿਆਨ ਦੇ ਖੇਤਰ ਦਾ ਵੱਡੀ ਕਾਮਯਾਬੀ ਹੈ ਕਿ ਉਸ ਪੋਲੀਓ ਵਰਗੀ ਭਿਆਨਕ ਬਿਮਾਰੀ 'ਤੇ ਕਾਬੂ ਪਾਉਣ ਦਾ ਕ੍ਰਿਸ਼ਮਾ ਕਰ ਵਿਖਾਇਆ ਹੈ।ਉਨ੍ਹਾਂ ਕਿਹਾ ਕਿ ਪੁਰਾਣੇ ਸਮਿਆਂ ਵਿੱਚ ਲੱਖਾਂ ਦੀ ਤਦਾਦ ਵਿਚ ਬੱਚੇ ਪੋਲੀਓ ਦੀ ਬਿਮਾਰੀ ਦਾ ਸ਼ਿਕਾਰ ਹੋ ਕੇ ਅਪਾਹਜ ਜ਼ਿੰਦਗੀ ਜਿਊਣ ਲਈ ਮਜਬੂਰ ਸਨ, ਪਰ ਪਰ ਅੱਜ ਪੋਲਿਓ ਦੀਆਂ ਦੋ ਬੂੰਦਾਂ ਨੇ ਇਸ ਰੋਗ ਨੂੰ ਜੜ੍ਹੋਂ ਪੁੱਟ ਦਿੱਤਾ ਹੈ।ਕੈਂਪ ਦੀ ਸਫਲਤਾ ਵਿਚ ਆਂਗਣਵਾੜੀ ਵਰਕਰ ਰਾਜਪਾਲ ਕੌਰ ਕੌਰ ਤੇ ਗਗਨਦੀਪ ਕੌਰ (ਹੈਲਪਰ ) ਦਾ ਵਿਸ਼ੇਸ਼ ਯੋਗਦਾਨ ਰਿਹਾ।

# ਬਰਨਾਲਾ ਪੰਜਾਬ ਦੀ ਸਾਹਿਤਕ ਰਾਜਧਾਨੀ : ਭਗਵੰਤ ਸਿੰਘ ਮਾਨ

**ਬਰਨਾਲਾ (ਰਾਜਿੰਦਰ ਬਰਾੜ)**- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਨੌਜਵਾਨਾਂ ਦੀ ਬੇਅੰਤ ਊਰਜਾ ਨੂੰ ਸਕਾਰਾਤਮਕ ਦਿਸ਼ਾ ਵਿੱਚ ਲਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਤਾਂ ਜੋ ਉਨ੍ਹਾਂ ਨੂੰ ਦੇਸ਼ ਤੇ ਸੂਬੇ ਦੀ ਸਮਾਜਿਕ-ਆਰਥਿਕ ਤਰੱਕੀ ਵਿੱਚ ਬਰਾਬਰ ਦੇ ਭਾਈਵਾਲ ਬਣਾਇਆ ਜਾ ਸਕੇ। ਐੱਸ.ਡੀ. ਕਾਲਜ ਬਰਨਾਲਾ ਵਿਖੇ ਕਰਵਾਏ ਗਏ ਖੇਤਰੀ ਯੁਵਕ ਮੇਲੇ ਵਿੱਚ ਭਾਗੀਦਾਰਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਤੇ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਹੋਰ ਇਨਕਲਾਬੀ ਨਾਇਕਾਂ ਤੋਂ ਪ੍ਰੇਰਨਾ ਲੈਣ ਲਈ ਕਿਹਾ।ਉਨ੍ਹਾਂ ਕਿਹਾ ਕਿ ਇਨ੍ਹਾਂ ਨੌਜਵਾਨ ਨਾਇਕਾਂ ਦੇ ਆਦਰਸ਼ ਤੇ ਕੁਰਬਾਨੀਆਂ ਅੱਜ ਦੇ ਨੌਜਵਾਨਾਂ ਨੂੰ ਦੇਸ਼ ਦੀ ਨਿਰਸਵਾਰਥ ਸੇਵਾ ਵਾਸਤੇ ਪ੍ਰੇਰਿਤ ਕਰਨ ਲਈ ਮਾਰਗਦਰਸ਼ਕ ਵਜੋਂ ਕੰਮ ਕਰਦੀਆਂ ਹਨ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਦੀ ਭਲਾਈ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਮੁੱਖ ਮੰਤਰੀ ਨੇ ਕਿਹਾ ਕਿ ਜਿੱਥੇ ਇੱਕ ਪਾਸੇ ਨੌਜਵਾਨਾਂ ਨੂੰ ਨੌਕਰੀਆਂ ਪ੍ਰਦਾਨ ਕਰਨ ਲਈ ਬੇਮਿਸਾਲ ਕਦਮ ਚੁੱਕੇ ਗਏ ਹਨ, ਉੱਥੇ ਦੂਜੇ ਪਾਸੇ ਉਨ੍ਹਾਂ ਦੀ ਬੇਅੰਤ ਊਰਜਾ ਨੂੰ ਸਹੀ ਦਿਸ਼ਾ ਵਿੱਚ ਲਾਉਣ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ।ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਸਮਾਜ ਵਿੱਚ ਆਪਣੀ ਜਗ੍ਹਾ 'ਤੇ ਪਛਾਣ ਬਣਾਉਣ ਲਈ ਹਰ ਸੰਭਵ ਯਤਨ ਕਰਨ 'ਤੇ ਆਸਮਾਨ ਨੂੰ ਛੂਹਣ ਦਾ ਇਰਾਦਾ ਰੱਖਣ।ਉਨ੍ਹਾਂ ਨੌਜਵਾਨਾਂ ਨੂੰ




**• ਮੁੱਖ ਮੰਤਰੀ ਵੱਲੋਂ ਯੁਵਕ ਮੇਲਿਆਂ ਰਾਹੀਂ ਨੌਜਵਾਨਾਂ ਦੀ ਬੇਅੰਤ ਊਰਜਾ ਨੂੰ ਸਕਾਰਾਤਮਕ ਦਿਸ਼ਾ 'ਚ ਲਾਉਣ ਦੀ ਵਕਾਲਤ**

ਅਪੀਲ ਕੀਤੀ ਕਿ ਉਹ ਆਪਣੀ ਜਿੱਤ 'ਤੇ ਮਾਣ ਨਾ ਕਰਨ, ਸਗੋਂ ਨਿਮਰ ਰਹਿੰਦਿਆਂ ਹੋਰ ਸਫ਼ਲ ਬਣਨ ਲਈ ਸਖ਼ਤ ਮਿਹਨਤ ਕਰਨ। ਬਰਨਾਲਾ ਦੀ ਅਮੀਰ ਸਾਹਿਤਕ ਤੇ ਸੱਭਿਆਚਾਰਕ ਵਿਰਾਸਤ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਜ਼ਿਲ੍ਹਾ ਭੂਗੋਲਿਕ ਤੌਰ 'ਤੇ ਛੋਟਾ ਹੋ ਸਕਦਾ ਹੈ, ਪਰ ਇਸ ਨੇ ਵੱਡੇ ਪੱਧਰ 'ਤੇ ਪ੍ਰਸਿੱਧੀ ਹਾਸਲ ਕੀਤੀ ਹੈ।ਉਨ੍ਹਾਂ ਕਿਹਾ ਕਿ ਸੰਤ ਰਾਮ ਉਦਾਸੀ, ਰਾਮ ਸਰੂਪ ਅਣਖੀ, ਓਮ ਪ੍ਰਕਾਸ਼ ਗਾਸੋ ਤੇ ਬਲਵੰਤ ਗਾਰਗੀ, ਪਰਜਾ ਮੰਡਲ ਲਹਿਰ ਦੇ ਸੰਸਥਾਪਕ ਸੇਵਾ ਸਿੰਘ ਠੀਕਰੀਵਾਲਾ, ਮੇਘ ਰਾਜ ਮਿੱਤਰ ਤੇ ਹੋਰ ਉੱਘੀਆਂ ਸਾਹਿਤਕ ਸ਼ਖ਼ਸੀਅਤਾਂ ਇਸ ਜ਼ਿਲ੍ਹੇ ਨਾਲ ਸਬੰਧਤ ਹਨ।ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਇਨ੍ਹਾਂ ਮਹਾਨ ਸ਼ਖ਼ਸੀਅਤਾਂ ਦੇ ਕਾਰਨ ਹੀ ਬਰਨਾਲਾ ਨੂੰ ਲੰਬੇ ਸਮੇਂ ਤੋਂ 'ਪੰਜਾਬ ਦੀ ਸਾਹਿਤਕ ਰਾਜਧਾਨੀ' ਵਜੋਂ ਜਾਣਿਆ ਜਾਂਦਾ ਹੈ।ਭਗਵੰਤ ਸਿੰਘ ਮਾਨ ਨੇ ਉਮੀਦ ਪ੍ਰਗਟਾਈ ਕਿ ਇਹ ਕਾਲਜ ਨੌਜਵਾਨਾਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਦਿਆਂ ਇਸੇ ਤਰੀਕੇ ਸਮਾਜ ਦੀ ਸੇਵਾ ਕਰਦਾ ਰਹੇਗਾ। ਇਸ ਮੌਕੇ ਲੋਕ ਸਭਾ ਮੈਂਬਰ ਸ੍ਰ. ਗੁਰਮੀਤ ਸਿੰਘ ਮੀਤ ਹੇਅਰ, ਟਰਾਈਡੈਂਟ ਗਰੁੱਪ ਦੇ ਚੇਅਰਮੈਨ ਸ੍ਰੀ ਰਜਿੰਦਰ ਗੁਪਤਾ, ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਦੇ ਚੇਅਰਮੈਨ ਤੇ ਵਿਧਾਇਕ ਮਹਿਲ ਕਲਾਂ ਕੁਲਵੰਤ ਸਿੰਘ ਪੰਡੋਰੀ, ਡਿਪਟੀ ਕਮਿਸ਼ਨਰ ਸ੍ਰੀ ਟੀ ਬੈਨਿਥ, ਐੱਸ ਐੱਸ ਪੀ ਮੁਹੰਮਦ ਸਰਫ਼ਰਾਜ਼ ਆਲਮ, ਜਨਰਲ ਸਕੱਤਰ ਐੱਸ ਡੀ ਕਾਲਜ ਪ੍ਰਬੰਧਕੀ ਕਮੇਟੀ ਸ੍ਰੀ ਜੇ ਐੱਨ ਸ਼ਰਮਾ ਤੇ ਹੋਰ ਅਹੁਦੇਦਾਰ ਤੇ ਪਤਵੰਤੇ ਹਾਜ਼ਰ ਸਨ।

# ਭਾਜਪਾ ਆਗੂ ਜੈ ਇੰਦਰ ਕੌਰ ਵੱਲੋਂ ਸਨੌਰੀ ਅੱਡਾ ਮਾਮਲੇ 'ਚ ਦਖ਼ਲ ਅੰਦਾਜ਼ੀ

**ਐੱਸ ਸੀ ਕਮਿਸ਼ਨ ਵੱਲੋਂ ਡੀ. ਸੀ. ਨੂੰ 15 ਦਿਨਾਂ 'ਚ ਰਿਪੋਰਟ ਪੇਸ਼ ਕਰਨ ਦੇ ਹੁਕਮ**

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਭਾਜਪਾ ਮਹਿਲਾ ਮੋਰਚਾ ਦੀ ਪ੍ਰਧਾਨ ਜੈ ਇੰਦਰ ਕੌਰ ਨੇ ਪਟਿਆਲਾ ਦੇ ਸਨੌਰੀ ਅੱਡਾ ਵਿਖੇ ਪ੍ਰਸ਼ਾਸਨ ਵੱਲੋਂ ਵਸਨੀਕਾਂ ਦੇ ਘਰਾਂ ਨੂੰ ਢਾਹੇ ਜਾਣ ਦੀ ਕਾਰਵਾਈ ਨੂੰ 'ਸ਼ਰੇਆਮ ਧੱਕਾ' ਕਰਾਰ ਦਿੰਦਿਆਂ, ਨੈਸ਼ਨਲ ਕਮਿਸ਼ਨ ਫਾਰ ਸ਼ਡਿਊਲਡ ਕਾਸਟਸ ਇੰਡੀਆ ਨੂੰ ਇੱਕ ਪੱਤਰ ਲਿਖ ਕੇ ਤੁਰੰਤ ਕਾਰਵਾਈ ਦੀ ਮੰਗ ਕੀਤੀ ਸੀ।ਇਸ ਦੇ ਨਤੀਜੇ ਵਜੋਂ ਐੱਨ ਸੀ ਐੱਸ ਸੀ ਇੰਡੀਆ ਨੇ ਅੱਜ ਪਟਿਆਲਾ ਦੇ ਡਿਪਟੀ ਕਮਿਸ਼ਨਰ (ਡੀ.ਸੀ.) ਨੂੰ ਪੱਤਰ ਜਾਰੀ ਕਰਕੇ ਇਸ ਮਾਮਲੇ 'ਤੇ 15 ਦਿਨਾਂ ਦੇ ਅੰਦਰ ਵਿਸਥਾਰਪੂਰਵਕ ਜਾਣਕਾਰੀ ਮੰਗੀ ਹੈ ਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦੇ ਨਿਰਦੇਸ਼ ਦਿੱਤੇ ਹਨ। ਮੀਡੀਆ ਨਾਲ ਗੱਲਬਾਤ ਕਰਦਿਆਂ ਜੈ ਇੰਦਰ ਕੌਰ ਨੇ ਦੋਸ਼ ਲਾਇਆ ਕਿ ਪਟਿਆਲਾ ਦੇ ਮੌਜੂਦਾ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਪ੍ਰਸ਼ਾਸਨ ਨਾਲ ਮਿਲ ਕੇ ਧੱਕੇਸ਼ਾਹੀ ਕਰ ਰਹੇ ਹਨ ਤਾਂ ਜੋ ਉਹ ਇਸ ਜਗ੍ਹਾ 'ਤੇ ਆਪਣਾ ਵੱਡਾ ਸ਼ੋ-ਰੂਮ ਤਿਆਰ ਕਰ ਸਕਣ।ਉਨ੍ਹਾਂ ਸਪੱਸ਼ਟ



ਕੀਤਾ ਕਿ ਉਹ ਦਲਿਤ ਭਾਈਚਾਰੇ ਤੇ ਪਟਿਆਲਾ ਵਾਸੀਆਂ ਦੇ ਹੱਕ ਵਿੱਚ ਖੜ੍ਹੀ ਰਹੀ ਹੈ ਤੇ ਇਹ ਧੱਕੇਸ਼ਾਹੀ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਐੱਨ ਸੀ ਐੱਸ ਸੀ ਨੂੰ ਲਿਖੇ ਪੱਤਰ ਵਿੱਚ ਪੂਰੀ ਜਾਣਕਾਰੀ ਦਿੱਤੀ ਗਈ ਸੀ ਕਿ ਅਨੁਸੂਚਿਤ ਜਾਤੀਆਂ ਨਾਲ ਧੱਕਾ ਹੋ ਰਿਹਾ ਹੈ, ਕਿਉਂਕਿ ਪੁਲਸ ਪ੍ਰਸ਼ਾਸਨ ਵੀ ਕਥਿਤ ਤੌਰ 'ਤੇ ਵਿਧਾਇਕ ਦਾ ਸਾਥ ਦੇ ਰਿਹਾ ਹੈ।ਜੈ ਇੰਦਰ ਕੌਰ ਨੇ ਜਾਣਕਾਰੀ ਦਿੱਤੀ ਕਿ ਐੱਨ ਸੀ ਐੱਸ ਸੀ ਦੇ ਪੱਤਰ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਜੇਕਰ ਪਟਿਆਲਾ ਪ੍ਰਸ਼ਾਸਨ ਇਸ ਮਾਮਲੇ ਵਿੱਚ ਅਣਗਹਿਲੀ ਵਰਤਦਾ ਹੈ ਜਾਂ ਸਮੇਂ ਸਿਰ ਰਿਪੋਰਟ ਪੇਸ਼ ਨਹੀਂ ਕਰਦਾ, ਤਾਂ ਉਨ੍ਹਾਂ ਅਧਿਕਾਰੀਆਂ 'ਤੇ ਵੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਧੱਕੇਸ਼ਾਹੀ ਵਿਰੁੱਧ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਵੀ ਪਟੀਸ਼ਨ ਦਾਇਰ ਕੀਤੀ ਜਾ ਰਹੀ ਹੈ ਤਾਂ ਜੋ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲ ਸਕੇ ਅਤੇ ਪੀੜਤ ਪਰਵਾਰਾਂ ਨੂੰ ਇਨਸਾਫ਼ ਮਿਲ ਸਕੇ।

# ਮਾਊਂਟ ਲਿਟਰਾ ਜ਼ੀ ਸਕੂਲ ਨੇ ਸ਼ਤਰੰਜ 'ਚ ਸੋਨੇ ਦੇ ਤਗਮੇ ਜਿੱਤੇ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਮਾਊਂਟ ਲਿਟਰਾ ਜ਼ੀ ਸਕੂਲ ਦੇ ਮੁੰਡਿਆਂ ਤੇ ਕੁੜੀਆਂ ਨੇ ਪ੍ਰਾਇਮਰੀ ਸਕੂਲ ਖੇਡਾਂ ਵਿੱਚ ਸੈਂਟਰ ਪੱਧਰ 'ਤੇ ਹੋਏ ਸ਼ਤਰੰਜ ਮੁਕਾਬਲੇ ਵਿੱਚ ਸ਼ਾਨਦਾਰ



ਪ੍ਰਦਰਸ਼ਨ ਕਰਦੇ ਹੋਏ ਸੋਨੇ ਦੇ ਤਗਮੇ ਜਿੱਤੇ।ਉਨ੍ਹਾਂ ਦੀ ਜਿੱਤ ਨੇ ਸਕੂਲ ਨੂੰ ਸਨਮਾਨ ਦਿਵਾਇਆ, ਜੋ ਸਕੂਲ ਲਈ ਮਾਣ ਦੀ ਗੱਲ ਹੈ।ਇਸ ਮੌਕੇ ਸਕੂਲ ਦੇ ਪ੍ਰਧਾਨ ਸ੍ਰੀ ਗਗਨ ਬਾਂਸਲ, ਜਨਰਲ ਸਕੱਤਰ ਸ੍ਰੀਮਤੀ ਨਮਿਤਾ ਬਾਂਸਲ ਤੇ ਪ੍ਰਿੰਸੀਪਲ ਸ੍ਰੀਮਤੀ ਗੀਤਾ ਪਿੱਲੇ ਨੇ ਖ਼ੁਸ਼ੀ ਪ੍ਰਗਟ ਕੀਤੀ ਅਤੇ ਸ਼ਤਰੰਜ ਖਿਡਾਰੀਆਂ, ਉਨ੍ਹਾਂ ਦੇ ਮਾਪਿਆਂ ਤੇ ਪੂਰੇ ਸਕੂਲ ਸਟਾਫ ਨੂੰ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਸਕੂਲ ਨੇ ਹਮੇਸ਼ਾ ਵਿਦਿਆਰਥੀਆਂ ਦੇ ਮਾਨਸਿਕ ਤੇ ਸਰੀਰਕ ਵਿਕਾਸ ਨੂੰ ਤਰਜੀਹ ਦਿੱਤੀ ਹੈ ਅਤੇ ਭਵਿੱਖ ਵਿੱਚ ਵੀ ਉਨ੍ਹਾਂ ਨੂੰ ਇਸੇ ਭਾਵਨਾ ਨਾਲ ਅਜਿਹੇ ਮੁਕਾਬਲਿਆਂ ਲਈ ਪ੍ਰੇਰਿਤ ਕਰਦਾ ਰਹੇਗਾ।

# ਰਾਜਵੀਰ ਜਵੰਦਾ ਤੇ ਵਰਿੰਦਰ ਘੁੰਮਣ ਨੂੰ ਕੀਤੇ ਸ਼ਰਧਾ ਦੇ ਫੁੱਲ ਭੇਟ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪ੍ਰਥਾ)** ਸ੍ਰੀ ਗੁਰੂ ਗੋਬਿੰਦ ਸਿੰਘ ਪਾਰਕ ਸੰਗੀਤ ਸਭਾ ਵੱਲੋਂ ਪਾਰਕ 'ਚ ਸ਼ੋਕ ਸਭਾ ਦਾ ਆਯੋਜਨ ਕੀਤਾ ਗਿਆ, ਜਿਸ 'ਚ ਗਾਇਕ ਰਾਜਵੀਰ



ਜਵੰਦਾ ਤੇ ਮਸ਼ਹੂਰ ਰੈਸਲਰ ਤੇ ਫ਼ਿਲਮ ਅਭਿਨੇਤਾ ਵਰਿੰਦਰ ਘੁੰਮਣ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਵਿੱਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਪ੍ਰਮਾਤਮਾ ਤੋਂ ਪ੍ਰਾਰਥਨਾ ਕੀਤੀ ਗਈ। ਇਸ ਮੌਕੇ ਅਰੋੜਵੰਸ਼ ਸਭਾ ਦੇ ਪ੍ਰਧਾਨ ਰਾਜਕੁਮਾਰ ਭਟੇਜਾ ਮੇਲੂ ਨੇ ਕਿਹਾ ਕਿ ਪੰਜਾਬ ਦੇ ਦੋ ਹੀਰਿਆਂ ਦਾ ਇਸ ਤਰ੍ਹਾਂ ਛੱਡ ਕੇ ਚਲਾ ਜਾਣਾ ਜਿੱਥੇ ਪਰਵਾਰਕ ਮੈਂਬਰਾਂ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ, ਉੱਥੇ ਪੰਜਾਬ ਦੇ ਲੋਕਾਂ ਲਈ ਦੁੱਖ ਭਰੀ ਘਟਨਾ ਹੈ।

# ਗੁਰਿੰਦਰਜੀਤ ਸਿੰਘ ਵੱਲੋਂ ਪਿਤਾ ਦੀ ਯਾਦ 'ਚ ਲਾਇਬ੍ਰੇਰੀ ਲਈ ਪੁਸਤਕਾਂ ਦਾਨ



**ਲੌਂਗੋਵਾਲ (ਪ੍ਰਦੀਪ ਸੱਪਲ)**- ਸ਼ਹੀਦ ਭਾਈ ਮਨੀ ਸਿੰਘ ਖਾਲਸਾ ਕਾਲਜ ਲੌਂਗੋਵਾਲ ਵਿਖੇ ਗੁਰਿੰਦਰਜੀਤ ਸਿੰਘ ਧਾਲੀਵਾਲ (ਜ਼ਿਲ੍ਹਾ ਭਲਾਈ ਅਫ਼ਸਰ ਬਰਨਾਲਾ) ਵੱਲੋਂ ਆਪਣੇ ਪਿਤਾ ਸਵ: ਹਰਦੇਵ ਸਿੰਘ ਧਾਲੀਵਾਲ (ਸਾਬਕਾ ਐੱਸ.ਐੱਸ.ਪੀ.) ਦੀ ਪਵਿੱਤਰ ਯਾਦ ਵਿੱਚ ਕਾਲਜ ਦੀ ਲਾਇਬ੍ਰੇਰੀ ਲਈ ਕੀਮਤੀ ਪੁਸਤਕਾਂ ਦਾਨ ਕੀਤੀਆਂ ਗਈਆਂ। ਦੱਸਣਯੋਗ ਹੈ ਕਿ ਸਵ: ਹਰਦੇਵ ਸਿੰਘ ਧਾਲੀਵਾਲ ਇੱਕ ਵਿਦਵਾਨ ਤੇ ਲੇਖਕ ਸਨ, ਜਿਨ੍ਹਾਂ ਨੇ ਆਪਣੀ ਲਿਖਤ ਰਾਹੀਂ ਸਮਾਜਿਕ ਜਾਗਰੂਕਤਾ, ਇਮਾਨਦਾਰੀ ਤੇ ਮਨੁੱਖੀ ਮੁੱਲਾਂ ਦਾ ਪ੍ਰਚਾਰ ਕੀਤਾ।ਉਨ੍ਹਾਂ ਦੀ ਯਾਦ ਨੂੰ ਸਦਾ ਤਾਜ਼ਾ ਰੱਖਣ ਲਈ ਧਾਲੀਵਾਲ ਪਰਵਾਰ ਵੱਲੋਂ ਕਾਲਜ ਲਾਇਬ੍ਰੇਰੀ ਨੂੰ ਪੁਸਤਕਾਂ ਸਮਰਪਤ ਕੀਤੀਆਂ ਗਈਆਂ।ਇਸ ਮੌਕੇ ਗੁਰਿੰਦਰਜੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਉਨ੍ਹਾਂ ਦਾ ਪਰਵਾਰ ਸਿੱਖਿਆ ਦੇ ਪ੍ਰਸਾਰ ਲਈ ਹਮੇਸ਼ਾ ਯਤਨਸ਼ੀਲ ਰਹੇਗਾ ਤੇ ਭਵਿੱਖ ਵਿੱਚ ਵੀ ਲਾਇਬ੍ਰੇਰੀ ਨੂੰ ਹਰ ਪੁਸਤਕਾਂ ਦਾਨ ਕਰਦਾ ਰਹੇਗਾ।ਕਾਲਜ ਪ੍ਰਿੰਸੀਪਲ ਡਾ. ਜਸਪ੍ਰੀਤ ਸਿੰਘ ਨੇ ਇਸ ਸੇਵਾ ਭਾਵਨਾ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਨਾਲ ਵਿਦਿਆਰਥੀਆਂ ਨੂੰ ਪਾਠਕ ਸੱਭਿਆਚਾਰ ਨਾਲ ਜੋੜਨ ਦੀ ਪ੍ਰੇਰਨਾ ਮਿਲਦੀ ਹੈ।ਇਸ ਮੌਕੇ ਕਾਲਜ ਸਟਾਫ ਤੇ ਵਿਭਾਗ ਮੁਖੀ ਵੀ ਹਾਜ਼ਰ ਸਨ, ਜਿਨ੍ਹਾਂ ਨੇ ਧਾਲੀਵਾਲ ਪਰਵਾਰ ਦਾ ਧੰਨਵਾਦ ਕੀਤਾ।

# ਚੇਅਰਮੈਨ ਵੱਲੋਂ ਮੰਡੀਆਂ 'ਚ ਸੁੱਕਾ ਝੋਨਾ ਲਿਆਉਣ ਦੀ ਅਪੀਲ

**ਬੱਧਨੀ ਕਲਾਂ (ਲਵਲੀ ਮਾਡੀਕੇ)**- ਜਦੋਂ ਸਾਡੇ ਕਿਸਾਨ ਭਰਾ ਆਪਣੇ ਖੇਤਾਂ ਵਿੱਚੋਂ ਝੋਨੇ ਦੀ ਫਸਲ ਨੂੰ ਸੁਕਾ ਕੇ ਵੇਚਦੇ ਹਨ ਤਾਂ ਸਰਕਾਰ ਨੂੰ ਮੰਡੀ ਵਿੱਚ ਆਉਣ 'ਤੇ ਨਾਲ ਦੀ ਨਾਲ ਤੋਲਣ ਵਿੱਚ ਕੋਈ ਦਿੱਕਤ ਨਹੀਂ ਆਉਂਦੀ ਅਤੇ ਕਿਸਾਨ ਭਰਾਵਾਂ ਦੇ ਸਮੇਂ ਦੀ ਵੀ ਬੱਚਤ ਹੁੰਦੀ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਾਰਕੀਟ ਕਮੇਟੀ ਨਿਹਾਲ ਸਿੰਘ ਵਾਲਾ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਬਰਿੰਦਰ ਕੁਮਾਰ ਮਧੇਕੇ ਨੇ ਆਪਣੇ ਦਫ਼ਤਰ ਵਿੱਚ ਪੱਤਰਕਾਰ ਸਾਥੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਚੇਅਰਮੈਨ ਮਧੇਕੇ ਨੇ ਕਿਹਾ ਕਿ ਮੰਡੀਆਂ 'ਚ ਪਹੁੰਚਣ ਵਾਲੀ ਝੋਨੇ ਦੀ ਫ਼ਸਲ ਦੀ ਗੁਣਵੱਤਾ ਚੰਗੀ ਹੈ ਤੇ ਕਿਸਾਨਾਂ ਨੂੰ ਖ਼ਰੀਦ ਦੇ 24 ਘੰਟਿਆਂ ਅੰਦਰ ਭੁਗਤਾਨ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਸਾਨਾਂ ਨੂੰ ਆਪਣੀਆਂ ਫ਼ਸਲਾਂ ਨੂੰ ਪੂਰੀ ਤਰ੍ਹਾਂ ਸੁਕਾ ਕੇ ਮੰਡੀਆਂ 'ਚ ਲਿਆਉਣ ਲਈ ਕਿਹਾ ਗਿਆ ਹੈ।ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਫ਼ਸਲਾਂ ਦੇ ਹੋਏ ਨੁਕਸਾਨ ਦੇ ਬਾਵਜੂਦ ਕਿਸਾਨਾਂ ਦਾ ਮਨੋਬਲ ਉੱਚਾ ਹੈ।ਉਨ੍ਹਾਂ ਕਿਹਾ ਕਿ ਖ਼ਰੀਦ ਏਜੰਸੀਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਫ਼ਸਲਾਂ ਦੀ ਖ਼ਰੀਦ ਸਬੰਧੀ ਜਾਰੀ ਦਿਸ਼ਾ-ਨਿਰਦੇਸ਼ਾਂ ਨੂੰ ਪੂਰੀ ਤਰ੍ਹਾਂ ਲਾਗੂ ਕਰ ਰਹੀਆਂ ਹਨ।ਉਨ੍ਹਾਂ ਇਸ ਮੌਕੇ ਝੋਨੇ ਦੀ ਗੁਣਵੱਤਾ ਦਾ ਨਿੱਜੀ ਤੌਰ 'ਤੇ ਨਿਰੀਖਣ ਕੀਤਾ ਤੇ ਸੰਤੁਸ਼ਟੀ ਪ੍ਰਗਟ ਕੀਤੀ।ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਮੀਡੀਆ ਸੈਕਟਰੀ ਅੰਮ੍ਰਿਤਪਾਲ ਸਿੰਘ ਖਾਲਸਾ ਤੇ ਹੋਰ ਪਾਰਟੀ ਆਗੂ ਵੀ ਮੌਜੂਦ ਸਨ।



# ਵਿਧਾਇਕ ਪੰਡੋਰੀ ਨੇ ਮਨਾਲ ਤੇ ਗੁਰਮ ਮੰਡੀਆਂ 'ਚ ਸ਼ੈੱਡ ਬਣਾਉਣ ਦਾ ਕੰਮ ਸ਼ੁਰੂ ਕਰਵਾਇਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ)**- ਚੇਅਰਮੈਨ ਵਿਸ਼ੇਸ਼ ਅਧਿਕਾਰ ਕਮੇਟੀ, ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਪਿੰਡ ਮਨਾਲ ਤੇ ਗੁਰਮ ਦੀਆਂ ਦਾਣਾ ਮੰਡੀਆਂ 'ਚ ਅੱਠ-ਅੱਠ ਲੱਖ ਰੁਪਏ ਦੀ ਲਾਗਤ ਨਾਲ ਮਾਰਕੀਟ ਕਮੇਟੀ ਰਾਹੀਂ ਨਵੇਂ ਸ਼ੈੱਡਾਂ ਦੇ ਨਿਰਮਾਣ ਦੇ ਕੰਮ ਦੀ ਸ਼ੁਰੂਆਤ ਕੀਤੀ। ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਤੇ ਆੜ੍ਹਤੀਆਂ ਦੀ ਸਹੂਲਤ ਲਈ ਮੰਡੀਆਂ ਨੂੰ ਆਧੁਨਿਕ ਰੂਪ ਦੇਣ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਮੰਡੀਕਰਨ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਦੀ ਰਹਿਨੁਮਾਈ ਹੇਠ ਸ਼ੈੱਡਾਂ, ਪੱਕੇ ਫਰਸ਼ਾਂ ਤੇ ਬੁਨਿਆਦੀ ਸਹੂਲਤਾਂ ਦੇ ਪ੍ਰਾਜੈਕਟ ਤੇਜ਼ੀ ਨਾਲ ਪੂਰੇ ਕੀਤੇ ਜਾ ਰਹੇ ਹਨ। ਇਸ ਮੌਕੇ ਚੇਅਰਮੈਨ ਰਾਜਵਿੰਦਰ ਸਿੰਘ, ਚੇਅਰਮੈਨ ਸੁਖਵਿੰਦਰ ਦਾਸ ਬਾਵਾ ਨੇ ਵਿਧਾਇਕ ਪੰਡੋਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੰਡੀਆਂ 'ਚ ਢਾਂਚਾਗਤ ਸੁਧਾਰ ਕਿਸਾਨਾਂ, ਆੜ੍ਹਤੀਆਂ ਤੇ ਮਜ਼ਦੂਰਾਂ ਲਈ ਇੱਕ ਵੱਡਾ ਤੋਹਫ਼ਾ ਹੈ।ਪੰਜਾਬ ਸਰਕਾਰ ਤੇ ਮੰਡੀਕਰਨ ਬੋਰਡ ਦੀ ਸਾਂਝੀ ਮਿਹਨਤ ਨਾਲ ਹਲਕੇ ਦੀਆਂ ਸਾਰੀਆਂ ਮੰਡੀਆਂ ਵਿੱਚ ਵਿਕਾਸ ਕਾਰਜ ਜ਼ੋਰਾਂ 'ਤੇ ਹਨ। ਇਸ ਮੌਕੇ ਸਰਪੰਚ ਮਨਜੀਤ ਕੌਰ ਗੁਰਮ ਤੇ ਸਰਬਜੀਤ ਸਿੰਘ ਮਨਾਲ ਦੀ ਅਗਵਾਈ ਹੇਠ ਪੰਚਾਇਤਾਂ ਵੱਲੋਂ ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਚੇਅਰਮੈਨ ਸੁਖਵਿੰਦਰ ਦਾਸ ਬਾਵਾ, ਚੇਅਰਮੈਨ ਰਾਜਵਿੰਦਰ ਸਿੰਘ ਸ਼ੇਰਪੁਰ ਆਦਿ ਆਗੂਆਂ ਨੂੰ ਸਨਮਾਨਤ ਕੀਤਾ ਗਿਆ।

# ਯੂਥ ਆਗੂ ਦੇ ਦੀਪਾਸ਼ੂ ਸਨੌਰ ਦੇ ਬਲਾਕ ਪ੍ਰਧਾਨ ਨਿਯੁਕਤ

**ਸਨੌਰ/ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਆਮ ਆਦਮੀ ਪਾਰਟੀ ਵਿਧਾਨ ਸਭਾ ਹਲਕਾ ਸਨੌਰ ਦੇ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਦੀ ਸਿਫ਼ਾਰਸ਼ 'ਤੇ ਪਾਰਟੀ ਪ੍ਰਤੀ ਨਿਭਾਈਆਂ ਜਾ ਰਹੀਆਂ ਸੇਵਾਵਾਂ ਬਦਲੇ ਨੌਜਵਾਨ ਆਗੂ ਦੀਪਾਸ਼ੂ ਸਨੌਰ ਨੂੰ ਬਲਾਕ ਸਨੌਰ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਪਾਰਟੀ ਦੀ ਸੂਬਾ ਪੱਧਰੀ ਲੀਡਰਸ਼ਿਪ ਪੰਜਾਬ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ।ਦੀਪਾਸ਼ੂ ਸਨੌਰ ਨੂੰ ਇਹ ਜ਼ਿੰਮੇਵਾਰੀ ਸੌਂਪਣ ਨਾਲ ਹਲਕੇ ਵਿੱਚ ਪਾਰਟੀ ਦੀਆਂ ਨੀਤੀਆਂ ਤੇ ਪ੍ਰੋਗਰਾਮਾਂ ਨੂੰ ਆਨਲਾਈਨ ਪਲੇਟਫਾਰਮਾਂ ਰਾਹੀਂ ਵਧੇਰੇ ਅਸਰਦਾਰ ਢੰਗ ਨਾਲ



ਲੋਕਾਂ ਤੱਕ ਪੁਚਾਉਣ ਦੀ ਯੋਜਨਾ ਬਣਾਈ ਗਈ ਹੈ। ਪਾਰਟੀ ਦੇ ਆਗੂਆਂ ਅਨੁਸਾਰ ਦੀਪਾਸ਼ੂ ਲੰਮੇ ਸਮੇਂ ਤੋਂ 'ਆਪ' ਨਾਲ ਜੁੜੇ ਹੋਏ ਹਨ। ਹਲਕਾ ਸਨੌਰ 'ਚ 'ਆਪ' ਦੇ ਆਗੂ ਗੁਰਪ੍ਰੀਤ ਸਿੰਘ ਘੁੰਮਣ, ਰਾਜਾ ਧੰਜੂ, ਗੁਰਮੀਤ ਸਿੰਘ ਅਸਰਪੁਰ, ਲਾਲੀ ਰਹਿਲ, ਗੁਰਪ੍ਰੀਤ ਚੀਮਾ, ਭੁਪਿੰਦਰ ਸਿੰਘ, ਸ਼ਿਆਮ ਸਿੰਘ ਸਨੌਰ ਤੇ 'ਆਪ' ਦੇ ਵਰਕਰਾਂ ਨੇ ਇਸ ਨਿਯੁਕਤੀ ਤੇ ਆਪਣੀ ਖ਼ੁਸ਼ੀ ਦਾ ਇਜ਼ਹਾਰ ਕਰਦੇ ਹੋਏ ਭਰਵਾਂ ਸਵਾਗਤ ਕੀਤਾ ਹੈ।ਆਪਣੀ ਨਿਯੁਕਤੀ 'ਤੇ ਉਨ੍ਹਾਂ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਤੇ ਪਾਰਟੀ ਹਾਈਕਮਾਨ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਉਹ ਆਪਣੀ ਨਿਯੁਕਤੀ 'ਤੇ ਖਰਾ ਉਤਰਨ ਦੀ ਪੂਰੀ ਕੋਸ਼ਿਸ਼ ਕਰਨਗੇ।

# ਮੋਟਰਸਾਈਕਲ ਸਵਾਰ ਪਤੀ-ਪਤਨੀ ਤੋਂ ਸਾਮਾਨ ਲੁੱਟ ਕੇ ਮਾਰੀ ਗੋਲੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਫਿਰੋਜ਼ਪੁਰ ਵਿਖੇ ਮੋਟਰਸਾਈਕਲ ਸਵਾਰ ਪਤੀ-ਪਤਨੀ 'ਤੇ ਹਮਲਾ ਕਰਕੇ ਉਸ ਕੋਲੋਂ ਮੋਬਾਇਲ ਫੋਨ, ਪਰਸ, ਨਵੇਂ ਕੱਪੜੇ ਤੇ ਕੰਨਾਂ ਦੀਆਂ ਵਾਲੀਆਂ ਖੋਹ ਕੇ ਉਪਰੰਤ ਗੋਲੀ ਮਾਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਮਮਦੋਟ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮੁਸਕਾਨ ਪਤਨੀ ਗਗਨ ਪੁੱਤਰ ਮੰਗਲ ਸਿੰਘ ਵਾਸੀ ਬਸਤੀ ਪਠਾਣਾ ਵਾਲੀ ਨੇ ਦੱਸਿਆ ਕਿ 10 ਅਕਤੂਬਰ 2025 ਨੂੰ ਉਹ ਫਿਰੋਜ਼ਪੁਰ ਸ਼ਹਿਰ ਵਿਚੋਂ ਬੱਚਿਆਂ ਦੇ ਕੱਪੜੇ ਲੈ ਕੇ ਵਾਪਸ ਮਮਦੋਟ ਨੂੰ ਆ ਰਹੇ ਸੀ ਤਾਂ ਜਦ ਉਹ ਦੋਵੇਂ ਪਤੀ-ਪਤਨੀ ਆਪਣੇ ਮੋਟਰਸਾਈਕਲ ਸੀਡੀ ਡੀਲਕਸ 'ਤੇ ਸਵਾਰ ਹੋ ਕੇ ਸਤਿਸੰਗ ਘਰ ਤੋਂ ਥੋੜ੍ਹਾ ਅੱਗੇ ਇੱਟਾਂ ਵਾਲੇ ਰਸਤੇ ਸਾਹਮਣੇ ਪੁੱਜੇ ਤਾਂ ਸਾਡੇ ਅੱਗੇ ਦੋ ਮੋਟਰਸਾਈਕਲਾਂ 'ਤੇ ਚਾਰ ਨੌਜਵਾਨ ਸਵਾਰ, ਜਿਨ੍ਹਾਂ ਦੇ ਮੂੰਹ ਬੰਨ੍ਹੇ ਹੋਏ ਸਨ, ਨੇ ਉਸ ਦੇ ਪਤੀ ਗਗਨ ਨੂੰ ਗਲਵੇਂ ਤੋਂ ਫੜ ਕੇ ਬੋਰੀਆਂ ਵਾਲੀ ਕੁੰਡੀ ਉਸ ਦੇ ਪਤੀ 'ਤੇ ਤਾਣ ਕੇ ਉਸ ਦੇ ਪਤੀ ਕੋਲੋਂ ਮੋਬਾਇਲ ਫੋਨ, ਪਰਸ ਤੇ ਉਸ ਦੇ ਬੱਚਿਆਂ ਦੇ ਨਵੇਂ ਖਰੀਦੇ ਕੱਪੜੇ ਵੀ ਖੋਹ ਕੇ ਲੈ ਗਏ। ਮੁਸਕਾਨ ਨੇ ਦੱਸਿਆ ਕਿ ਉਕਤ ਨੌਜਵਾਨ ਉਸ ਦੇ ਕੰਨਾਂ ਦੀਆਂ ਵਾਲੀਆਂ ਝਪਟ ਮਾਰ ਕੇ ਖੋਹ ਲਈਆਂ ਤੇ ਸਾਇਡ 'ਤੇ ਖੜੇ ਵਿਅਕਤੀ ਨੇ ਉਸ ਦੀ ਸੱਜੀ ਵੱਖੀ ਵਿੱਚ ਗੋਲੀ ਮਾਰੀ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੁਖਚੈਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ



**ਕੋਟ ਈਸੇ ਖਾਂ (ਅਰੋੜਾ)**- ਸੀਨੀਅਰ ਮੈਡੀਕਲ ਅਫਸਰ ਡਾਕਟਰ ਰਿਪੂ ਦਮਨ ਕੌਰ ਕੋਟ ਈਸੇ ਖਾਂ ਦੇ ਦਿਸ਼ਾ ਨਿਰਦੇਸ਼ਾਂ ਹੇਠ ਪਲਸ ਪੋਲੀਓ ਮੁਹਿੰਮ ਤਹਿਤ ਬੱਚਿਆਂ ਨੂੰ ਦਵਾਈ ਪਿਲਾਈ ਗਈ। ਪੰਜਾਬ ਸਰਕਾਰ ਨੇ ਜੋ ਪੋਲੀਓ ਮੁਕਤ ਪੰਜਾਬ ਮੁਹਿੰਮ ਚਾਲਾਈ ਹੈ, ਉਸ ਤਹਿਤ ਅੱਜ ਪੰਜ ਸਾਲ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ। ਪਲਸ ਪੋਲੀਓ ਸੁਪਰਵਾਈਜ਼ਰ ਜਗਮੀਤ ਸਿੰਘ ਨੇ ਦੱਸਿਆ ਕਿ ਹਰ ਇੱਕ ਬੱਚੇ ਨੂੰ ਜੋ ਪੰਜ ਸਾਲ ਤੋਂ ਘੱਟ ਉਮਰ ਦਾ ਹੈ, ਉਸ ਨੂੰ ਇਹ ਬੂੰਦਾਂ ਪਿਲਾਉਣੀਆਂ ਬਹੁਤ ਹੀ ਜ਼ਰੂਰੀ ਹਨ ਤਾਂ ਜੋ ਇਸ ਨਾ-ਮੁਰਾਦ ਬਿਮਾਰੀ ਤੋਂ ਬਚਾਅ ਕੀਤਾ ਜਾ ਸਕੇ। ਉਨ੍ਹਾਂ ਨਾਲ ਸਿਹਤ ਮਹਿਕਮੇ ਤੋਂ ਨਰਿੰਦਰ ਕੌਰ, ਆਸ਼ਾ ਵਰਕਰ ਸੰਤੋਸ਼ ਕੁਮਾਰੀ ਤੇ ਸੁਸ਼ਮਾ ਰਾਣੀ ਆਦਿ ਕਰਮਚਾਰੀ ਹਾਜ਼ਰ ਸਨ।

# ਅਲਾਇੰਸ ਸਕੂਲ ਵਿਖੇ ਮਾਡਲ ਪ੍ਰਦਰਸ਼ਨੀ ਤੇ ਮਾਪੇ-ਅਧਿਆਪਕ ਮੀਟਿੰਗ

**ਜੈਤੋ (ਸਤੀਸ਼ ਕੁਮਾਰ ਭੀਰੀ)**- ਪ੍ਰਿੰਸੀਪਲ ਮੈਡਮ ਗੁਰਸੇਵਕ ਕੌਰ ਮਾਨ ਨੇ ਪ੍ਰੈੱਸ ਨੋਟ ਜਾਰੀ ਕਰਦੇ ਹੋਏ ਦੱਸਿਆ ਕਿ ਅਲਾਇੰਸ ਇੰਟਰਨੈਸ਼ਨਲ ਸਕੂਲ ਜੈਤੋ ਵਿੱਚ ਮਾਡਲ ਪ੍ਰਦਰਸ਼ਨੀ ਤੇ ਮਾਪੇ-ਅਧਿਆਪਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਮਾਪੇ-ਅਧਿਆਪਕ ਮਿਲਣੀ ਦੌਰਾਨ ਅਧਿਆਪਕਾਂ ਨੇ ਮਾਪਿਆਂ ਨਾਲ ਉਨ੍ਹਾਂ ਤਰੀਕਿਆਂ ਬਾਰੇ ਚਰਚਾ ਕੀਤੀ, ਜਿਸ ਨਾਲ ਉਹ ਆਪਣੇ ਬੱਚਿਆਂ ਨੂੰ ਅਕਾਦਮਿਕ ਤੇ ਸਹਿ-ਪਾਠਕ੍ਰਮ ਦੀਆਂ ਗਤੀਵਿਧੀਆਂ ਵਿੱਚ ਉੱਤਮ ਬਣਾਉਣ ਵਿੱਚ ਮਦਦ ਕਰ ਸਕਦੇ ਹਨ।ਅਧਿਆਪਕਾਂ ਨੇ ਹਰੇਕ ਬੱਚੇ ਦੀ ਤਰੱਕੀ ਬਾਰੇ ਵਿਆਪਕ ਫੀਡਬੈਕ ਦਿੱਤਾ।ਇਸ ਤੋਂ ਇਲਾਵਾ ਬੱਚਿਆਂ ਵੱਲੋਂ ਲਗਾਈ ਗਈ ਪ੍ਰਦਰਸ਼ਨੀ ਦੀ ਵੀ ਮਾਪਿਆਂ ਨੇ ਸ਼ਲਾਘਾ ਕੀਤੀ।ਇਸ ਪ੍ਰੋਗਰਾਮ ਵਿੱਚ ਨਰਸਰੀ ਤੋਂ ਲੈ ਕੇ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਇਸ ਪ੍ਰਦਰਸ਼ਨੀ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ 'ਤੇ ਆਪਣੇ ਮਾਡਲ ਬਣਾ ਕੇ ਪ੍ਰਦਰਸ਼ਨੀ ਵਿੱਚ ਪ੍ਰਦਰਸ਼ਤ ਕੀਤੇ। ਪ੍ਰਿੰਸੀਪਲ ਗੁਰਸੇਵਕ ਕੌਰ ਮਾਨ ਨੇ ਸਾਰੀਆਂ ਜਮਾਤਾਂ ਦੇ ਵਿਦਿਆਰਥੀਆਂ ਦੇ ਬਣਾਏ ਮਾਡਲਾ ਦੀ ਸ਼ਲਾਘਾ ਕੀਤੀ।ਪ੍ਰਦਰਸ਼ਨੀ ਨੂੰ ਦੇਖਦੇ ਹੋਏ ਸਕੂਲ ਦੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਵੱਲੋਂ ਬਣਾਏ ਮਾਡਲਾਂ ਤੇ ਉਨ੍ਹਾਂ ਦੀ ਪ੍ਰਤਿਭਾ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਹਮੇਸ਼ਾ ਰਚਨਾਤਮਕ ਸੋਚ ਰੱਖਣ ਦੀ ਸਲਾਹ ਦਿੱਤੀ।ਉਨ੍ਹਾਂ ਬੱਚਿਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ ਤੇ ਪ੍ਰੇਰਿਤ ਵੀ ਕੀਤਾ।



# ਪਰਮਿੰਦਰ ਸਿੰਘ ਮੱਲ ਕੇ ਬਣੇ 'ਆਪ' ਦੇ ਮੀਡੀਆ ਵਿੰਗ ਹਲਕਾ ਵਾਈਸ ਕੋਆਰਡੀਨੇਟਰ

**ਬਾਘਾ ਪੁਰਾਣਾ (ਮਨੀ ਸਿੰਗਲਾ)**- ਆਮ ਆਦਮੀ ਪਾਰਟੀ ਦੇ ਸਮਰਥਕਾਂ ਲਈ ਇਕ ਖੁਸ਼ੀ ਦੀ ਖ਼ਬਰ ਸਾਹਮਣੇ ਆਈ ਹੈ।ਪਾਰਟੀ ਨੇ ਪਰਮਿੰਦਰ ਸਿੰਘ ਪਿੰਦਾ ਮੱਲ ਕੇ ਨੂੰ ਮੀਡੀਆ ਵਿੰਗ ਦਾ ਹਲਕਾ ਵਾਈਸ ਕੋਆਰਡੀਨੇਟਰ ਨਿਯੁਕਤ ਕੀਤਾ ਹੈ।ਉਨ੍ਹਾਂ ਦੀ ਇਹ ਨਿਯੁਕਤੀ ਪਾਰਟੀ ਪ੍ਰਤੀ ਉਨ੍ਹਾਂ ਦੀ ਲੰਮੀ ਸਮੇਂ ਤੋਂ ਕੀਤੀ ਜਾ ਰਹੀ ਨਿਸ਼ਠਾ ਤੇ ਸਰਗਰਮ ਸੇਵਾ ਦਾ ਨਤੀਜਾ ਹੈ।ਨਿਯੁਕਤੀ ਮਿਲਣ ਤੋਂ ਬਾਅਦ ਪਰਮਿੰਦਰ ਸਿੰਘ ਪਿੰਦਾ ਨੇ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਤੇ ਪਿੰਡ ਮੱਲਕੇ ਦੇ ਸਰਪੰਚ ਰਾਜਾ ਮੱਲ ਕੇ ਦਾ ਵਿਸ਼ੇਸ਼ ਧੰਨਵਾਦ ਕੀਤਾ।ਉਨ੍ਹਾ ਕਿਹਾ ਕਿ ਜੋ ਭਰੋਸਾ ਪਾਰਟੀ ਵੱਲੋਂ ਉਨ੍ਹਾ 'ਤੇ ਜਤਾਇਆ ਗਿਆ ਹੈ, ਉਸ 'ਤੇ ਖਰਾ ਉਤਰਨਾ ਉਨ੍ਹਾ ਦੀ ਪਹਿਲੀ ਤਰਜੀਹ ਰਹੇਗੀ।ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੇ ਪੰਜਾਬ ਸਰਕਾਰ ਦੇ ਵਿਕਾਸਮਈ ਕੰਮਾਂ ਨੂੰ ਹਰ ਘਰ ਤੱਕ ਪਹੁੰਚਾਉਣ ਲਈ ਮੀਡੀਆ ਵਿੰਗ ਅਹਿਮ ਭੂਮਿਕਾ ਨਿਭਾਅ ਰਿਹਾ ਹੈ।ਉਨ੍ਹਾ ਦਾਅਵਾ ਕੀਤਾ ਕਿ ਹਲਕੇ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੀ ਅਗਵਾਈ ਹੇਠ ਹਲਕੇ ਦਾ ਸਰਬਪੱਖੀ ਵਿਕਾਸ ਜਾਰੀ ਹੈ ਅਤੇ ਹਰ ਵਰਗ ਦੇ ਲੋਕਾਂ ਨੂੰ ਸਰਕਾਰ ਦੀਆਂ ਯੋਜਨਾਵਾਂ ਦਾ ਲਾਭ ਮਿਲ ਰਿਹਾ ਹੈ।ਪਾਰਟੀ ਵਰਕਰਾਂ ਵੱਲੋਂ ਪਰਮਿੰਦਰ ਸਿੰਘ ਪਿੰਦਾ ਨੂੰ ਨਿਯੁਕਤੀ ਲਈ ਮੁਬਾਰਕਬਾਦ ਦਿੱਤੀ ਗਈ ਤੇ ਉਨ੍ਹਾਂ ਦੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ।ਉਨ੍ਹਾਂ ਕਿਹਾ ਕਿ ਆਉਣ ਵਾਲੀਆਂ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦਾ ਮੀਡੀਆ ਵਿੰਗ ਅਹਿਮ ਭੂਮਿਕਾ ਨਿਭਾਏਗਾ ਤੇ ਹਲਕਾ ਬਾਘਾ ਪੁਰਾਣਾ ਤੋਂ ਪਾਰਟੀ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰੇਗੀ।ਉਨ੍ਹਾਂ ਇਹ ਵੀ ਆਖਿਆ ਕਿ ਹਲਕਾ ਵਿਧਾਇਕ ਦੀ ਕਾਰਗੁਜ਼ਾਰੀ ਤੋਂ ਹਲਕੇ ਦੇ ਬਾਗੋਬਾਗ ਹਨ।



# ਸੀ.ਸੈਟ ਦੀ ਆਨਲਾਈਨ ਸਿਖਲਾਈ ਲਈ ਕਲਾਸ ਲਾਈ

**ਦੋਰਾਹਾ (ਹਰਮਿੰਦਰ ਸੇਠ)** ਮਾਤਾ ਮਾਤਾ ਗੰਗਾ ਖ਼ਾਲਸਾ ਕਾਲਜ, ਮੰਜੀ ਸਾਹਿਬ ਕੋਟਾਂ (ਪ੍ਰਬੰਧ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ਕਾਲਜ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਦੀ ਅਗਵਾਈ ਹੇਠ ਨਿਸ਼ਚੈ ਸਿਵਲ ਸਰਵਿਸਜ਼ ਕੋਚਿੰਗ ਅਕੈਡਮੀ, ਚੰਡੀਗੜ੍ਹ ਵੱਲੋਂ ਵਿਦਿਆਰਥੀਆਂ ਦੀ ਸੀ-ਸੈਟ ਦੀ ਆਨਲਾਈਨ ਸਿਖਲਾਈ ਕਲਾਸ ਲਾਈ ਗਈ।ਮੁੱਖ ਵਕਤਾ ਪ੍ਰੋਫੈਸਰ ਬੁੱਧ ਸਿੰਘ ਰਾਣਾ ਦੁਆਰਾ ਵਿਦਿਆਰਥੀਆਂ ਨੂੰ ਗਣਿਤ ਵਿਸ਼ੇ ਨਾਲ਼ ਸੰਬੰਧਤ ਦੂਰੀ, ਸਮਾਂ ਤੇ ਗਤੀ ਤੇ ਆਧਾਰਿਤ ਸਵਾਲਾਂ ਨੂੰ ਹੱਲ ਕਰਕੇ ਉਸ ਨਾਲ਼ ਜੁੜੇ ਕਈ ਸਵਾਲਾਂ ਨੂੰ ਹੱਲ ਕਰਨ ਦੇ ਤਰੀਕਿਆਂ ਬਾਰੇ



ਜਾਣਕਾਰੀ ਦਿੱਤੀ ਗਈ।ਵਿਦਿਆਰਥੀਆਂ ਨੇ ਗਣਿਤ ਵਿਭਾਗ ਦੇ ਪ੍ਰੋ. ਹਰਿੰਦਰ ਕੌਰ ਤੇ ਪ੍ਰੋ. ਸਿਮਰਨਜੀਤ ਕੌਰ ਦੀ ਨਿਗਰਾਨੀ ਹੇਠ ਇਸ ਕਲਾਸ ਵਿੱਚ ਬੜੇ ਹੀ ਸੁਚੱਜੇ ਤੇ ਸੁਚਾਰੂ ਢੰਗ ਨਾਲ਼ ਹਿੱਸਾ ਲਿਆ। ਕਲਾਸ ਉਪਰੰਤ ਵਿਦਿਆਰਥੀਆਂ ਨੇ ਆਪਣੇ ਕਈ ਸਵਾਲਾਂ ਦੇ ਹੱਲ ਲਈ ਪ੍ਰੋ. ਹਰਿੰਦਰ ਕੌਰ ਨਾਲ਼ ਵਿਚਾਰ- ਵਟਾਂਦਰਾ ਕੀਤਾ।ਕਾਲਜ ਪ੍ਰਿੰਸੀਪਲ ਸਾਹਿਬ ਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਦਾ ਅਜਿਹੇ ਉਪਰਾਲਿਆਂ ਲਈ ਧੰਨਵਾਦ ਕੀਤਾ ਗਿਆ।ਉਨ੍ਹਾਂ ਵਿਦਿਆਰਥੀਆਂ ਨੂੰ ਵੀ ਗਣਿਤ ਵਿਸ਼ੇ ਵਿੱਚ ਵੱਧ ਤੋਂ ਵੱਧ ਰੁਚੀ ਵਧਾਉਣ ਤੇ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਸ਼੍ਰੋਮਣੀ ਅਕਾਲੀ ਸਰਕਲ ਕੂੰਮ ਕਲਾਂ ਦੇ ਪ੍ਰਧਾਨ ਨੂੰ ਕੀਤਾ ਸਨਮਾਨਤ

**ਪੰਜਾਬ ਦੇ ਲੋਕ ਅਕਾਲੀ ਦਲ ਦੇ ਕਾਰਜਕਾਲ ਨੂੰ ਕਰਦੇ ਹਨ ਯਾਦ : ਢਿੱਲੋਂ**

**ਦੋਰਾਹਾ (ਹਰਮਿੰਦਰ ਸੇਠ)**- ਸ਼੍ਰੋਮਣੀ ਅਕਾਲੀ ਦਲ ਦੇ ਯੂਥ ਆਗੂ ਗੁਰਜੀਤ ਸਿੰਘ ਜੌਨੀ ਵਿਰਕ ਦੇ ਗ੍ਰਹਿ ਨਿਵਾਸ ਵਿਖੇ ਸਰਕਲ ਕੂੰਮ ਕਲਾਂ ਦੇ ਨਵ-ਨਿਯੁਕਤ ਪ੍ਰਧਾਨ ਜਥੇਦਾਰ ਹਰਚਰਨ ਸਿੰਘ ਜੋਨੇਵਾਲ ਦੇ ਪ੍ਰਧਾਨ ਬਣਨ ਦੀ ਖ਼ੁਸ਼ੀ ਵਿੱਚ ਸਨਮਾਨ ਸਮਾਰੋਹ ਕਰਵਾਇਆ ਗਿਆ।ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਸਾਬਕਾ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ ਤੇ ਸਿਮਰਨਜੀਤ ਸਿੰਘ ਢਿੱਲੋਂ ਹਾਜ਼ਰ ਹੋਏ। ਇਸ ਸਮਾਰੋਹ ਵਿੱਚ ਸਰਕਲ ਕੂੰਮ ਕਲਾਂ ਦੇ ਸਮੂਹ ਵਰਕਰਾਂ ਤੇ ਅਹੁਦੇਦਾਰਾਂ ਵੱਲੋਂ ਵੱਡੀ ਗਿਣਤੀ ਵਿੱਚ ਹਿੱਸਾ ਲਿਆ।ਇਸ ਮੌਕੇ ਸਾਬਕਾ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ ਵੱਲੋਂ ਜਥੇਦਾਰ ਹਰਚਰਨ ਸਿੰਘ ਜੋਨੇਵਾਲ ਦਾ ਸਨਮਾਨ ਕਰਨ ਮੌਕੇ ਉਨ੍ਹਾਂ ਆਪਣੇ ਸੰਬੋਧਨ ਰਾਹੀਂ ਲੋਕਾਂ ਨੂੰ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੀ ਚੜ੍ਹਦੀ ਕਲਾ ਲਈ ਵੱਧ ਤੋਂ ਵੱਧ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇੱਕੋ-ਇੱਕ ਸਮੂਹ ਪੰਜਾਬੀਆਂ ਦੇ ਦਿਲਾਂ ਦੀ ਤਰਜਮਾਨੀ ਕਰਦੀ



ਸਿਆਸੀ ਧਿਰ ਹੈ, ਜਿਸ ਨੇ ਹਮੇਸ਼ਾ ਪੰਜਾਬ ਦੇ ਲੋਕਾਂ ਦੇ ਹਿੱਤਾਂ ਲਈ ਹਿੱਕ ਠੋਕ ਕੇ ਸੰਘਰਸ਼ ਲੜੇ ਤੇ ਵਾਹਿਗੁਰੂ ਦੀ ਕ੍ਰਿਪਾ ਨਾਲ ਜਿੱਤ ਹਾਸਲ ਕੀਤੀ।ਅੱਜ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਲ ਤੇ ਵਾਹਿਦ ਆਗੂ ਪ੍ਰਕਾਸ਼ ਸਿੰਘ ਬਾਦਲ ਨੂੰ ਯਾਦ ਕਰਦੇ ਹਨ ਤੇ 2027 ਦੀਆਂ ਚੋਣਾਂ ਵਿੱਚ ਝੂਠੇ ਵਾਅਦਿਆਂ ਨਾਲ ਬਣੀ ਸਰਕਾਰ ਨੂੰ ਚੱਲਦਾ ਕਰਨ ਲਈ ਤਿਆਰ ਬੈਠੇ ਹਨ। ਇਸ ਮੌਕੇ ਨਵ-ਨਿਯੁਕਤ ਸਰਕਲ ਪ੍ਰਧਾਨ ਹਰਚਰਨ ਸਿੰਘ ਜੋਨੇਵਾਲ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਾਬਕਾ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਵੀ ਪਾਰਟੀ ਵੱਲੋਂ ਮੈਨੂੰ ਅਹੁਦਾ ਦੇ ਕੇ ਨਿਵਾਜਿਆ ਹੈ, ਮੈਂ ਇਨ੍ਹਾਂ ਨੂੰ ਪੂਰਾ ਵਿਸ਼ਵਾਸ ਦਿਵਾਉਂਦਾ ਹਾਂ ਕਿ ਪਾਰਟੀ ਵੱਲੋਂ ਜੋ ਵੀ ਹੁਕਮ ਆਵੇਗਾ, ਉਸ ਨੂੰ ਪੂਰਾ ਕਰਨ ਲਈ ਦਿਨ-ਰਾਤ ਮਿਹਨਤ ਕਰਾਂਗਾ ਤੇ ਹਰ ਪਾਰਟੀ ਵਰਕਰ ਨੂੰ ਨਾਲ ਲੈ ਕੇ ਚੱਲਾਂਗਾ ਅਤੇ ਹਰ ਇੱਕ ਦੇ ਦੁੱਖ ਸੁੱਖ ਵਿੱਚ ਮੋਢੇ ਨਾਲ ਮੋਢਾ ਲਾ ਕੇ ਖੜਾਂਗਾ।ਇਸ ਸਮਾਗਮ ਸਮਾਰੋਹ ਦੌਰਾਨ ਹੋਰਨਾਂ ਤੋਂ ਇਲਾਵਾ ਸਰਪੰਚ ਡਾ. ਗਗਨਦੀਪ ਸਿੰਘ ਢਿੱਲੋਂ, ਕੁਲਜੀਤ ਸਿੰਘ ਕੂੰਮ ਕਲਾਂ, ਕਸ਼ਮੀਰਾ ਸਿੰਘ ਘੁਮਾਣਾ, ਦਵਿੰਦਰ ਸਿੰਘ ਪ੍ਰਤਾਪਗੜ੍ਹ, ਹਰਪਾਲ ਸਿੰਘ ਸਿੱਧੂ, ਅਮਰਜੀਤ ਸਿੰਘ ਬਲੀਏਵਾਲ, ਸੁਖਦੇਵ ਸਿੰਘ ਕੂੰਮ ਕਲਾਂ, ਸਰੂਪ ਸਿੰਘ ਸੇਰੀਆਂ ਆਦਿ ਸਮੂਹ ਇਲਾਕਾ ਨਿਵਾਸੀ ਹਾਜ਼ਰ ਸਨ।

# ਸ਼ਹਿਰ ਦੇ ਵਿਕਾਸ ਲਈ ਵਿਧਾਇਕ ਲਾਡੀ ਢੋਸ ਵੱਲੋਂ ਗਰਾਂਟ ਜਾਰੀ

**ਕੋਟ ਈਸੇ ਖਾਂ (ਅਰੋੜਾ)**- ਹਲਕਾ ਧਰਮਕੋਟ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਵੱਲੋਂ ਨਗਰ ਪੰਚਾਇਤ ਨੂੰ ਸ਼ਹਿਰ ਕੋਟ ਈਸੇ ਖਾਂ ਦੇ ਵਿਕਾਸ ਲਈ ਵੱਡੀ ਗਰਾਂਟ ਜਾਰੀ ਕੀਤੀ ਗਈ ਹੈ।ਉਨ੍ਹਾਂ ਵੱਲੋਂ ਐੱਮ ਡੀ ਐੱਫ ਸਕੀਮ ਅਧੀਨ ਕਰੀਬ ਤਿੰਨ ਕਰੋੜ, ਤੇਰਾਂ ਲੱਖ ਰੁਪਏ ਦੀ ਸੌਗਾਤ ਨਗਰ ਪੰਚਾਇਤ ਨੂੰ ਦਿੱਤੀ ਗਈ, ਜੋ ਸ਼ਹਿਰ ਦੇ ਵਿਕਾਸ ਤੇ ਬੁਨਿਆਦੀ ਸਹੂਲਤਾਂ ਦੇ ਸੁਧਾਰ ਲਈ ਵਰਤੀ ਜਾਵੇਗੀ।ਨਗਰ ਪੰਚਾਇਤ ਕੋਟ ਈਸੇ ਖਾਂ ਵੱਲੋਂ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦਾ ਗਰਮਜੋਸ਼ੀ ਨਾਲ ਸਵਾਗਤ ਤੇ ਧੰਨਵਾਦ ਕੀਤਾ ਗਿਆ।ਸਮਾਗਮ ਦੌਰਾਨ ਵਿਧਾਇਕ ਲਾਡੀ ਢੋਸ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮਕਸਦ ਪਿੰਡਾਂ ਤੇ ਸ਼ਹਿਰਾਂ ਵਿੱਚ ਵਿਕਾਸ ਦੇ ਕੰਮਾਂ ਨੂੰ ਰਫ਼ਤਾਰ ਦੇਣਾ ਹੈ।ਉਨ੍ਹਾਂ ਕਿਹਾ ਕਿ ਕੋਟ ਈਸੇ ਖਾਂ ਵਰਗੇ ਸ਼ਹਿਰਾਂ ਨੂੰ ਸਾਫ ਸੁਥਰੇ ਤੇ ਵਿਕਸਤ ਸ਼ਹਿਰਾਂ ਦੀ ਸ਼੍ਰੇਣੀ ਵਿੱਚ ਲਿਆਉਣ ਲਈ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਮੇਰਾ ਮੁੱਖ ਨਿਸ਼ਾਨਾ ਹਮੇਸ਼ਾ ਪਿੰਡਾਂ ਤੇ ਸ਼ਹਿਰਾਂ ਦਾ ਵਿਕਾਸ ਕਰਨਾ ਹੈ।ਲੋਕਾਂ ਨੇ ਮੈਨੂੰ ਜੋ ਭਰੋਸਾ ਦਿੱਤਾ ਹੈ, ਮੈਂ ਉਸ 'ਤੇ ਖਰਾ ਉਤਰਾਂਗਾ। ਵਿਧਾਇਕ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹੇਠ ਪੰਜਾਬ ਵਿੱਚ ਵਿਕਾਸ ਦੀ ਲਹਿਰ ਦੌੜ ਰਹੀ ਹੈ।ਉਨ੍ਹਾਂ ਕਿਹਾ ਕਿ ਕੋਟ ਈਸੇ ਖਾਂ ਵਿੱਚ ਹੁਣ ਸੜਕਾਂ, ਪਾਣੀ, ਬਿਜਲੀ ਤੇ ਸਫਾਈ ਸਬੰਧੀ ਕੋਈ ਵੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।ਨਗਰ ਪੰਚਾਇਤ ਦੇ ਪ੍ਰਧਾਨ ਸ੍ਰੀਮਤੀ ਸ਼ਿੰਦਰ ਕੌਰ ਰਾਜਪੂਤ, ਵਾਈਸ ਪ੍ਰਧਾਨ ਸੁਮੀਤ ਕੁਮਾਰ ਮਲਹੋਤਰਾ, ਬਲਾਕ ਪ੍ਰਧਾਨ ਪ੍ਰਕਾਸ਼ ਸਿੰਘ ਰਾਜਪੂਤ ਤੇ ਹੋਰ ਅਹੁਦੇਦਾਰਾਂ ਨੇ ਵਿਧਾਇਕ ਲਾਡੀ ਢੋਸ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਵਿਧਾਇਕ ਲਾਡੀ ਢੋਸ ਵੱਲੋਂ ਸ਼ਹਿਰ ਦੇ ਵਿਕਾਸ ਲਈ ਜੋ ਕਰੋੜਾਂ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਹੈ, ਉਨ੍ਹਾਂ ਵੱਲੋਂ ਸ਼ਹਿਰ ਵਾਸੀਆਂ ਨੂੰ ਦੀਵਾਲੀ ਦਾ ਗਿਫਟ ਦਿੱਤਾ ਗਿਆ ਹੈ ਤੇ ਇਹ ਗਰਾਂਟ ਸ਼ਹਿਰ ਦੇ ਵਿਕਾਸ ਵਿੱਚ ਮੀਲ ਦਾ ਪੱਥਰ ਸਾਬਿਤ ਹੋਵੇਗੀ।ਇਸ ਮੌਕੇ ਨਗਰ ਪੰਚਾਇਤ ਦੇ ਪ੍ਰਧਾਨ ਸ਼ਿੰਦਰ ਕੌਰ ਰਾਜਪੂਤ, ਵਾਈਸ ਪ੍ਰਧਾਨ ਸੁਮੀਤ ਕੁਮਾਰ ਮਲਹੋਤਰਾ, ਬਲਾਕ ਪ੍ਰਧਾਨ ਤੇ ਯੂਥ ਆਗੂ ਪ੍ਰਕਾਸ਼ ਸਿੰਘ ਰਾਜਪੂਤ, ਸੀਨੀਅਰ ਆਗੂ ਵਿਜੇ ਕੁਮਾਰ ਧੀਰ ਸਾਬਕਾ ਚੇਅਰਮੈਨ, ਪ੍ਰਦੀਪ ਕੁਮਾਰ ਪਲਤਾ, ਸੁਰਿੰਦਰ ਪਾਲ ਸਚਦੇਵਾ, ਗੁਰਪ੍ਰੀਤ ਸਿੰਘ ਸੋਨੂ ਸਿੱਧੂ, ਸੁੱਚਾ ਸਿੰਘ ਪੁਰਬਾ, ਬਗੜ ਸਿੰਘ ਸਾਰੇ ਕੌਂਸਲਰ ਸਮੇਤ ਕਈ ਪ੍ਰਮੁੱਖ ਹਸਤੀਆਂ ਮੌਜੂਦ ਸਨ।



# ਅੱਖਾਂ ਦਾ ਮੁਫਤ ਅਪ੍ਰੇਸ਼ਨ ਤੇ ਚੈੱਕਅਪ ਕੈਂਪ 15 ਨੂੰ

**ਲੌਂਗੋਵਾਲ (ਪ੍ਰਦੀਪ ਸੱਪਲ)** ਬਾਬਾ ਮੇਹਰ ਦਾਸ ਜੀ ਪਾਓ ਵਾਲੇ ਚੈਰੀਟੇਬਲ ਕਮੇਟੀ ਨਜ਼ਦੀਕ ਸਲਾਈਟ ਲੌਂਗੋਵਾਲ ਦੁੱਗਾਂ ਗੇਟ ਵੱਲੋਂ 15 ਅਕਤੂਬਰ ਨੂੰ ਅੱਖਾਂ ਦਾ ਵਿਸ਼ਾਲ ਮੁਫ਼ਤ ਅਪ੍ਰੇਸ਼ਨ ਤੇ ਚੈਕਅਪ ਕੈਂਪ ਲਾਇਆ ਜਾ ਰਿਹਾ ਹੈ। ਚੇਅਰਮੈਨ ਗੁਰਸੇਵਕ ਸਿਘ ਚਹਿਲ, ਪ੍ਰਧਾਨ ਗੁਰਚਰਨ ਸਿੰਘ ਤੇ ਖਜ਼ਾਨਚੀ ਮਿੱਠੂ ਸਿੰਘ ਨੇ ਦੱਸਿਆ ਕਿ ਇਸ ਕੈਂਪ ਵਿੱਚ ਮਾਹਿਰ ਡਾਕਟਰਾਂ ਵੱਲੋਂ ਲੋੜਵੰਦ ਵਿਅਕਤੀਆਂ ਦੀਆਂ ਅੱਖਾਂ ਵਿੱਚ ਮੁਫ਼ਤ ਲੈਂਜ ਪਾਏ ਜਾਣਗੇ ਅਤੇ ਦਵਾਈਆਂ ਵੀ ਮੁਫਤ ਦਿੱਤੀਆਂ ਜਾਣਗੀਆਂ। ਕੈਂਪ ਵਿੱਚ ਸ਼ੰਕਰਾ ਆਈ ਫਾਊਂਡੇਸ਼ਨ ਮੁੱਲਾਂਪੁਰ ਲੁਧਿਆਣਾ, ਉਨਤ ਭਾਰਤ ਅਭਿਆਨ ਸਲਾਈਟ ਲੌਂਗੋਵਾਲ, ਮਾਨਵ ਸੇਵਾ ਟਰੱਸਟ ਸੁਨਾਮ ਵੱਲੋਂ ਸਹਿਯੋਗ ਦਿੱਤਾ ਜਾ ਰਿਹਾ ਹੈ।

# ਸਾਬਕਾ ਕਬੱਡੀ ਖਿਡਾਰੀ ਗੁਰੀ ਮਾਨ ਨੂੰ ਸਦਮਾ, ਪਿਤਾ ਦਾ ਦੇਹਾਂਤ



**ਧੂਰੀ (ਮਨੋਹਰ ਸਿੰਘ ਸੱਗੂ)**- ਸਾਬਕਾ ਕਬੱਡੀ ਖਿਡਾਰੀ ਤੇ ਇਲਾਕੇ ਦੇ ਸਮਾਜ ਸੇਵੀ ਗੁਰਪ੍ਰੀਤ ਸਿੰਘ ਗੁਰੀ ਮਾਨ ਦੇ ਸਤਿਕਾਰਯੋਗ ਪਿਤਾ ਸ੍ਰ: ਸਿਕੰਦਰ ਸਿੰਘ ਮਾਨ (70) ਐਤਵਾਰ ਸਵੇਰੇ ਅਚਾਨਕ ਸਦੀਵੀਂ ਵਿਛੋੜਾ ਦੇ ਗਏ।ਉਹ ਪਿਛਲੇ ਕਾਫੀ ਸਮੇਂ ਤੋਂ ਅਧਰੰਗ ਦੀ ਬਿਮਾਰੀ ਤੋਂ ਪੀੜਤ ਹੋਣ ਕਾਰਨ ਮੰਜੇ 'ਤੇ ਸਨ।ਵਿੱਛੜੀ ਰੂਹ ਦਾ ਅੰਤਿਮ ਸੰਸਕਾਰ ਬਾਅਦ ਦੁਪਹਿਰ ਧੂਰੀ ਪਿੰਡ ਦੇ ਮਾਨਵਾਲਾ ਰੇਲਵੇ ਫਾਟਕਾਂ ਨੇੜੇ ਸਥਿਤ ਸ਼ਮਸ਼ਾਨ ਘਾਟ ਵਿਖੇ ਕੀਤਾ ਗਿਆ।ਉਨ੍ਹਾਂ ਦੀ ਅੰਤਿਮ ਯਾਤਰਾ 'ਚ ਸ਼ਹਿਰ ਦੀਆਂ ਵੱਖ ਵੱਖ ਧਾਰਮਿਕ ਤੇ ਸਮਾਜ ਸੇਵੀ ਸੰਸਥਾਵਾਂ ਤੇ ਸਿਆਸੀ ਪਾਰਟੀਆਂ ਦੇ ਆਗੂਆਂ ਤੋਂ ਇਲਾਵਾ ਇਲਾਕੇ ਦੇ ਸਰਪੰਚਾਂ, ਪੰਚਾਂ ਤੇ ਪਤਵੰਤਿਆਂ ਸਮੇਤ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਿਰਕਤ ਕੀਤੀ।

# ਦਸਮੇਸ਼ ਖਾਲਸਾ ਸਕੂਲ ਦੇ ਵਿਦਿਆਰਥੀ ਰਾਜ ਪੱਧਰੀ ਖੇਡਾਂ ਲਈ ਚੁਣੇ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** ਦਸਮੇਸ਼ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਇੱਕ ਖਿਡਾਰੀ ਨੇ ਪਟਿਆਲਾ ਵਿਖੇ ਹੋਈ ਅਥਲੈਟਿਕਸ ਮੀਟ ਦੌਰਾਨ ਪਹਿਲਾ ਸਥਾਨ ਹਾਸਲ ਕਰਕੇ ਰਾਜ ਪੱਧਰੀ ਖੇਡਾਂ 'ਚ ਥਾਂ ਪੱਕਾ ਕਰ ਲਿਆ।ਡਿਸਕਸ ਥਰੋ 'ਚ ਭਾਗ ਲੈਣ ਵਾਲੇ ਖਿਡਾਰੀ ਨੇ ਤੀਜਾ ਸਥਾਨ ਹਾਸਲ ਕੀਤਾ ਹੈ, ਜਦਕਿ ਘੱਗਾ ਵਿਖੇ ਜੋਨਲ ਪੱਧਰੀ ਖੇਡਾਂ ਵਿੱਚ ਇਸੇ ਸਕੂਲ ਦੇ ਇੱਕ ਖਿਡਾਰੀ ਨੇ ਦੂਜੇ ਸਥਾਨ 'ਤੇ ਰਹਿ ਕੇ ਸਕੂਲ ਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ। ਸਕੂਲ ਪ੍ਰਿੰਸੀਪਲ ਹਰਬੰਸ ਸਿੰਘ ਖਾਲਸਾ ਨੇ ਦੱਸਿਆ ਕਿ 8 ਤੋਂ 10 ਅਕਤੂਬਰ ਤੱਕ ਪਟਿਆਲਾ ਦੇ ਪੋਲੋ ਗਰਾਊਂਡ 'ਚ ਅਥਲੈਟਿਕਸ ਖੇਡਾਂ 'ਚ ਭਾਗ ਲੈਂਦਿਆਂ ਸਾਡੇ ਸਕੂਲ ਦੇ ਤਿੰਨ ਖਿਡਾਰੀਆਂ ਗਗਨਦੀਪ ਸਿੰਘ, ਗੁਰਤਾਜ ਸਿੰਘ ਤੇ ਸੁਖਪ੍ਰੀਤ ਸਿੰਘ ਨੇ ਭਾਗ ਲਿਆ, ਜਿਸ ਵਿੱਚ ਗਗਨਦੀਪ ਸਿੰਘ ਵੱਲੋਂ ਪਹਿਲਾ ਸਥਾਨ ਹਾਸਲ ਕੀਤਾ, ਜਿਸ ਸਦਕਾ ਉਸ ਨੂੰ ਰਾਜ ਪੱਧਰੀ ਖੇਡਾਂ ਲਈ ਚੁਣਿਆ ਗਿਆ ਹੈ, ਜਦਕਿ ਗੁਰਤਾਜ ਸਿੰਘ ਨੇ ਡਿਸਕਸ ਥਰੋ ਵਿਚ ਤੀਜਾ ਸਥਾਨ ਹਾਸਲ ਕੀਤਾ ਹੈ, ਇਸੇ ਤਰ੍ਹਾਂ 25 ਸਤੰਬਰ ਨੂੰ ਘੱਗਾ ਦੇ ਸਰਕਾਰੀ ਸਕੂਲ ਵਿੱਚ ਹੋਏ ਜ਼ੋਨਲ ਪੱਧਰੀ ਮੁਕਾਬਲਿਆਂ ਵਿੱਚ ਸਕੂਲ ਦੇ ਖਿਡਾਰੀ ਕੁਲਦੀਪ ਸਿੰਘ ਵੱਲੋਂ ਹਿੱਸਾ ਲੈਂਦਿਆਂ 200 ਮੀਟਰ ਦੌੜ 'ਚ ਦੂਜਾ ਸਥਾਨ ਪ੍ਰਾਪਤ ਕੀਤਾ। ਦਸਮੇਸ਼ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਬਾਦਸ਼ਾਹਪੁਰ ਦੇ ਖਿਡਾਰੀਆਂ ਵੱਲੋਂ ਸੱਤ ਮੈਡਲ ਜਿੱਤ ਕੇ ਸਕੂਲ ਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ। ਸਕੂਲ ਪਹੁੰਚਣ ਦੇ ਖਿਡਾਰੀਆਂ ਦਾ ਕੋਮਲਜੀਤ ਸਿੰਘ, ਚਮਕੌਰ ਸਿੰਘ ਤੇ ਸਮੂਹ ਅਧਿਆਪਕਾਂ ਵੱਲੋਂ ਖਿਡਾਰੀਆਂ ਦਾ ਭਰਵਾਂ ਸਵਾਗਤ ਕੀਤਾ ਗਿਆ।

# ਪਾਬੰਦੀਸ਼ੁਦਾ ਗੋਲੀਆਂ ਤੇ ਅਸਲੇ ਸਮੇਤ ਇਕ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਥਾਣਾ ਮਮਦੋਟ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇਕ ਵਿਅਕਤੀ ਨੂੰ ਪਾਬੰਦੀਸ਼ੁਦਾ ਗੋਲੀਆਂ ਤੇ ਨਜਾਇਜ਼ ਅਸਲੇ ਸਮੇਤ ਗ੍ਰਿਫਤਾਰ ਕਰ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗਹਿਣਾ ਰਾਮ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਚੁਪਾਤੀ ਚੌਕ ਮਮਦੋਟ ਪਾਸ ਪੁੱਜੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਗੁਰਦੇਵ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਪਿੰਡ ਮੁੱਦਕੀ ਪ੍ਰੈਗਾਲੀਨ ਕੈਪਸੂਲ ਅਤੇ ਗੋਲੀਆਂ ਵੇਚਣ ਦਾ ਆਦੀ ਹੈ, ਜਿਸ ਪਾਸ ਇੱਕ ਨਾਜਾਇਜ਼ ਅਸਲਾ ਪਿਸਟਲ ਵੀ ਹੈ, ਜੋ ਹੁਣ ਵੀ ਮਹਾਰਾਜਾ ਪੈਲੇਸ ਗੇਟ ਕੋਲ ਬੈਠਾ ਹੈ ਤੇ ਗਾਹਕ ਦੀ ਉਡੀਕ ਕਰ ਰਿਹਾ ਹੈ। ਇਸ ਉਪਰੰਤ ਪੁਲਸ ਨੇ ਛਾਪੇਮਾਰੀ ਕਰਕੇ ਉਸ ਪਾਸੋਂ ਭਾਰੀ ਮਾਤਰਾ ਵਿੱਚ ਪ੍ਰੈਗਾਲੀਨ 1600 ਕੈਪਸੂਲ, 150 ਗੋਲੀਆਂ ਤੇ ਇਕ ਪਿਸਟਲ ਬਰੇਟਾ ਮੇਡ ਇੰਨ ਇਟਲੀ 30 ਬੋਰ ਬਿਨਾਂ ਮੈਗਜ਼ੀਨ ਬਰਾਮਦ ਕੀਤਾ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਨਵੀਂ ਸੜਕ ਟੁੱਟਣ ਦਾ ਮਾਮਲਾ ਅਧਿਕਾਰੀਆਂ ਦੇ ਧਿਆਨ 'ਚ ਲਿਆਂਦਾ

**ਸ਼ੇਰਪੁਰ (ਰਵੀ ਟਿੱਬਾ)** ਰਾਮਨਗਰ ਛੰਨਾ-ਸ਼ੇਰਪੁਰ ਨਵੀਂ ਬਣ ਰਹੀ ਸੜਕ ਟੁੱਟਣ ਦਾ ਭਖਿਆ ਮਾਮਲਾ ਦੂਜੇ ਦਿਨ ਵੀ ਸੁਲਘਦਾ ਰਿਹਾ।ਬੀਕੇਯੂ ਡਕੌਂਦਾ (ਧਨੇਰ) ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਸਿੰਘ ਛੰਨਾ ਤੇ ਕਿਸਾਨ ਸੰਘਰਸ਼ ਕਮੇਟੀ ਦੇ ਪ੍ਰਧਾਨ ਸਰਬਜੀਤ ਸਿੰਘ ਅਲਾਲ ਨੇ ਸਰਕਾਰ ਦੇ ਤੈਅ ਮਾਪਦੰਡਾਂ 'ਤੇ ਸੜਕ ਬਣਾਏ ਜਾਣ ਸਬੰਧੀ ਪੰਜਾਬ ਮੰਡੀ ਬੋਰਡ ਦੇ ਐੱਸ ਡੀ ਓ ਹਰਮਨ ਢੀਂਡਸਾ ਅਤੇ ਠੇਕੇਦਾਰ ਦੇ ਨੁਮਾਇੰਦੇ ਨਾਲ ਮੀਟਿੰਗ ਕੀਤੀ। ਕਿਸਾਨ ਆਗੂ ਕਰਮਜੀਤ ਸਿੰਘ ਛੰਨਾ ਤੇ ਸਰਬਜੀਤ ਸਿੰਘ ਅਲਾਲ ਨੇ ਦੱਸਿਆ ਕਿ ਉਨ੍ਹਾਂ ਬਣੀ ਹੋਈ ਸਾਰੀ ਸੜਕ ਨੂੰ ਵਾਚਿਆ, ਜਿੱਥੇ ਸਾਫ਼ ਸਫਾਈ ਦੀ ਅਣਹੋਂਦ ਤੇ ਕਮੀਆਂ ਪੇਸ਼ੀਆਂ ਮੌਕੇ 'ਤੇ ਮੌਜੂਦ ਐੱਸ ਡੀ ਓ ਨੂੰ ਵਿਖਾਈਆਂ। ਕਿਸਾਨ ਆਗੂਆਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਕੁੱਝ ਊਣਤਾਈਆਂ ਸਬੰਧੀ ਸਹਿਮਤ ਹੁੰਦਿਆਂ ਠੇਕੇਦਾਰ ਦੇ ਕਰਿੰਦਿਆਂ ਨੂੰ ਸਖਤ ਹਦਾਇਤ ਕੀਤੀ ਕਿ ਉਹ ਸਾਰਾ ਕੰਮ ਛੱਡ ਕੇ ਪਹਿਲਾਂ ਸਾਫ਼-ਸਫ਼ਾਈ ਵੱਲ ਧਿਆਨ ਕੇਂਦਰਤ ਕਰਨ।ਆਗੂਆਂ ਨੇ ਦੱਸਿਆ ਕਿ ਵਿਭਾਗ ਦੇ ਅਧਿਕਾਰੀਆਂ ਨੇ ਸੜਕ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਨਾ ਰਹਿਣ ਦਾ ਭਰੋਸਾ ਦਿੱਤਾ ਹੈ।ਉਨ੍ਹਾਂ ਲੋਕਾਂ ਨੂੰ ਬਣ ਰਹੀਆਂ ਸੜਕਾਂ ਦੀ ਖੁਦ ਨਿਗਰਾਨੀ ਕਰਨ ਦਾ ਸੱਦਾ ਦਿੰਦਿਆਂ ਸਪਸ਼ਟ ਕੀਤਾ ਕਿ ਜੇਕਰ ਸਰਕਾਰ ਦੇ ਨਿਰਧਾਰਤ ਮਾਪਦੰਡਾਂ ਦੀ ਅਣਦੇਖੀ ਹੋਈ ਤਾਂ ਕਿਸਾਨ ਸੰਘਰਸ਼ ਤੋਂ ਗੁਰੇਜ਼ ਨਹੀਂ ਕਰਨਗੇ। ਲੋਕ ਨਿਰਮਾਣ ਵਿਭਾਗ ਦੇ ਐੱਸ ਡੀ ਓ ਹਰਮਨ ਢੀਂਡਸਾ ਤੇ ਜੇਈ ਪੰਕਜ ਮਹਿਰਾ ਨੇ ਦੱਸਿਆ ਕਿ ਵਿਭਾਗ ਦੇ ਮਾਪਦੰਡਾਂ ਅਨੁਸਾਰ ਪ੍ਰੀਮਿਕਸ 27 ਐੱਮਐੱਮ ਪਾਇਆ ਜਾਂਦਾ ਹੈ ਤੇ ਰੋਡ ਰੋਲਰ ਨਾਲ ਕੁਟਾਈ ਮਗਰੋਂ ਇਹ ਨਿਰਧਾਰਤ 20 ਤੋਂ 21 ਐੱਮਐੱਮ ਰਹਿ ਜਾਂਦੀ ਹੈ, ਜੋ ਇੱਕ ਇੰਚ ਤੋਂ ਵੀ ਘੱਟ ਹੈ।ਵਿਭਾਗ ਦੇ ਐੱਸ ਡੀ ਓ ਹਰਮਨ ਢੀਂਡਸਾ ਨੇ ਬਾਕੀ ਕੰਮ ਬੰਦ ਕਰਕੇ ਸੜਕ ਦੀ ਪਹਿਲਾਂ ਸਫ਼ਾਈ ਕਰਨ ਦੀਆਂ ਕੀਤੀਆਂ ਹਦਾਇਤਾਂ ਦੀ ਪੁਸ਼ਟੀ ਕੀਤੀ ਅਤੇ ਭਰੋਸਾ ਦਿੱਤਾ ਉਹ ਸਰਕਾਰੀ ਨਿਯਮਾਂ ਦੇ ਘੇਰੇ 'ਚ ਰਹਿਕੇ ਕੰਮ ਕਰਦੇ ਹੋਏ ਲੋਕਾਂ ਨੂੰ ਕਿਸੇ ਸ਼ਿਕਾਇਤ ਦਾ ਮੌਕਾ ਨਹੀਂ ਦੇਣਗੇ।



# ਸਵ: ਅਮਿਤ ਅਰੋੜਾ ਦੀ ਯਾਦ 'ਚ ਮੁਫ਼ਤ ਕੈਂਪ ਲਾਇਆ



**ਜਗਰਾਉਂ (ਅਮਿਤ ਖੰਨਾ)** ਸਵ: ਅਮਿਤ ਅਰੋੜਾ ਦੀ ਯਾਦ ਵਿੱਚ ਲੋਕ ਸੇਵਾ ਸੋਸਾਇਟੀ ਰਜਿਸਟਰ ਜਗਰਾਉਂ ਵੱਲੋਂ ਡਾਕਟਰ ਪ੍ਰਵੀਨ ਗੁਪਤਾ ਮਲਟੀਸਪੈਸ਼ਲਿਸਟੀ ਹਸਪਤਾਲ ਦੇ ਸਹਿਯੋਗ ਨਾਲ ਹੱਡੀਆਂ ਤੇ ਜੋੜਾਂ ਚਮੜੀ ਰੋਗਾਂ ਦਾ ਮੁਫ਼ਤ ਚੈੱਕਅਪ ਕੈਂਪ ਲਾਇਆ ਗਿਆ। ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਰਜਿੰਦਰ ਜੈਨ ਕਾਕਾ, ਸੈਕਟਰੀ ਡਾਕਟਰ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਵਿੱਚ ਗੁਰਦੁਆਰਾ ਗੁਰੂ ਨਾਨਕਪੁਰਾ ਮੋਰੀ ਗੇਟ ਵਿਖੇ ਲਾਏ ਕੈਂਪ ਵਿੱਚ ਡਾਕਟਰ ਪ੍ਰਵੀਨ ਗੁਪਤਾ ਮਲਟੀਸਪੈਸ਼ਲਿਸਟੀ ਹਸਪਤਾਲ ਦੇ ਚਮੜੀ ਤੇ ਜੋੜਾਂ ਤੇ ਵਾਲਾਂ ਦੇ ਮਾਹਿਰ ਡਾਕਟਰ ਰਜਨੀ ਗਰਗ ਤੇ ਹੱਡੀਆਂ ਦੇ ਮਾਹਿਰ ਡਾਕਟਰ ਪਰਵੀਨ ਗੁਪਤਾ ਨੇ 126 ਮਰੀਜ਼ਾਂ ਦਾ ਚੈੱਕਅਪ ਕਰਕੇ ਜਿੱਥੇ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਮੁਫ਼ਤ ਦਿੱਤੀਆਂ, ਉੱਥੇ ਉਨ੍ਹਾਂ ਕੈਂਪ ਵਿੱਚ ਹੱਡੀਆਂ ਵਿੱਚ ਕੈਲਸ਼ੀਅਮ ਦੀ ਜਾਂਚ ਬੀ ਐਮ ਡੀ ਦਾ 55 ਮਰੀਜ਼ਾਂ ਦਾ ਟੈਸਟ ਮੁਫ਼ਤ ਕੀਤਾ, ਜਿਸ ਦੀ ਬਾਜ਼ਾਰ ਵਿੱਚ ਕੀਮਤ ਹਜਾਰ ਰੁਪਏ ਹੈ। ਕੈਂਪ ਵਿੱਚ 126 ਹੱਡੀਆਂ ਅਤੇ ਜੋੜਾਂ ਦੇ ਮਰੀਜ਼, 56 ਚਮੜੀ ਰੋਗਾਂ ਦੇ ਮਰੀਜ਼ਾਂ ਤੇ 55 ਕੈਲਸ਼ੀਅਮ ਦੀ ਜਾਂਚ ਮਰੀਜ਼ਾਂ ਦੀ ਟੈਸਟ ਮੁਫ਼ਤ ਕੀਤਾ ਗਿਆ ਤੇ ਦਵਾਈਆਂ ਮੁਫ਼ਤ ਦਿੱਤੀਆਂ ਗਈਆਂ।

# ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰਨਾ ਸਾਡਾ ਧਰਮ ਤੇ ਫਰਜ਼ : ਬੈਂਸ

## ਹਫਤਾਵਾਰੀ ਪ੍ਰੋਗਰਾਮ ਸਾਡਾ ਐੱਮ ਐੱਲ ਏ ਸਾਡੇ 'ਚ ਨਿਰੰਤਰ ਜਾਰੀ



**ਨੰਗਲ /ਭਲਾਣ (ਹਰਜਤਨ ਢਿੱਲੋਂ, ਸੁਰਜੀਤ ਢੇਰ)**-ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ 12 ਅਕਤੂਬਰ ਆਪਣੇ ਹਫਤਾਵਾਰੀ ਪ੍ਰੋਗਰਾਮ ਸਾਡਾ ਐੱਮ ਐੱਲ ਏ ਸਾਡੇ 'ਚ ਤਹਿਤ ਨੰਗਲ 2 ਆਰ ਵੀ ਆਰ ਵਿਖੇ ਜਨਤਾ ਦਰਬਾਰ ਮੌਕੇ ਸੇਵਾ ਸਦਨ ਵਿੱਚ ਲੋਕਾਂ ਦੀਆਂ ਮੁਸ਼ਕਿਲਾਂ, ਸਮੱਸਿਆਵਾ ਹੱਲ ਕਰਨ ਲਈ ਪਹੁੰਚੇ ਸਨ। ਉਨ੍ਹਾਂ ਨੇ ਕਿਹਾ ਕਿ ਹਰ ਐਤਵਾਰ ਨੰਗਲ ਵਿਖੇ ਇਹ ਕੈਂਪ ਲਗਾ ਕੇ ਇਲਾਕੇ ਦੇ ਲੋਕਾਂ ਦੀ ਗੱਲ ਨੇੜੇ ਹੋ ਕੇ ਸੁਣ ਕੇ ਉਸ ਦਾ ਢੁਕਵਾਂ ਹੱਲ ਕਰਕੇ ਆਪਣਾ ਧਰਮ ਤੇ ਫਰਜ਼ ਨਿਭਾਇਆ ਜਾ ਰਿਹਾ ਹੈ। ਸੈਕੜੇ ਲੋਕ ਇਸ ਕੈਂਪ ਵਿਚ ਪਹੁੰਚਦੇ ਹਨ ਅਤੇ ਮੌਕੇ ਤੇ ਹੀ ਸਬੰਧਿਤ ਵਿਭਾਗਾਂ ਤੇ ਅਧਿਕਾਰੀਆਂ ਨੂੰ ਜਰੂਰੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ। ਉਨ੍ਹਾਂ ਨੇ ਕਿਹਾ ਕਿ ਇਲਾਕੇ ਦੀਆਂ ਪੰਚਾਇਤਾ, ਸਮਾਜ ਸੇਵੀ ਸੰਗਠਨ, ਯੂਥ ਕਲੱਬ, ਨੌਜਵਾਨ, ਵਿਦਿਆਰਥੀ, ਬਜ਼ੁਰਗ ਸਾਡੇ ਕੋਲ ਬਿਨਾ ਸਿਫਾਰਿਸ਼ ਇੱਥੇ ਪਹੁੰਚਦੇ ਹਨ ਅਤੇ ਹਰ ਵਰਗ ਦੇ ਲੋਕਾਂ ਲਈ ਇੱਥੇ ਆਪਣੀਆਂ ਸਮੱਸਿਆਵਾਂ ਹੱਲ ਕਰਵਾਉਣ ਦਾ ਰਾਹ ਖੁੱਲਾ ਹੈ। ਇਹ ਸੇਵਾ ਸਦਨ, ਜੋ ਕਿ 2 ਆਰਵੀਆਰ ਨੰਗਲ ਵਿਖੇ ਬਣਾਇਆ ਗਿਆ ਹੈ, ਹੁਣ ਜਨਤਾ ਲਈ ਇੱਕ ਸਮਾਧਾਨ ਕੇਂਦਰ ਬਣ ਚੁੱਕਾ ਹੈ। ਹਰ ਐਤਵਾਰ ਸੈਂਕੜੇ ਲੋਕ ਇੱਥੇ ਪਹੁੰਚਦੇ ਹਨ। ਲੋਕਾਂ ਦਾ ਕਹਿਣਾ ਹੈ ਕਿ ਇੱਥੇ ਆਉਣ ਤੋਂ ਬਾਅਦ ਉਹਨਾਂ ਨੂੰ ਇਹ ਯਕੀਨ ਰਹਿੰਦਾ ਹੈ ਕਿ ਉਹਨਾਂ ਦੀ ਆਵਾਜ਼ ਸੁਣੀ ਜਾਵੇਗੀ ਅਤੇ ਸਮੱਸਿਆ ਦਾ ਹੱਲ ਹੋਵੇਗਾ। ਉਨ੍ਹਾਂ ਨੇ ਦੱਸਿਆ ਕਿ ਪੰਜਾਬ ਦੇ ਹੋਰ ਇਲਾਕਿਆਂ ਦੇ ਪ੍ਰਤੀਨਿਧੀ ਵੀ ਇਸ ਤਰਾਂ ਦੇ ਕੈਂਪ ਲਗਾਉਣ ਲਈ ਉਪਰਾਲੇ ਕਰ ਰਹੇ ਹਨ। ਇਸ ਮੌਕੇ ਡਾ.ਸੰਜੀਵ ਗੌਤਮ ਜ਼ਿਲ੍ਹਾ ਪ੍ਰਧਾਨ, ਪੰਮੂ ਢਿੱਲੋਂ ਸਰਪੰਚ, ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ, ਹਰਕੀਰਤ ਸਿੰਘ ਡੀ.ਐਸ.ਪੀ ਨੰਗਲ, ਡੀ ਐੱਸਪੀ ਸ੍ਰੀ ਅੰਨਦਪੁਰ ਸਾਹਿਬ ਜਸ਼ਨ ਦੀਪ, ਰਕੇਸ਼ ਵਰਮਾ ਮੈਂਬਰ ਸਵਰਣਕਾਰ ਬੋਰਡ, ਬਲਾਕ ਪ੍ਰਧਾਨ ਨਿਤਿਨ ਪੁਰੀ, ਦਲਜੀਤ ਸਿੰਘ, ਕੰਵਲਜੀਤ ਸਿੰਘ, ਗੁਰਵਿੰਦਰ ਕੌਰ ਸੰਧੋ ਸੁਖਵਿੰਦਰ ਸਿੰਘ, ਕੁਲਵਿੰਦਰ ਸਿੰਘ, ਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਸੜਕ ਦੇ ਪੁਨਰ ਨਿਰਮਾਣ ਨਾਲ ਨਗਰ ਨਿਵਾਸੀਆਂ ਨੂੰ ਮਿਲੇਗੀ ਰਾਹਤ : ਜਿੰਪਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ 12 ਅਕਤੂਬਰ ਨੂੰ ਸੂਰਜ ਨਗਰ ਵਿਚ ਸੜਕ ਦੇ ਪੁਨਰ ਨਿਰਮਾਣ ਕਾਰਜ ਦਾ ਉਦਘਾਟਨ ਕੀਤਾ। ਇਸ ਮੌਕੇ ਇਲਾਕੇ ਦੇ ਵਸਨੀਕ ਬਹੁਤ ਖੁਸ਼ ਸਨ, ਕਿਉਂਕਿ ਸੜਕ ਲੰਬੇ ਸਮੇਂ ਤੋਂ ਖ਼ਰਾਬ ਪਈ ਸੀ, ਜਿਸ ਕਾਰਨ ਕਾਫ਼ੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਵਿਧਾਇਕ ਜਿੰਪਾ ਨੇ ਕਿਹਾ ਕਿ ਇਹ ਸੜਕ ਲੋਕਾਂ ਦੀ ਸਭ ਤੋਂ ਵੱਡੀ ਮੰਗ ਸੀ। ਉਨ੍ਹਾਂ ਕਿਹਾ ਕਿ ਸੜਕ ਦੇ ਪੁਨਰ ਨਿਰਮਾਣ ਲਈ ਕੋਈ ਵੀ ਢਿੱਲ ਜਾਰੀ ਨਹੀਂ ਕੀਤੀ ਜਾਵੇਗਾ, ਬਲਕਿ ਪਹਿਲਾਂ ਤੋਂ ਪ੍ਰਵਾਨਿਤ ਫੰਡਾਂ ਤੋਂ ਪੂਰਨ ਨਿਰਮਾਣ ਕੀਤਾ ਜਾਵੇਗਾ। ਵਿਧਾਇਕ ਜਿੰਪਾ ਨੇ ਕਿਹਾ ਕਿ ਇਸ ਸੜਕ ਦੇ ਨਿਰਮਾਣ ਨਾਲ ਸੂਰਜ ਨਗਰ ਅਤੇ ਆਸਪਾਸ ਦੇ ਇਲਾਕਿਆਂ ਦੇ ਨਿਵਾਸੀਆਂ ਨੂੰ ਵੱਡੀ ਰਾਹਤ ਮਿਲੇਗੀ ਅਤੇ ਆਵਾਜਾਈ ਆਸਾਨ ਬਣੇਗੀ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਨਿਰਮਾਣ ਕਾਰਜ ਸਮੇਂ ਸਿਰ ਪੂਰਾ ਕੀਤਾ ਜਾਵੇ ਅਤੇ ਕੰਮ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਾ ਕੀਤਾ ਜਾਵੇ। ਵਿਧਾਇਕ ਜਿੰਪਾ ਨੇ ਕਿਹਾ ਕਿ ਇਲਾਕੇ ਦੇ ਵਿਕਾਸ ਕਾਰਜਾਂ ਵਿਚ ਜਨਤਾ ਦੀ ਹਿੱਸੇਦਾਰੀ ਬਹੁਤ ਮਹੱਤਵਪੂਰਨ ਹੈ ਅਤੇ ਉਨ੍ਹਾਂ ਦੀ ਸਰਕਾਰ ਪੂਰੀ ਤਰ੍ਹਾਂ ਜਨਤਾ ਦੀ ਸੇਵਾ ਲਈ ਸਮਰਪਿਤ ਹੈ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਵਰਿੰਦਰ ਵੈਦ, ਸੁਮੇਸ਼ ਸੋਨੀ, ਜੋਗਿੰਦਰ ਸਿੰਘ ਰਾਜਾ, ਪਿੰਕੀ ਸ਼ਰਮਾ, ਸੰਦੀਪ ਸ਼ਰਮਾ, ਬਿੱਟੂ ਸੈਣੀ, ਰਾਕੇਸ਼ ਕੁਮਾਰ ਬਿੱਲਾ ਅਤੇ ਰਾਹੁਲ ਚੱਢਾ ਸਮੇਤ ਕਈ ਸਥਾਨਕ ਪਤਵੰਤੇ ਮੌਜੂਦ ਸਨ।

# ਕਿਸਾਨਾਂ ਨਾਲ ਕੀਤੀ ਜਾ ਰਹੀ ਲੁੱਟ ਦੇ ਖਿਲਾਫ ਲਗਾਇਆ ਰੋਸ ਧਰਨਾ



**ਨਕੋਦਰ (ਮਨਜੀਤ ਮਾਨ)**- ਤਹਿਸੀਲ ਨਕੋਦਰ ਅਧੀਨ ਪੈਂਦੇ ਪਿੰਡ ਰਸੂਲਪੁਰ ਕਲਾਂ ਦੇ ਸ਼ੈਲਰ ਦੇ ਮਾਲਿਕ ਤੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਸ਼ੈਲਰ ਦਾ ਮਾਲਿਕ ਬਾਹਰਲੀਆਂ ਸਟੇਟਾਂ ਤੋਂ ਝੋਨਾ ਖ੍ਰੀਦ ਕੇ ਸਸਤੇ ਭਾਅ ਵੇਚਿਆ ਤੇ ਖ੍ਰੀਦਿਆ ਜਾ ਰਿਹਾ ਹੈ, ਜਿਸ ਦੇ ਰੋਸ ਵਜੋਂ ਸ਼ੈਲਰ ਮਾਲਕ ਦੇ ਖਿਲਾਫ ਕਿਸਾਨਾਂ ਨੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਜਸਵੰਤ ਸਿੰਘ ਸਿੱਧੂਪੁਰ ਦੇਨਾਂ, ਰਘਬੀਰ ਸਿੰਘ, ਪ੍ਰਭਜੋਤ ਸਿੰਘ ਸਾਬਕਾ ਸਰਪੰਚ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ੈਲਰ ਮਾਲਕ ਮਹਿਕਮੇ ਦੇ ਅਧਿਕਾਰੀਆਂ ਨਾਲ ਮਿਲਕੇ ਗੋਰਖਧੰਦਾ ਕਰ ਰਹੇ ਹਨ। ਉਨ੍ਹਾਂ ਕਿਹਾ ਮੰਡੀਆਂ ਵਿੱਚੋਂ ਕਿਸਾਨਾਂ ਨੂੰ ਅਜੇ ਤੱਕ ਬਾਰਦਾਨਾਂ ਨਹੀਂ ਮਿਲ ਰਿਹਾ, ਇਸ ਸ਼ੈਲਰ ਵਿੱਚ ਅਫਸਰਾਂ ਦੀ ਮਿਲੀ ਭੁਗਤ ਨਾਲ ਇਸ ਸ਼ੈਲਰ ਮਾਲਕਾਂ ਨੂੰ ਬਾਰਦਾਨਾਂ ਦਿੱਤਾ ਜਾ ਰਿਹਾ ਹੈ ਜਦਕਿ ਕਿਸਾਨ ਮੰਡੀਆਂ ਵਿੱਚ ਰੁਲ ਰਹੇ ਹਨ ਤੇ ਸ਼ੈਲਰ ਮਾਲਕਾਂ ਵੱਲੋਂ ਕਿਸਾਨਾਂ ਨੂੰ ਇੱਕ ਗੱਟੇ ਮਗਰ ਚਾਰ ਚਾਰ ਸੌ ਰੁਪਏ ਘੱਟ ਰੇਟ ਤੇ ਝੋਨਾ ਖ੍ਰੀਦ ਕੇ ਕਿਸਾਨਾਂ ਨੂੰ ਬਹੁਤ ਵੱਡਾ ਚੂਨਾ ਲਗਾਇਆ ਜਾ ਰਿਹਾ ਹੈ। ਉਕਤ ਆਗੂਆਂ ਨੇ ਕਿਹਾ ਕਿ ਜੇਕਰ ਕਿਸਾਨਾਂ ਤੇ ਆੜ੍ਹਤੀਆਂ ਨੂੰ ਇਨਸਾਫ ਨਾ ਮਿਲਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਬਹੁਤ ਵੱਡੇ ਪੱਧਰ ਤੇ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਮਲਕੀਤ ਸਿੰਘ ਸੰਧੂ, ਨੰਬਰਦਾਰ ਗੁਰਸ਼ਰਨਜੀਤ ਸਿੰਘ ਸੰਧੂ, ਪ੍ਰਭਜੋਤ ਸਿੰਘ ਸੰਧਾ ਸਾਬਕਾ ਸਰਪੰਚ ਰਹੀਮਪੁਰ,ਰਾਜਾ ਰਸੂਲਪੁਰ, ਰਘਬੀਰ ਸਿੰਘ, ਜੁਗਿੰਦਰ ਸਿੰਘ ਆੜ੍ਹਤੀਆਂ ਤੋਂ ਇਲਾਵਾ ਹੋਰ ਆਗੂ ਵੀ ਇਸ ਮੌਕੇ ਤੇ ਹਾਜ਼ਰ ਸਨ।

# ਭਾਈ ਲਾਲੋ ਜੀ ਤੇ ਸ਼ਹੀਦ ਬਾਬਾ ਜੰਗ ਸਿੰਘ ਦੀ ਯਾਦ 'ਚ ਧਾਰਮਿਕ ਸਮਾਗਮ



**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)** ਇਤਿਹਾਸਕ ਗੁਰਦੁਆਰਾ ਸਾਹਿਬ ਛੇਵੀਂ ਪਾਤਸ਼ਾਹੀ ਵਿਖੇ ਸੱਚੀ ਸੁੱਚੀ ਕਿਰਤ ਦਾ ਸੰਦੇਸ਼ ਦੇਣ ਵਾਲੇ ਕਿਰਤੀ ਭਾਈ ਲਾਲੋ ਜੀ ਦੇ ਜਨਮ ਦਿਵਸ 'ਤੇ ਸ਼ਹੀਦ ਬਾਬਾ ਜੰਗ ਸਿੰਘ ਦੀ ਸ਼ਹੀਦੀ ਨੂੰ ਸਮਰਪਤ ਧਾਰਮਿਕ ਸਮਾਗਮ ਮੀਰੀ ਪੀਰੀ ਸੇਵਾ ਲਹਿਰ ਵੱਲੋਂ ਗੁਰਦੁਆਰਾ ਕਮੇਟੀ ਤੇ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਸ਼ਰਧਾ ਭਾਵਨਾ ਨਾਲ ਕਰਾਇਆ ਗਿਆ।

ਇਸ ਮੌਕੇ ਪ੍ਰਸਿੱਧ ਰਾਗੀ ਕਥਾਵਾਚਕ ਭਾਈ ਜਗਸੀਰ ਸਿੰਘ ਖ਼ਾਲਸਾ ਦੇ ਰਾਗੀ ਜਥੇ ਨੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਨੁਸਾਰ ਗੁਰਸਿੱਖੀ ਜੀਵਨ ਜਿਉਣ ਲਈ ਪ੍ਰੇਰਿਤ ਕੀਤਾ।ਮੀਰੀ ਪੀਰੀ ਸੇਵਾ ਲਹਿਰ ਦੇ ਪ੍ਰਧਾਨ ਸਵਰਨ ਸਿੰਘ ਖ਼ਾਲਸਾ, ਗਿਆਨੀ ਸਤਨਾਮ ਸਿੰਘ ਨੇ ਕਿਰਤੀ ਭਾਈ ਲਾਲੋ ਜੀ ਤੇ ਸ਼ਹੀਦ ਬਾਬਾ ਜੰਗ ਸਿੰਘ ਮਹਿਲ ਕਲਾਂ ਦੇ ਜੀਵਨ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।ਪ੍ਰਬੰਧਕਾਂ ਵੱਲੋਂ ਰਾਗੀ ਭਾਈ ਜਗਸੀਰ ਸਿੰਘ ਖ਼ਾਲਸਾ ਤੇ ਸ਼ਹੀਦ ਬਾਬਾ ਜੰਗ ਸਿੰਘ ਦੇ ਪਰਵਾਰਕ ਮੈਂਬਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

# ਸੀ ਟੀ ਗਰੁੱਪ ਵਿਖੇ ਸਾਲਾਨਾ ਹੋਸਟਲ ਨਾਈਟ 2025 ਦਾ ਆਯੋਜਨ

**ਜਲੰਧਰ (ਸ਼ੈਲੀ ਐਲਬਰਟ)**-ਸੀ ਟੀ ਗਰੁੱਪ ਦੇ ਸ਼ਾਹਪੁਰ ਕੈਂਪਸ ਵਿਖੇ ਸਾਲਾਨਾ ਹੋਸਟਲ ਨਾਈਟ 2025 ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਹ ਰੰਗ-ਬਰੰਗੀ ਰਾਤ ਸੱਭਿਆਚਾਰ, ਕਲਾ ਅਤੇ ਇਕੱਠਤਾ ਨਾਲ ਭਰਪੂਰ ਰਹੀ, ਜਿਸ ਨੇ ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਵਿਦਿਆਰਥੀਆਂ ਨੂੰ ਇੱਕ ਪਲੇਟਫਾਰਮ 'ਤੇ ਇਕੱਠਾ ਕੀਤਾ। ਇਸ ਸਮਾਗਮ ਦਾ ਮਕਸਦ ਸਿਰਫ਼ ਨਵੇਂ ਹੋਸਟਲ ਵਿਦਿਆਰਥੀਆਂ ਦਾ ਸਵਾਗਤ ਕਰਨਾ ਨਹੀਂ ਸੀ, ਸਗੋਂ ਉਹਨਾਂ ਨੂੰ ਸੀ ਟੀ ਪਰਿਵਾਰ ਦਾ ਹਿੱਸਾ ਸਮਝ ਕੇ ਉਹਨਾਂ ਨੂੰ ਘਰ ਵਰਗੀ ਹੀ ਸ਼ਾਮ ਦਾ ਸੁਕੂਨਮਈ ਵਾਤਾਵਰਣ ਦੇਣਾ ਸੀ। ਸ਼ਾਮ ਦੀ ਸ਼ੁਰੂਆਤ ਮਨਮੋਹਕ ਗੀਤਾਂ, ਫੈਸ਼ਨ ਵਾਕ ਅਤੇ ਨਾਚ ਦੀਆਂ ਰੌਣਕਾਂ ਨਾਲ ਹੋਈ।



ਹਿਮਾਚਲ, ਜੰਮੂ-ਕਸ਼ਮੀਰ, ਉੱਤਰੀ ਪੂਰਬੀ ਭਾਰਤ, ਪੰਜਾਬ ਅਤੇ ਹੋਰ ਕਈ ਖੇਤਰਾਂ ਦੀਆਂ ਵੱਖ-ਵੱਖ ਪਰੰਪਰਾਵਾਂ ਨੂੰ ਵਿਦਿਆਰਥੀਆਂ ਨੇ ਬਹੁਤ ਸੋਹਣੇ ਢੰਗ ਨਾਲ ਦਰਸਾਇਆ। ਕਲਾ ਨਾਲ ਭਰਪੂਰ ਹਰ ਇਕ ਪ੍ਰਦਰਸ਼ਨ ਨੇ 'ਵਿਭਿੰਨਤਾ ਵਿੱਚ ਏਕਤਾ' ਦੀ ਅਸਲੀ ਭਾਵਨਾ ਨੂੰ ਜਿੰਦਗੀ ਦਿੱਤੀ, ਜੋ ਸੀ ਟੀ ਦੇ ਹੋਸਟਲ ਜੀਵਨ ਦੀ ਖ਼ਾਸ ਪਛਾਣ ਹੈ। ਜਿਵੇਂ ਜਿਵੇਂ ਸਮਾਗਮ ਅੱਗੇ ਵਧਿਆ, ਵਿਦਿਆਰਥੀਆਂ ਨੇ ਆਪਣੀ ਕਲਾਤਮਕਤਾ, ਆਤਮ ਵਿਸ਼ਵਾਸ ਅਤੇ ਆਪਣੇ ਖੇਤਰੀ ਗਰਵ ਦੀ ਰੰਗੀਨ ਢੰਗ ਨਾਲ ਪ੍ਰਦਰਸ਼ਨੀ ਕੀਤੀ । ਸ਼ਾਮ ਦਾ ਮੁੱਖ ਆਕਰਸ਼ਣ ਬਣਿਆ 'ਮਿਸਟਰ ਐਂਡ ਮਿਸ ਹੋਸਟਲ' ਮੁਕਾਬਲਾ, ਜਿਸ ਰਾਹੀਂ ਵਿਦਿਆਰਥੀਆਂ ਨੂੰ ਉਹਨਾਂ ਦੇ ਆਤਮ-ਵਿਸ਼ਵਾਸ, ਅਕਰਸ਼ਣ ਅਤੇ ਵਿਅਕਤੀਗਤ ਦੇ ਆਧਾਰ 'ਤੇ ਸਨਮਾਨਿਤ ਕੀਤਾ ਗਿਆ। ਅਜ਼ਮਲ ਖਾਨ ਅਤੇ ਅਮਨ ਨੂੰ ਕਰਮਵਾਰ ਮਿਸਟਰ ਐਂਡ ਮਿਸ ਹੋਸਟਲ ਦਾ ਖ਼ਿਤਾਬ ਮਿਲਿਆ। ਦਾਵਰ ਸ਼ਬੀਰ ਅਤੇ ਜਸਲੀਨ ਕੌਰ ਨੂੰ ਮਿਸਟਰ ਹੈਂਡਸਮ ਅਤੇ ਮਿਸ ਚਾਰਮਿੰਗ ਦੇ ਤਾਜ ਮਿਲੇ। ਆਫਰੀਨ ਭੱਟ ਅਤੇ ਦੀਆ ਨੂੰ ਮਿਸਟਰ ਐਥਨਿਕ ਜੇਂਟਲਮੈਨ ਅਤੇ ਮਿਸ ਟ੍ਰੈਡੀਸ਼ਨਲ ਬਿਊਟੀ ਦਾ ਸਨਮਾਨ ਮਿਲਿਆ।ਇਸੇ ਤਰ੍ਹਾਂ ਨੰਦਨੀ ਅਤੇ ਸਰਤਾਜ ਨੂੰ ਐਕਸਪ੍ਰੈਸ਼ਨ ਕੁਈਨ ਅਤੇ ਐਕਸਪ੍ਰੈਸ਼ਨ ਕਿੰਗ ਨਾਲ ਐਲਾਨ ਕੀਤਾ ਗਿਆ। ਬੈਸਟ ਅਟਾਇਰ ਦੇ ਇਨਾਮ ਜ਼ੁਬਹਾਲ ਰੇ ਅਤੇ ਅੰਸ਼ਿਕਾ ਨੂੰ ਮਿਲਿਆ, ਜਿਸ ਨਾਲ ਸਮਾਗਮ ਵਿੱਚ ਹੋਰ ਸੋਭਾ ਵਧੀ।ਇਸ ਸਮਾਰੋਹ ਨੂੰ ਹੋਰ ਮਹੱਤਵਪੂਰਨ ਬਣਾਇਆ ਉੱਚੇ ਪਦਾਂ ਉੱਤੇ ਬੈਠੇ ਮਾਨਯੋਗ ਮਹਿਮਾਨਾਂ ਦੀ ਹਾਜ਼ਰੀ ਨੇ। ਇਨ੍ਹਾਂ ਵਿੱਚ ਸਹਿ-ਚੇਅਰਪਰਸਨ ਪਰਮਿੰਦਰ ਕੌਰ, ਸਾਂਝੀ ਪ੍ਰਬੰਧ ਨਿਰਦੇਸ਼ਕਾ ਸੁਸ਼੍ਰੀ ਤਾਨਿਕਾ ਚੰਨੀ, ਪ੍ਰਬੰਧ ਨਿਰਦੇਸ਼ਕ ਡਾ. ਮਨਬੀਰ ਸਿੰਘ, ਉਪ-ਚੇਅਰਮੈਨ ਹਰਪ੍ਰੀਤ ਸਿੰਘ, ਕੈਂਪਸ ਡਾਇਰੈਕਟਰ ਡਾ. ਸ਼ਿਵ ਕੁਮਾਰ ਤੇ ਵਿਦਿਆਰਥੀ ਭਲਾਈ ਡੀਨ ਡਾ. ਅਰਜਨ ਸਿੰਘ ਸ਼ਾਮਿਲ ਰਹੇ । ਉਹਨਾਂ ਦੀ ਹਾਜ਼ਰੀ ਨੇ ਵਿਦਿਆਰਥੀਆਂ ਨੂੰ ਉਤਸ਼ਾਹ ਦਿੱਤਾ ਅਤੇ ਸਮਾਰੋਹ ਨੂੰ ਵਿਸ਼ੇਸ਼ ਮਹੱਤਤਾ ਦਿੱਤੀ।

# ਚਰਨਜੀਤ ਸਿੰਘ ਖੁਰਾਨਾ ਰੋਜ਼ੀ ਦਾ ਸਨਮਾਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਹਲਕਾ ਦਿਹਾਤੀ ਪਟਿਆਲਾ ਤੋਂ 'ਆਪ' ਦੇ ਮੀਡੀਆ ਕੋਆਰਡੀਨੇਟਰ ਚਰਨਜੀਤ ਸਿੰਘ ਖੁਰਾਨਾ ਰੋਜ਼ੀ ਨੂੰ ਡਾ. ਬਲਬੀਰ ਸਿੰਘ ਸਿਹਤ ਮੰਤਰੀ ਨੇ ਪੰਚਾਇਤ ਭਵਨ ਵਿਖੇ ਸਨਮਾਨਤ ਕੀਤਾ। ਉਨ੍ਹਾਂ ਕਿਹਾ ਕਿ ਖੁਰਾਣਾ ਪੁਰਾਣੇ ਮਜ਼ਬੂਤ ਵੱਟੇਦਾਰ ਹਨ, ਜੋ ਪਿਛਲੇ ਲੰਮੇ ਸਮੇਂ ਤੋਂ ਇਸ ਕੀਤੇ ਨਾਲ ਜੁੜੇ ਹੋਏ ਹਨ। ਇਸ ਦੇ ਨਾਲ ਹੀ ਉਹ ਆਮ ਆਦਮੀ ਪਾਰਟੀ ਵਿੱਚ ਵਾਰਡ ਸੈਕਟਰੀ ਹੁੰਦੇ ਹੋਏ ਵਾਰਡ 14 'ਚ ਜੁੜ ਕੇ ਕੰਮ ਕਰਦੇ ਰਹੇ। ਚਰਨਜੀਤ ਖੁਰਾਣਾ ਨੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਉਨ੍ਹਾਂ ਨੂੰ ਮੀਡੀਆ ਦੀ ਜ਼ਿੰਮੇਵਾਰੀ ਦੇਣ ਤੇ ਧੰਨਵਾਦ ਕੀਤਾ।

# ਇਨਰ ਵੀਲ੍ਹ ਕਲੱਬ ਨੇ ਕਰਵਾ ਚੌਥ ਦਾ ਤਿਉਹਾਰ ਮਨਾਇਆ



**ਧੂਰੀ (ਸੁਖਦੇਵ ਧੂਰੀ)** ਇਨਰ ਵੀਲ ਕਲੱਬ ਵੱਲੋਂ ਕਰਵਾ ਚੌਥ ਦਾ ਤਿਉਹਾਰ ਬੜੀ ਹੀ ਸ਼ਰਧਾ ਨਾਲ ਮਨਾਇਆ ਗਿਆ।ਕਲੱਬ ਦੀ ਪ੍ਰਧਾਨ ਨੇਹਾ ਜੈਨ ਦੀ ਅਗਵਾਈ ਹੇਠ ਆਯੋਜਤ ਪ੍ਰਭਾਵਸ਼ਾਲੀ ਸਮਾਗਮ ਵਿੱਚ ਸਾਰੀਆਂ ਮੈਂਬਰਾਂ ਨੇ ਇਕੱਠੇ ਹੋ ਕੇ ਪਿਆਰ, ਸਮਰਪਣ ਤੇ ਭਰੋਸੇ ਦਾ ਇਹ ਪ੍ਰੰਪਰਿਕ ਤਿਉਹਾਰ ਭਾਰੀ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਸੁਹਾਗ ਥਾਲੀ ਸਜਾਉਣ ਦੀ ਪ੍ਰਤੀਯੋਗਤਾ, ਮਨੋਰੰਜਕ ਖੇਡਾਂ ਤੇ ਗੀਤ-ਸੰਗੀਤ ਦਾ ਖਾਸ ਪ੍ਰਬੰਧ ਕੀਤਾ ਗਿਆ, ਜਿਸ ਵਿੱਚ ਮੈਂਬਰਾਂ ਨੇ ਜੋਸ਼ ਖਰੋਸ਼ ਨਾਲ ਭਾਗ ਲਿਆ।ਸਮਾਗਮ ਦਾ ਮੁੱਖ ਆਕਰਸ਼ਣ ਕਰਵਾ ਚੌਥ ਫੈਸ਼ਨ ਵਾਕ ਸੀ, ਜਿਸ ਵਿੱਚ ਸਜੀਆਂ-ਧਜੀਆਂ ਸਹੇਲੀਆਂ ਨੇ ਸਭ ਦਾ ਮਨ ਮੋਹ ਲਿਆ। ਪ੍ਰਧਾਨ ਨੇਹਾ ਜੈਨ ਨੇ ਕਿਹਾ ਕਿ ਇਸ ਤਰ੍ਹਾਂ ਦੇ ਤਿਉਹਾਰ ਸਾਡੀ ਭਾਰਤੀ ਸੰਸਕ੍ਰਿਤੀ ਤੇ ਨਾਰੀ ਸ਼ਕਤੀ ਦੀ ਪਛਾਣ ਹਨ।ਉਨ੍ਹਾਂ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਸਮਾਗਮ ਨੂੰ ਸਫ਼ਲ ਬਣਾਉਣ 'ਚ ਆਪਣਾ ਯੋਗਦਾਨ ਪਾਇਆ।

# ਐੱਚ ਡੀ ਐੱਫ ਸੀ ਲਾਇਫ ਇੰਸ਼ੋਰੈਂਸ ਵਿਖੇ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਸ਼ਹਿਰ ਦੇ ਅਗਰਸੈਨ ਚੌਕ ਨੇੜੇ ਸਥਿਤ ਐੱਚ ਡੀ ਐੱਫ ਸੀ ਲਾਇਫ ਇੰਸ਼ੋਰੈਂਸ ਦੇ ਦਫ਼ਤਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ। ਇਸ ਧਾਰਮਿਕ ਪ੍ਰੋਗਰਾਮ ਦਾ ਮੁੱਖ ਮਕਸਦ ਦਫ਼ਤਰੀ ਮਾਹੌਲ ਵਿੱਚ ਸੁੱਖ, ਸ਼ਾਂਤੀ ਤੇ ਸਕਾਰਾਤਮਕ ਊਰਜਾ ਦਾ ਸੰਚਾਰ ਕਰਨਾ ਸੀ। ਇਸ ਮੌਕੇ ਐੱਚ ਡੀ ਐੱਫ ਸੀ ਲਾਇਫ ਇੰਸ਼ੋਰੈਂਸ ਦੇ ਉੱਚ ਅਧਿਕਾਰੀ ਸ੍ਰੀ ਵਿਕਾਸ ਨੇ ਵਿਸ਼ੇਸ਼ ਤੌਰ 'ਤੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸੰਸਥਾ ਵੱਲੋਂ ਸਮੂਹ ਸਟਾਫ ਤੇ ਗਾਹਕਾਂ ਦੀ ਸੁੱਖ ਦੀ ਸ਼ਾਂਤੀ ਤੇ ਕਾਰੋਬਾਰ ਦੀ ਬਰਕਤ ਲਈ ਇਹ ਮਹਾਨ ਪਾਠ ਕਰਵਾਇਆ ਗਿਆ ਹੈ। ਵਿਕਾਸ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਅੱਜ ਦੀ ਤੇਜ਼ ਰਫ਼ਤਾਰ ਤੇ ਭੱਜ-ਦੌੜ ਭਰੀ ਜ਼ਿੰਦਗੀ ਵਿੱਚ ਹਰ ਵਿਅਕਤੀ ਲਈ ਆਪਣੇ ਪਰਵਾਰ ਤੇ ਭਵਿੱਖ ਦੀ ਵਿੱਤੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਅਤਿ-ਜ਼ਰੂਰੀ ਹੋ ਗਿਆ ਹੈ ਅਤੇ ਇਸੇ ਲਈ ਲਾਇਫ ਇੰਸ਼ੋਰੈਂਸ ਦਾ ਮਹੱਤਵ ਬੇਹੱਦ ਵਧ ਜਾਂਦਾ ਹੈ। ਉਨ੍ਹਾਂ ਸਾਰਿਆਂ ਨੂੰ ਆਪਣੀ ਤੇ ਆਪਣੇ ਅਜ਼ੀਜ਼ਾਂ ਦੀ ਜ਼ਿੰਦਗੀ ਨੂੰ ਹਰ ਤਰ੍ਹਾਂ ਦੇ ਖਤਰਿਆਂ ਤੋਂ

**ਅੱਜ ਦੇ ਦੌਰ ਵਿੱਚ ਲਾਇਫ ਇੰਸ਼ੋਰੈਂਸ ਬੇਹੱਦ ਜ਼ਰੂਰੀ-ਵਿਕਾਸ**

ਸੁਰੱਖਿਅਤ ਕਰਨ ਲਈ ਬੀਮਾ ਯੋਜਨਾਵਾਂ ਅਪਣਾਉਣ ਦੀ ਪ੍ਰੇਰਨਾ ਦਿੱਤੀ। ਪਾਠ ਦੀ ਸਮਾਪਤੀ ਉਪਰੰਤ ਰਾਗੀ ਸਿੰਘਾਂ ਵੱਲੋਂ ਕੀਰਤਨ ਤੇ ਉਪਦੇਸ਼ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਅੰਤ ਵਿੱਚ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ ਤੇ ਹਾਜ਼ਰੀਨ ਵਿੱਚ ਗੁਰੂ ਦਾ ਲੰਗਰ (ਪ੍ਰਸਾਦ) ਵਰਤਾਇਆ ਗਿਆ। ਇਸ ਧਾਰਮਿਕ ਸਮਾਗਮ ਵਿੱਚ ਐੱਚ ਡੀ ਐੱਫ ਸੀ ਲਾਇਫ ਇੰਸ਼ੋਰੈਂਸ ਦੇ ਸਮੂਹ ਸਟਾਫ, ਜਿਸ ਵਿੱਚ ਦਫ਼ਤਰ ਦੇ ਪ੍ਰਬੰਧਕੀ ਮੈਂਬਰ, ਸੇਲਜ਼ ਟੀਮ ਦੇ ਮੈਂਬਰ ਤੇ ਹੋਰ ਕਰਮਚਾਰੀ ਸ਼ਾਮਲ ਸਨ, ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਇਸ ਤੋਂ ਇਲਾਵਾ, ਕੰਪਨੀ ਨਾਲ ਜੁੜੇ ਕਈ ਗਾਹਕਾਂ ਤੇ ਇਲਾਕੇ ਦੇ ਪ੍ਰਮੁੱਖ ਵਿਅਕਤੀਆਂ ਨੇ ਵੀ ਪਾਠ ਵਿੱਚ ਹਾਜ਼ਰੀ ਭਰੀ ਤੇ ਗੁਰੂ ਸਾਹਿਬ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਸਮੂਹ ਹਾਜ਼ਰੀਨ ਨੇ ਇਸ ਸ਼ਾਂਤਮਈ ਤੇ ਪਵਿੱਤਰ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

# ਬ੍ਰਹਮਲੀਨ ਮਹੰਤ ਸ੍ਰੀ ਰਵਿੰਦਰਾ ਗਿਰੀ ਦਾ ਤੀਸਰਾ ਸਾਲਾਨਾ ਭੰਡਾਰਾ ਅੱਜ

**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)** : ਪ੍ਰਾਚੀਨ ਸ਼ਿਵ ਮੰਦਿਰ ਲੋਹੀਆਂ ਖਾਸ 'ਚ 13 ਅਕਤੂਬਰ ਦਿਨ ਸੋਮਵਾਰ ਨੂੰ ਬ੍ਰਹਮਲੀਨ ਮਹੰਤ ਸ੍ਰੀ ਰਵਿੰਦਰਾ ਗਿਰੀ ਮਹਾਰਾਜ ਦਾ ਤੀਸਰਾ ਸਲਾਨਾ ਭੰਡਾਰਾ ਮਨਾਇਆ ਜਾ ਰਿਹਾ ਹੈ।ਗੱਦੀਨਸ਼ੀਨ ਮਹਾਂ ਮੰਡਲੇਸ਼ਵਰ ਮਹੰਤ ਸ੍ਰੀ ਸ਼ਿਪਰਾ ਗਿਰੀ ਜੀ ਮਹਾਰਾਜ ਤੋਂ ਮਿਲੀ ਜਾਣਕਾਰੀ ਅਨੁਸਾਰ 13 ਅਕਤੂਬਰ ਦਿਨ ਸੋਮਵਾਰ ਨੂੰ ਸਵੇਰੇ 10:00 ਵਜੇ ਸ੍ਰੀ ਰਾਮਾਇਣ ਜੀ ਦੇ ਭੋਗ ਪਾਏ ਜਾਣਗੇ ਤੇ 10:30 ਵਜੇ ਕੀਰਤਨ ਹੋਵੇਗਾ ਤੇ ਦੁਪਹਿਰ 12:00 ਵਜੇ ਭੰਡਾਰਾ ਹੋਵੇਗਾ ਤੇ ਸ਼ਹਿਰ ਤੇ ਸੰਗਤ ਪੂਰਣ ਆਹੂਤੀ ਪਾਵੇਗੀ। ਇਸ ਮੌਕੇ ਮਹਾਂ ਮੰਡਲੇਸ਼ਵਰ ਮਹੰਤ ਸ੍ਰੀ ਸ਼ਿਪਰਾ ਗਿਰੀ ਮਹਾਰਾਜ ਨੇ ਸੰਦੇਸ਼ ਦਿੱਤਾ ਕਿ ਹਮੇਸ਼ਾ ਇਕਜੁੱਟ ਰਹੋ ਤੇ ਸਾਰੇ ਤਿਉਹਾਰ ਇਕੱਠੇ ਮਨਾਵੋ। ਇਸ ਮੌਕੇ ਮਹਾਂ ਮੰਡਲੇਸ਼ਵਰ ਮਹੰਤ ਸ੍ਰੀ ਸ਼ਿਪਰਾ ਗਿਰੀ ਮਹਾਰਾਜ ਵੱਲੋਂ 13 ਅਕਤੂਬਰ ਨੂੰ ਸਵੇਰੇ 10:30 ਵਜੇ ਤੋਂ 12 ਵਜੇ ਤੱਕ ਸਤਸੰਗ ਕੀਤਾ ਜਾਵੇਗਾ। ਇਸ ਮੌਕੇ ਭੰਡਾਰਾ ਲਾਇਆ ਜਾਵੇਗਾ, ਜਿਸ 'ਚ ਵੱਖ-ਵੱਖ ਸਥਾਨਾਂ ਤੋਂ ਸੰਤ-ਮਹਾਤਮਾ ਪੁੱਜਣਗੇ ਤੇ ਭੰਡਾਰੇ 'ਚੋਂ ਭੋਜਨ ਕਰਨ ਉਪਰੰਤ ਉਹਨਾਂ ਨੂੰ ਦਾਨ-ਦਕਸ਼ਿਣਾ ਦੇ ਕੇ ਸਨਮਾਨ ਸਹਿਤ ਰਵਾਨਾ ਕੀਤਾ ਜਾਵੇਗਾ।




# ਮੋਦੀ ਸਰਕਾਰ ਦਲਿਤਾਂ 'ਤੇ ਅੱਤਿਆਚਾਰ ਬੰਦ ਕਰੇ : ਕਾਮਰੇਡ ਦਦੇਹਰ ਸਾਹਿਬ



**ਚੋਹਲਾ ਸਾਹਿਬ (ਰਮਨ ਚੱਢਾ)**-ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਕਾਰਜਕਾਰੀ ਕਮੇਟੀ ਦੇ ਮੈਂਬਰ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ ਨੇ ਦੱਸਿਆ ਕਿ ਜਦੋਂ ਦੀ ਭਾਜਪਾ ਦੀ ਸਰਕਾਰ ਬਣੀ ਹੈ ਇਹ ਲਗਾਤਾਰ ਘੱਟ ਗਿਣਤੀਆਂ 'ਤੇ ਹਮਲੇ ਕਰ ਰਹੀ ਹੈ। ਪਹਿਲਾਂ ਇਸ ਸਰਕਾਰ ਨੇ ਗਾਂ ਦਾ ਮਾਸ ਖਾਣ ਦਾ ਬਹਾਨਾ ਬਣਾ ਕੇ ਉੱਤਰ ਪ੍ਰਦੇਸ਼ ਵਿੱਚ ਦਲਿਤਾਂ ਉਪਰ ਹਮਲਾ ਕੀਤਾ। ਮਰੇ ਜਾਨਵਰਾਂ ਦੀ ਚਮੜੀ ਲਾਹੁਣ ਵਾਲਿਆਂ ਨੂੰ ਆਪਣੇ ਗੁੰਡਿਆਂ ਤੋਂ ਜਿਊਂਦਿਆਂ ਨੂੰ ਤੇਲ ਪਵਾ ਕੇ ਸਾੜ ਦਿੱਤਾ ਗਿਆ। ਫਿਰ ਇਸ ਸਰਕਾਰ ਨੇ ਮਣੀਪੁਰ ਵਿੱਚ ਦਲਿਤ ਔਰਤਾਂ ਨੂੰ ਬੇਇੱਜ਼ਤ ਕੀਤਾ। ਦਿੱਲੀ ਵਿਧਾਨ ਸਭਾ ਭਵਨ ਵਿੱਚੋਂ ਭੀਮ ਰਾਓ ਦੀ ਫ਼ੋਟੋ ਹਟਵਾਈ। ਹਰਿਆਣਾ 'ਚ ਆਈਪੀਐੱਸ ਅਧਿਕਾਰੀ ਪੂਰਨ ਕੁਮਾਰ ਨਾਲ ਦਲਿਤ ਵਰਗ ਨਾਲ ਸਬੰਧਤ ਹੋਣ ਕਰਕੇ ਉਸ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਸੀ। ਇਸ ਸਰਕਾਰ ਤੋਂ ਦੁਖੀ ਹੋ ਕੇ ਅਧਿਕਾਰੀ ਨੇ ਆਤਮਹੱਤਿਆ ਕਰ ਲਈ। ਕਾਮਰੇਡ ਦਦੇਹਰ ਨੇ ਕੇਂਦਰ ਦੀ ਮੋਦੀ ਸਰਕਾਰ ਨੂੰ ਚੇਤਾਵਨੀ ਦਿੱਤੀ ਕੇ ਜੇ ਦਲਿਤਾਂ ਅਤੇ ਘੱਟ ਗਿਣਤੀਆਂ ਉੱਪਰ ਹਮਲੇ ਬੰਦ ਨਾ ਕੀਤੇ ਤਾਂ ਖੱਬੀਆਂ ਪਾਰਟੀਆਂ ਵੱਲੋਂ ਲੋਕਾਂ ਨੂੰ ਲਾਮਬੰਦ ਕਰਕੇ ਸੰਘਰਸ਼ ਵਿੱਢਿਆ ਜਾਵੇਗਾ।

# ਪੰਜਾਬ ਦੀ ਕਿਸਾਨੀ ਨੂੰ ਤਬਾਹ ਕਰਨ ਦੀ ਕੋਸ਼ਿਸ਼ ਸਹਿਣਯੋਗ ਨਹੀਂ : ਗੁਰਜੀਤ ਸਿੰਘ

**ਜੈਤੋ (ਸਤੀਸ਼ ਕੁਮਾਰ ਭੀਰੀ)** ਪਿੰਡ ਹਰੀ ਨੌਂ ਵਿਖੇ ਪੰਜਾਬ ਦੀ ਕਿਸਾਨੀ ਕੁਚਲਣ ਦੀ ਘਟਨਾ ਵਾਪਰੀ ਹੈ। ਉਸ ਨਾਲ ਪੰਜਾਬ ਦੇ ਸਾਰੇ ਹੀ ਕਿਸਾਨਾਂ ਦੇ ਹਿਰਦੇ ਵਲੂੰਧਰੇ ਗਏ ਹਨ। ਪਹਿਲਾਂ ਜਿੱਥੇ ਪੰਜਾਬ ਦਾ ਕਿਸਾਨ ਹੜ੍ਹਾਂ ਦੀ ਮਾਰ ਝੱਲ ਰਿਹਾ ਹੈ, ਉੱਥੇ ਦੂਜੇ ਪਾਸੇ ਪੈਸੇ ਦੇ ਲੋਭੀਆਂ ਵੱਲੋਂ ਕਿਸਾਨਾਂ ਦੇ ਗਲ਼ ਵਿੱਚ ਅੰਗੂਠਾ ਦੇਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਜਾ ਰਿਹਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਡਾ. ਗੁਰਜੀਤ ਸਿੰਘ ਅਜਿੱਤਗਿੱਲ ਸੂਬਾ ਪ੍ਰਧਾਨ ਲੋਕ ਸੰਘਰਸ਼ ਹਜੂਮ ਕਿਸਾਨ ਤੇ ਮਜ਼ਦੂਰ ਯੂਨੀਅਨ ਨੇ ਕੀਤਾ।ਉਨ੍ਹਾਂ ਕਿਹਾ ਕਿ ਇਸ ਮਿਲੀਭੁਗਤ 'ਚ ਇਕੱਲੇ ਸ਼ੈਲਰ ਮਾਲਕ ਜਾਂ ਟਰੈਕਟਰਾਂ ਵਾਲੇ ਦੋਸ਼ੀ ਨਹੀਂ, ਇਸ 'ਚ ਸੰਬੰਧਤ ਸਰਕਾਰੀ ਅਧਿਕਾਰੀ ਵੀ ਬਰਾਬਰ ਦੇ ਦੋਸ਼ੀ ਹਨ, ਇਸ ਲਈ ਜੋ ਪਰਚਾ ਟ੍ਰੈਕਟਰਾਂ ਵਾਲੇ ਤੇ ਸ਼ੈਲਰ ਮਾਲਕ ਵਿਰੁੱਧ ਪੰਜਾਬ ਪੁਲਸ ਨੇ ਦਰਜ ਕੀਤਾ ਹੈ, ਉਸਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ। ਅੱਗੇ ਸਾਨੂੰ ਪਤਾ ਲੱਗਾ ਹੈ ਕਿ ਇਹ ਝੋਨਾ 'ਕੱਲੇ ਕੋਟਕਪੂਰਾ 'ਚ ਹੀ ਨਹੀਂ ਆਇਆ, ਬਲਕਿ ਜੈਤੋ ਤੇ ਗੋਨਿਆਣਾ ਦੇ ਸ਼ੈਲਰਾਂ ਵਿੱਚ ਵੀ ਵੱਡੀ ਤਾਦਾਤ ਵਿੱਚ ਆਇਆ ਹੈ, ਜਿਸ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੁੱਧ ਛੇੜੀ ਜੰਗ ਨੂੰ ਬੂਰ ਪੈਂਦਾ ਨਜ਼ਰ ਨਹੀਂ ਆ ਰਿਹਾ।ਗੁਰਜੀਤ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਹਾ ਕਿ ਫ਼ਸਲ ਸੀਜ਼ਨ ਸ਼ੁਰੂ ਹੁੰਦਿਆਂ ਹੀ ਪਨਗਰੇਨ ਏਜੰਸੀ ਵੱਲੋਂ ਆੜ੍ਹਤੀਆਂ ਤੇ ਸ਼ੈਲਰ ਵਾਲਿਆਂ ਦੀ ਲੁੱਟ ਕਰਨ ਲਈ ਹਰ ਵਾਰ ਕੋਈ ਨਾ ਕੋਈ ਢੰਗ ਤਰੀਕਾ ਲੱਭ ਕੇ ਲੁੱਟ ਸ਼ੁਰੂ ਕਰ ਦਿੰਦੇ ਹਨ, ਇਸ ਵਾਰ ਵੀ ਇਨ੍ਹਾਂ ਨੇ ਨਵਾਂ ਤਰੀਕਾ ਲੱਭਿਆ ਹੈ ਕਿ ਮੰਡੀਆਂ ਦੀ ਲਿੰਕਕਿੰਗ ਦੀ ਲਿਸਟ ਆਨਲਾਈਨ ਚੰਡੀਗੜ੍ਹ ਤੋਂ ਬਣ ਕੇ ਆਈ ਹੈ, ਪਰ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਸਭ ਇਨ੍ਹਾਂ ਦੀ ਮਿਲੀਭੁਗਤ ਹੈ। ਸ਼ੈਲਰਾਂ ਵਾਲਿਆਂ ਤੋਂ ਇੱਕ ਰੁਪਿਆ ਗੱਟਾ ਲੈ ਕੇ ਜ਼ਿਲ੍ਹੇ 'ਚ ਆਪਣੇ-ਆਪਣੇ ਸੈਂਟਰਾਂ ਦੇ ਹਿਸਾਬ ਨਾਲ ਕੋਈ ਮੰਡੀ ਲਿੰਕ ਕਰਾ ਲਵੋ, ਜਿਹੜਾ ਮਾਲਕ ਇਨ੍ਹਾਂ ਨੂੰ ਪੈਸੇ ਨਹੀਂ ਦਿੰਦਾ, ਉਸ ਨੂੰ ਦੂਰ ਮੰਡੀ ਲਿੰਕ ਕਰ ਦਿੱਤੀ ਜਾਂਦੀ ਹੈ ਜਾਂ ਜਿਹੜੀ ਮੰਡੀ ਦੇ ਆੜ੍ਹਤੀਏ ਜਾਂ ਕਿਸਾਨਾਂ ਨੂੰ ਇਹਨੇ ਤੰਗ ਪ੍ਰੇਸ਼ਾਨ ਕਰਨਾ ਹੁੰਦਾ ਹੈ, ਉੱਥੇ ਲਿੰਕ ਕਰ ਦਿੰਦੇ ਹਨ।ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਸਕੈਂਡਲ ਦੀ ਜਾਂਚ ਸੀ.ਬੀ.ਆਈ ਤੋਂ ਹੋਣੀ ਚਾਹੀਦੀ ਹੈ ਤੇ ਸੰਬੰਧਤ ਸਰਕਾਰੀ ਅਧਿਕਾਰੀ ਤੇ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ।



# ਸੀਨੀਅਰ ਸਿਟੀਜ਼ਨ ਫੋਰਮ ਕਾਰਜਕਾਰਨੀ ਦੀ ਮੀਟਿੰਗ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਸੀਨੀਅਰ ਸਿਟੀਜਨ ਫੋਰਮ ਕਾਰਜਕਾਰਨੀ ਦੀ ਮੀਟਿੰਗ ਬਾਗਬਾਨ ਕੰਪਲੈਕਸ ਮਖੂ ਗੇਟ ਫਿਰੋਜ਼ਪੁਰ ਸ਼ਹਿਰ ਵਿਖੇ ਹੋਈ, ਜਿਸ ਵਿੱਚ ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੀਨੀਅਰ ਸਿਟੀਜਨ ਫੋਰਮ ਨੂੰ ਹੋਰ ਮਜ਼ਬੂਤ ਕਰਨ ਲਈ ਸਾਰੇ ਮੈਂਬਰ ਇਕ ਸੁਰਤਾ, ਜਬਤਾ ਕਾਇਮ ਰੱਖਣਾ, ਅਨੁਸ਼ਾਸਨ ਕਾਇਮ ਰੱਖਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਲੰਮੇ ਸਮੇਂ ਤੋਂ ਮੀਟਿੰਗ ਵਿੱਚ ਹਾਜ਼ਰ ਨਾ ਹੋਣ ਵਾਲੇ ਸਾਥੀਆਂ ਦੀ ਸਿਹਤ ਬਾਰੇ ਜਾਣਕਾਰੀ ਲਈ ਜਾਵੇ, ਸਬ ਕਮੇਟੀਆਂ ਦੇ ਜ਼ੁੰਮੇ ਲਗਾਏ ਕੰਮਾਂ ਦੀ ਵਿਉਂਤਬੰਦੀ ਕੀਤੀ ਜਾਵੇ ਤੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਮਿਲ ਕੇ ਸ਼ਹਿਰ ਦੀਆਂ ਸੜਕਾਂ, ਸੀਵਰੇਜ ਸਿਸਟਮ, ਅਵਾਰਾ ਕੁੱਤਿਆਂ ਤੇ ਪਸ਼ੂਆਂ ਦੀ ਸਾਂਭ ਸੰਭਾਲ ਦਾ ਹੱਲ ਕਰਵਾਇਆ ਜਾਵੇ। ਇਹ ਵੀ ਫੈਸਲਾ ਲਿਆ ਗਿਆ ਕਿ ਸਾਰੇ ਮੈਂਬਰ ਮੈਂਬਰਸ਼ਿਪ ਤੇ ਹੜ੍ਹ ਪੀੜਤਾਂ ਸਬੰਧੀ ਮਦਦ ਲਈ ਆਪਣਾ ਯੋਗਦਾਨ ਜਲਦੀ ਤੋਂ ਜਲਦੀ ਕੈਸ਼ੀਅਰ ਕੋਲ ਜਮ੍ਹਾਂ ਕਰਵਾਉਣ। ਇਹ ਫੈਸਲਾ ਲਿਆ ਗਿਆ ਕਿ ਫੋਰਮ ਦੀ ਜਨਰਲ ਮੀਟਿੰਗ 19 ਅਕਤੂਬਰ ਐਤਵਾਰ ਸਵੇਰੇ 11.30 ਵਜੇ ਬਾਗਬਾਨ ਕੰਪਲੈਕਸ ਮਖੂ ਗੇਟ ਫਿਰੋਜ਼ਪੁਰ ਸ਼ਹਿਰ ਵਿਖੇ ਹੋਵੇਗੀ। ਇਸ ਮੌਕੇ ਤਿਲਕ ਰਾਜ ਏਰੀ, ਡੀ ਆਰ ਗੋਇਲ, ਵਿਨੋਦ ਕੁਮਾਰ ਗੋਇਲ, ਸਤੀਸ਼ ਪੁਰੀ, ਦੇਸ਼ ਬੰਧੂ ਤੁਲੀ, ਡਾਕਟਰ ਸੁਰਿੰਦਰ ਸਿੰਘ, ਪ੍ਰੋਫੈਸਰ ਗੁਰਦੇਵ ਸਿੰਘ, ਮੁਹਿੰਦਰ ਸਿੰਘ ਧਾਲੀਵਾਲ ਜਨਰਲ ਸਕੱਤਰ, ਅਵਤਾਰ ਸਿੰਘ ਭੋਲਾ ਪ੍ਰੇਮ ਚੰਦ, ਅਸ਼ੋਕ ਕਾਪਾਹੀ, ਰਾਕੇਸ਼ ਸ਼ਰਮਾ, ਸੁਰਿੰਦਰ ਬੇਰੀ ਬਲਦੇਵ ਸਚਦੇਵਾ, ਸ਼ਿਵ ਕੁਮਾਰ, ਸ਼ਾਮ ਲਾਲ ਗੱਖੜ, ਚਰਨਜੀਤ ਮਹਾਜਨ, ਪ੍ਰਵੇਸ਼ ਕੁਮਾਰ, ਯੋਗਿੰਦਰ ਨਾਥ ਕੱਕੜ, ਐੱਸਪੀ ਖੇੜਾ, ਹੁਕਮ ਚੰਦ, ਪ੍ਰਵੀਨ ਕੁਮਾਰ, ਮਨੋਹਰ ਲਾਲ ਆਦਿ ਹਾਜ਼ਰ ਸਨ।

# ਨਸ਼ੇ ਦੇ ਸੌਦਾਗਰਾਂ ਦਾ ਸਮਰਥਨ ਮੰਦਭਾਗਾ : ਕੋਹਲੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਆਮ ਆਦਮੀ ਪਾਰਟੀ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਬੜੀ ਹੈਰਾਨੀ ਵਾਲੀ ਗੱਲ ਹੈ ਕਿ ਭਾਜਪਾ ਆਗੂ ਜੈਇੰਦਰ ਕੌਰ ਆਪਣੀ ਸਿਆਸਤ ਚਮਕਾਉਣ ਵਾਸਤੇ ਨਸ਼ਾ ਵੇਚਣ ਵਾਲਿਆਂ ਤੇ ਨਜਾਇਜ਼ ਕਬਜ਼ਾ ਕਰਨ ਵਾਲਿਆਂ ਦੇ ਹੱਕ ਵਿੱਚ ਆ ਖੜੇ ਹੋਏ ਹਨ।ਵਿਧਾਇਕ ਕੋਹਲੀ ਨੇ ਕਿਹਾ ਕਿ ਜੈਇੰਦਰ ਦੇ ਪਿਤਾ ਕੈਪਟਨ ਅਮਰਿੰਦਰ ਸਿੰਘ ਨੇ ਨਸ਼ੇ ਖ਼ਤਮ ਕਰਨ ਦੀ ਝੂਠੀ ਸਹੁੰ ਖਾਧੀ ਤੇ ਹੁਣ ਜੈਇੰਦਰ ਕੌਰ ਵੀ ਉਸੇ ਲੀਹ 'ਤੇ ਤੁਰਦਿਆਂ ਨਸ਼ੇ ਦੇ ਵਪਾਰੀਆਂ ਨਾਲ ਜਾ ਖੜੇ ਹਨ।ਵਿਧਾਇਕ ਨੇ ਕਿਹਾ ਕਿ ਪਬਲਿਕ ਪਾਰਕਾਂ ਤੇ ਪਬਲਿਕ ਸੜਕਾਂ 'ਤੇ ਨਸ਼ਾ ਵੇਚਣ ਵਾਲਿਆਂ ਵੱਲੋਂ ਕਬਜ਼ਾ ਕੀਤਾ ਹੋਇਆ ਸੀ।ਇਸ ਤੋਂ ਇਲਾਵਾ ਇਨ੍ਹਾਂ ਦੇ ਪਰਿਵਾਰਾਂ ਦੇ 'ਤੇ ਸੱਤ ਤੋਂ ਨੌਂ ਪਰਚੇ ਨਸ਼ੇ ਦੇ ਦਰਜ ਹੋ ਚੁੱਕੇ ਸੀ।ਨਸ਼ਿਆਂ ਲਈ ਬਦਨਾਮ ਹੋ ਚੁੱਕੇ ਇਸ ਇਲਾਕੇ 'ਚ ਕੈਪਟਨ ਸਰਕਾਰ ਨੇ 20 ਸਾਲ ਦੇ ਰਾਜ ਦੇ ਵਿੱਚ ਡੱਕਾ ਨਹੀਂ ਤੋੜਿਆ, ਪੰਜਾਬ ਦੀ ਤੇ ਖਾਸ ਕਰਕੇ ਪਟਿਆਲੇ ਦੀ ਜਵਾਨੀ ਨੂੰ ਇੱਕ ਨੌਕਰੀ ਨਹੀਂ ਦਿੱਤੀ।ਉਲਟਾ ਇਨ੍ਹਾਂ ਨੂੰ ਨਸ਼ੇ ਦੇ ਜਾਲ 'ਚ ਫਸਾ ਦਿੱਤਾ।ਵਿਧਾਇਕ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਨੂੰ ਪਟਿਆਲੇ ਦੀ ਜਵਾਨੀ ਨੂੰ ਅੱਜ ਆਮ ਆਦਮੀ ਪਾਰਟੀ ਦੀ ਸਰਕਾਰ ਇੱਕ ਚੰਗਾ ਕੰਮ ਕਰ ਰਹੀ ਹੈ ਤਾਂ ਉਸ ਦੀ ਸ਼ਲਾਘਾ ਕਰਨ ਦੀ ਜਗ੍ਹਾ ਹੇਠਲੇ ਪੱਧਰ ਦੀ ਰਾਜਨੀਤੀ ਕੀਤੀ ਜਾ ਰਹੀ ਹੈ। ਵਿਧਾਇਕ ਅਜੀਤਪਾਲ ਨੇ ਜੈਇੰਦਰ ਕੌਰ ਨੂੰ ਕਿਹਾ ਕਿ ਤੁਸੀਂ ਕ੍ਰਿਪਾ ਕਰਕੇ ਜੇ ਕੁਝ ਚੰਗਾ ਨਹੀਂ ਕਰ ਸਕਦੇ, ਪਟਿਆਲੇ ਵਾਸਤੇ ਤੇ ਸਰਕਾਰ ਦੇ ਚੰਗੇ ਕੰਮਾਂ 'ਚ ਰੋੜਾ ਨਾ ਬਣੋ।

# ਭਾਰੀ ਮੀਂਹ ਕਾਰਨ ਪ੍ਰਭਾਵਤ ਹੋਏ ਪਰਵਾਰ ਦੀ ਡਾ. ਓਬਰਾਏ ਨੇ ਫੜੀ ਬਾਂਹ




**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)** ਡਾ. ਐਸ.ਪੀ.ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸੰਨੀ ਓਬਰਾਏ ਆਵਾਸ ਯੋਜਨਾ ਤਹਿਤ ਵੱਡੀ ਗਿਣਤੀ 'ਚ ਲੋੜਵੰਦਾਂ ਲਈ ਨਵੇਂ ਮਕਾਨ ਬਣਾਏ ਜਾ ਰਹੇ ਹਨ, 480 ਨਵੇਂ ਮਕਾਨ ਬਣਾ ਕੇ ਦੇ ਚੁੱਕੇ ਹਾਂ ਤੇ ਪਿਛਲੇ ਸਾਲਾਂ ਦੌਰਾਨ ਹੜ੍ਹਾਂ ਨਾਲ ਪ੍ਰਭਾਵਤ 620 ਮਕਾਨ ਨਵ ਨਿਰਮਾਣ ਕਰਾ ਚੁੱਕੇ ਹਾਂ।ਪਿਛਲੇ ਦਿਨੀਂ ਆਈ ਜ਼ਿਆਦਾ ਬਾਰਿਸ਼ ਕਾਰਨ ਪਿੰਡ ਵੰਗਲ ਵਿੱਚ ਗਰੀਬ ਪਰਵਾਰ ਦਾ ਕੋਠਾ ਡਿੱਗ ਪਿਆ ਸੀ, ਤਾਂ ਪਰਵਾਰ ਵੱਲੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਰਾਹੀਂ ਡਾ. ਓਬਰਾਏ ਨੂੰ ਮਕਾਨ ਬਣਾ ਕੇ ਦੇਣ ਲਈ ਬੇਨਤੀ ਕੀਤੀ ਗਈ ਸੀ ਤਾਂ ਡਾ ਓਬਰਾਏ ਵੱਲੋਂ ਤੁਰੰਤ ਪੰਜਾਹ ਹਜ਼ਾਰ ਰੁਪਏ ਭੇਜੇ ਗਏ ਤੇ ਮਕਾਨ ਸ਼ੁਰੂ ਕਰਨ ਲਈ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਰਾਹੀਂ ਟੀਮ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਪਿਛਲੇ ਮਹੀਨੇ ਵੀ ਪਿੰਡ ਬੂੜਾ ਗੁੱਜਰ ਵਿੱਚ ਪੁੱਤਰ ਵੀ ਗਵਾ ਚੁੱਕੀ ਵਿਧਵਾ ਨੂੰ ਡਾਕਟਰ ਓਬਰਾਏ ਵੱਲੋਂ ਮਕਾਨ ਨਵ ਨਿਰਮਾਣ ਕਰਾ ਕੇ ਦਿੱਤਾ ਗਿਆ ਹੈ।ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਨੇ ਦੱਸਿਆ ਕਿ ਟਰੱਸਟ ਦੀ ਕੋਈ ਵੀ ਰਸੀਦ ਬੁੱਕ ਨਹੀਂ ਹੈ। ਇਹ ਰਾਸ਼ੀ ਡਾ ਓਬਰਾਏ ਵੱਲੋਂ ਅਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਕੀਤੀ ਜਾਂਦੀ ਹੈ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ਼੍ਰੀ ਮੁਕਤਸਰ ਸਾਹਿਬ ਸਮੂਹ ਟੀਮ ਵੱਲੋਂ ਡਾ ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ ਤੇ ਧੰਨਵਾਦ ਕੀਤਾ ਗਿਆ।


# ਕਲਾਸੀਫਾਈਡ ਇਸ਼ਤਿਹਾਰ

## Change of Name

I, Joyti Sharma W/o Sh. Jagdish Kumar R/O Vill. Boothgarh, PO Mutton, Teh. Balachaur, Distt. S.B.S Nagar - 144521, Punjab have changed my name from Joyti Sharma to Jyoti Devi. All concerned please note.

I Paramjit Singh S/O Raghbir Singh R/O 79-A-RAJA Garden Dhian Singh Colony, Phagwara, Distt. Kapurthala, Punjab I have changed my name from Paramjit Singh to Paramjit Singh Kharbanda. (Kharbanda is My Surname). All Note.

I, Kamni w/o Anup Anand r/o H.No.WG-247, Islamabad Jalandhar, Punjab have changed my name from Kamni to Kamini Anand. All Please Note.

I, Anoop Anand s/o Narinjan Das Anand r/o H.No.WG-247, Islamabad, Jalandhar, Punjab have changed my name from Anoop Anand to Anup Anand. All Please Note.

I, Inder Pal Singh s/o Amarjit Singh r/o VPO. Pandori Nijjran, Distt.Jalandhar have changed my name from Inder Pal Singh to Inderpal Singh. All Please Note.

I, Shawinder Kaur w/o Inderpal Singh r/o Vpo. Pandori Nijjran, Distt. Jalandhar have changed my name from Shawinder Kaur to Shavinder Kaur. All Please Note.

I, Kimti Singh Sandhu s/o Janak Raj r/o 109, Kala Sangha Road, Green Avenue, Basti Sheikh, Jalandhar declare that Kimti Lal and Kimti Singh Sandhu are one and the same person. All Please Note.

I, Paramjit Kaur W/o Karam Jit Singh R/o VPO. Manak, Teh. Phagwara, Distt. Kapurthala have changed my name from Paramjit Kaur to Given name as Paramjit & Surname as Kaur. All Please Note.

## PUBLIC NOTICE

I Varinder Singh S/O Dalbir Singh R/O Village Pandori Araian, Tehsil Dasuya, Distt. Hoshiarpur, Punjab, India - 144205 Declare that my given name as Varinder and my Surname as Singh. All concerned please note.

I Sawroop Kaur W/o Varinder Singh S/o Dalbir Singh R/o Village Pandori Araian, Tehsil Dasuya, Distt. Hoshiarpur, Punjab, India-144205, Declare That my given name as Sawroop and my Surname as Kaur. All concerned please note.

## ਬੇਦਖਲੀ ਨੋਟਿਸ

ਮੈਂ ਕਾਲਾ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਪਿੰਡ ਲੱਖਣ ਖੋਲੇ, ਡਾਕ. ਲੱਖਣ ਕਲਾਂ, ਸਬ ਤਹਿ. ਢਿਲਵਾਂ, ਜ਼ਿਲ੍ਹਾ ਕਪੂਰਥਲਾ ਘੋਸ਼ਣਾ ਕਰਦਾ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ ਅਤੇ ਨੂੰਹ ਬਲਜਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਆਪਣੇ ਲੜਕੇ ਅਤੇ ਨੂੰਹ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਸੁਰਜੀਤ ਸਿੰਘ ਪੁੱਤਰ ਹੁਕਮ ਸਿੰਘ, ਵਾਸੀ ਵਿਰਹਾ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਖਪਾਲ ਸਿੰਘ ਉਰਫ ਸੁੱਖਾ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਜੰਗੀਰ ਸਿੰਘ ਪੁੱਤਰ ਮਿਲਖਾ ਸਿੰਘ, ਵਾਸੀ ਬਲੇਲ ਕੇ ਉਤਾੜ ਅਮੀਰ ਖਾਸ, ਫਿਰੋਜ਼ਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਹੈ।

ਅਸੀਂ, ਪਰਮਿੰਦਰ ਸਿੰਘ ਪੁੱਤਰ ਮੁਖਤਿਆਰ ਸਿੰਘ ਅਤੇ ਸੁਖਜਿੰਦਰ ਕੌਰ ਪਤਨੀ ਪਰਮਿੰਦਰ ਸਿੰਘ, ਵਾਸੀ ਸੰਤ ਪ੍ਰੇਮ ਸਿੰਘ ਨਗਰ, ਵਾਰਡ ਨੰ: 12, ਟਾਂਡਾ ਉੜਮੁੜ (ਹੁਸ਼ਿਆਰਪੁਰ) ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਹਰਜਾਪ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ, ਜਿਸ ਕਰਕੇ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਦੇ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਆਮ ਸੂਚਨਾ

ਮੈਂ, ਮੁਕੇਸ਼ ਵਰਮਾ ਪੁੱਤਰ ਰਮੇਸ਼ ਵਰਮਾ ਵਾਸੀ ਆਦਮਪੁਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਰਜਿਸਟਰੀ ਨੰਬਰ. 1577 ਮਿਤੀ 20/03/1998 ਹੈ, ਜੋਕਿ ਮਿਤੀ 01/10/2025 ਨੂੰ ਕਿਤੇ ਡਿਗ ਪਈ ਹੈ ਜਿਸਦੀ ਰਿਪੋਟ ਥਾਣਾ ਆਦਮਪੁਰ ਵਿੱਚ ਮਿਤੀ 08/10/2025 ਨੂੰ ਦਰਜ ਕਰਵਾਈ ਗਈ ਹੈ। ਅਗਰ ਰਜਿਸਟਰੀ ਕਿਸੇ ਨੂੰ ਮਿਲੇ ਤੇ ਇਸ ਨੰਬਰ 94175-83171 'ਤੇ ਸੰਪਰਕ ਕਰ ਸਕਦਾ ਹੈ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## COURT NOTICE

(U/o 5 Rule 20 CPC)
In the Court of
Ms. Krishnanuja Mittal
Additional Civil Judge (Senior Division), Fatehgarh Sahib
CNR No. PBFG02-000419-2024
C.C.No. CS/304/2024
Next Date:- 15-12-2025

Bhupinderjit Kaur wife of Jatinder Singh and daughter of Late Jai Singh, Resident of Village Behrampur Zimidara, Tehsil and District Roopnagar

Vs.

1. Yadwinder Singh Son of Jai Singh,
2. Dharamvir Singh Son of Yadwinder Singh, both are residents of Village Bagrian, Tehsil and District Fatehgarh Sahib

Publication Issued To:

1. Yadwinder Singh Son of Late Jai Singh,
2. Dharamvir Singh Son of Yadwinder Singh, both are residents of village Bagrian, Tehsil and District Fatehgarh Sahib

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 15-12-2025 at 10:00 a.m.

For details logon to https://highcourtchd.gov.in/?trs-district_notice&district=fatehgarh

Additional Civil Judge (Senior Division) Fatehgarh Sahib
Dated, this day of 08-10-2025

## COURT NOTICE

(U/o 5 Rule 20 CPC)
In the Court of
Sh. Jagmohan Singh Sanghe
Principal Judge, Family Court, Jalandhar
GW/68/2025
CNR No. PBJL01-005590-2025
Next Date:- 01-12-2025

Savitar Kaur W/o Late Sh. Balwinder Singh Address : 154, British Town Mandi, Jalandhar

Vs.

1) General Public
Address : General Public
2) Neha W/O Late Sh. Vikramjeet Singh D/O Jasvir Singh Address-Village Mahalpur, Dharamshala Gurudwara Mohalla, District Hoshiarpur.

Petition Under Guardian and Wards Act

Publication Issued To:
Neha
Spouse : Late Sh. Vikramjeet Singh and D/O Jasvir Singh R/o Village Mahalpur, Dharamshala Gurudwara Mohalla, District Hoshiarpur.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 01-12-2025 at 10:00 a.m.

For details logon to https://highcourtchd.gov.in/?mod=district notice&district=Jalandhar

Principal Judge, Family Court Jalandhar
Dated, this day of 09-10-2025


# ਚੰਡੀਗੜ੍ਹ ਪੰਜਾਬੀ ਮੰਚ ਵੱਲੋਂ ਪੈਦਲ ਰੋਸ ਮਾਰਚ 1 ਨੂੰ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਚੰਡੀਗੜ੍ਹ ਪੰਜਾਬੀ ਮੰਚ ਵੱਲੋਂ 1 ਨਵੰਬਰ ਨੂੰ ਕੱਢੇ ਜਾਣ ਵਾਲੇ ਪੈਦਲ ਰੋਸ ਮਾਰਚ ਲਈ ਪਿੰਡ ਖੁੱਡਾ ਅਲੀਸ਼ੇਰ ਅਤੇ ਪਿੰਡ ਬਹਿਲਾਨਾ ਦੇ ਗੁਰਦੁਆਰਾ ਸਾਹਿਬਾਨ ਵਿਖੇ ਮੀਟਿੰਗਾਂ ਕੀਤੀਆਂ ਗਈਆਂ। ਪਿੰਡ ਖੁੱਡਾ ਅਲੀਸ਼ੇਰ ਵਿਖੇ ਸਰਪ੍ਰਸਤ ਬਾਬਾ ਗੁਰਦਿਆਲ ਸਿੰਘ ਅਤੇ ਸਕੱਤਰ ਗੁਰਪ੍ਰੀਤ ਸਿੰਘ ਸੋਮਲ ਦੀ ਦੇਖਰੇਖ ਹੇਠ ਹੋਈ ਜਿਸ ਵਿੱਚ ਨਾਥ ਸਿੰਘ ਨੰਬਰਦਾਰ, ਗੁਰਚਰਨ ਸਿੰਘ ਸਾਬਕਾ ਪੰਚ, ਗਿਆਨੀ ਖੁਸ਼ਹਾਲ ਸਿੰਘ, ਭਵਤਰਨ ਸਿੰਘ ਜਨਰਲ ਸਕੱਤਰ ਯੂਥ ਕਲੱਬ ਖੁੱਡਾ ਅਲੀਸ਼ੇਰ ਆਦਿ ਨੇ ਮੰਚ ਦੇ ਅਹੁਦੇਦਾਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਪਿੰਡ ਖੁੱਡਾ ਅਲੀਸ਼ੇਰ ਤੋਂ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਪੈਦਲ ਰੋਸ ਮਾਰਚ ਵਿੱਚ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ ਜਾਵੇਗੀ। ਮੀਟਿੰਗ ਵਿੱਚ ਕਾਮਰੇਡ ਦੇਵੀ ਦਿਆਲ ਸ਼ਰਮਾ ਨੇ ਪਿੰਡ ਵਾਸੀਆਂ ਦੇ ਆਪਣੀ ਮਾਂ ਬੋਲੀ ਪ੍ਰਤੀ ਇੰਨੇ ਉਤਸ਼ਾਹ ਦੀ ਸ਼ਲਾਘਾ ਕੀਤੀ।ਪਿੰਡ ਬਹਿਲਾਨਾ ਵਿਖੇ ਹੋਈ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਮੰਚ ਦੇ ਪ੍ਰਧਾਨ ਸੁਖਜੀਤ ਸਿੰਘ ਸੁੱਖਾ ਹੱਲੋਮਾਜਰਾ, ਜਨਰਲ ਸਕੱਤਰ ਕਾਮਰੇਡ ਦੇਵੀ ਦਿਆਲ ਸ਼ਰਮਾ, ਕੈਸ਼ੀਅਰ ਸ਼ਰਨਜੀਤ ਸਿੰਘ ਬੈਦਵਾਨ ਰਾਏਪੁਰ ਕਲਾਂ ਨੇ ਸ਼ਿਰਕਤ ਕੀਤੀ ਜਿਨ੍ਹਾਂ ਨੇ ਪਿੰਡ ਵਾਸੀਆਂ ਨੂੰ ਪੈਦਲ ਰੋਸ ਮਾਰਚ ਵਿੱਚ ਸ਼ਾਮਿਲ ਹੋਣ ਲਈ ਅਪੀਲ ਕੀਤੀ।


ਇੰਡਿਯਨ ਬੈਂਕ Indian Bank | ਇਲਾਹਾਬਾਦ ALLAHABAD

ZONAL OFFICE: S.C.F. 88,URBAN ESTATE, PHASE 1, DUGRI, LUDHIANA.
EMAIL: zoludhiana@indianbank.co.in

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਤਹਿਤ ਡਿਮਾਂਡ ਨੋਟਿਸ**

ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰ ਬੈਂਕ ਤੋਂ ਪ੍ਰਾਪਤ ਕੀਤੀਆਂ ਕਰਜ਼ਾ ਸਹੂਲਤਾਂ ਦੀ ਮੂਲ ਮੁੜ ਅਦਾਇਗੀ ਅਤੇ ਵਿਆਜ ਦੀ ਅਦਾਇਗੀ 'ਚ ਅਸਫਲ ਰਹੇ ਹਨ ਅਤੇ ਇਹ ਸਹੂਲਤਾਂ ਨਾਨ-ਪ੍ਰਫਾਰਮਿੰਗ ਐੱਸਟਸ 'ਚ ਤਬਦੀਲ ਹੋ ਗਈਆਂ ਹਨ। ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (2) ਤਹਿਤ ਬੈਂਕ ਦੇ ਅਧਿਕਾਰਤ ਅਫਸਰ ਵੱਲੋਂ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਨੋਟਿਸ ਜਾਰੀ ਕੀਤਾ ਜਾ ਚੁੱਕਾ ਹੈ। ਬੇਸ਼ੱਕ ਕੁਝ ਮਾਮਲਿਆਂ 'ਚ ਨੋਟਿਸ ਬਿਨਾਂ ਤਾਮੀਲ ਵਾਪਸ ਆ ਗਏ ਹਨ ਅਤੇ ਹੋਰ ਮਾਮਲਿਆਂ 'ਚ ਪ੍ਰਾਪਤੀ ਰਸੀਦਾਂ ਹਾਸਲ ਨਹੀਂ ਹੋਈਆਂ। ਇਸ ਲਈ ਕਰਜ਼ਦਾਰਾਂ/ਗਰੰਟਰਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਗਈ ਹੈ।

| ਬਰਾਂਚ ਦਾ ਨਾਂਅ ਕਰਜ਼ਦਾਰ/ਗਰੰਟਰ/ਹਿੱਸੇਦਾਰ/ਰਹਿਣਕਾਰ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਨਾਨ-ਪਰਫਾਰਮਿੰਗ ਐੱਸਟ ਦੀ ਮਿਤੀ (ਐੱਨ ਪੀ ਏ ) | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਬਰਾਂਚ : ਮੋਗਾ<br>(ਦਰਖਾਸਤ ਕਰਤਾ) : ਸ੍ਰੀ ਈਵਨੀਤ ਭੱਲਾ ਪੁੱਤਰ ਸ੍ਰੀ ਇੰਦਰਜੀਤ ਭੱਲਾ, ਵਾਰਡ ਨੰ. 21, ਗੁਰੂ ਅਰਜਨ ਦੇਵ ਨਗਰ, ਮੋਗਾ, ਪੰਜਾਬ-142001 (2) (ਸਹਿ-ਦਰਖਾਸਤ ਕਰਤਾ) : ਸ੍ਰੀਮਤੀ ਰਿਚਾ ਭੱਲਾ ਪਤਨੀ ਸ੍ਰੀ ਈਵਨੀਤ ਭੱਲਾ ਵਾਰਡ ਨੰ. 21, ਗੁਰੂ ਅਰਜਨ ਦੇਵ ਨਗਰ, ਮੋਗਾ, ਪੰਜਾਬ-142001 (3) (ਗਰੰਟਰ) : ਸ੍ਰੀ ਮਨਪ੍ਰੀਤ ਸਿੰਘ ਪੁੱਤਰ ਸ੍ਰੀ ਹਰਬੰਸ ਸਿੰਘ ਬੋਹਾਨਾ ਚੌਕ, ਹਰਗੋਬਿੰਦ ਸਿੰਘ ਨਗਰ, ਮੋਗਾ, ਪੰਜਾਬ-142001 | ਇਕਵੀਟੇਬਲ ਮਾਰਟਗੇਜ਼ ਜਾਇਦਾਦ ਰਕਬਾ 3 ਮਰਲੇ 4 ਸਰਸਾਈ ਹੇਠਾਂ ਦਿੱਤੇ ਅਨੁਸਾਰ : (1) 0ਕੇ 2 ਐੱਮ 2 ਸਰਸਾਈ 8/2160 ਹਿੱਸਾ 3 ਕੇ 0 ਐੱਮ ਖਸਰਾ ਨੰ. 100//12/1/1 (3-0) ਅਨੁਸਾਰ ਖੇਵਟ ਨੰ. 347, ਖਤੌਨੀ ਨੰ. 380 (2) 1. ਸਰਸਾਈ 5/3834 ਹਿੱਸਾ 3 ਕੇ 11 ਐੱਮ ਖਸਰਾ ਨੰ. 100//13/3 (2-11) 13/1 (1-0) ਅਨੁਸਾਰ ਖੇਵਟ ਨੰ. 444 ਖਤੌਨੀ ਨੰ. 482, 483 (3) 5 ਸਰਸਾਈ 20/1440 ਹਿੱਸਾ 2 ਕੇ 0 ਐੱਮ ਖਸਰਾ ਨੰ. 100//12/4/2 (2-0) ਅਨੁਸਾਰ ਖੇਵਟ ਨੰ. 445 ਖਤੌਨੀ ਨੰ. 484 (4) 3/4 ਸਰਸਾਈ 2/720 ਹਿੱਸਾ 1 ਕੇ 0 ਐੱਮ ਖਸਰਾ ਨੰ. 100//12/3/1 (1-0) ਅਨੁਸਾਰ ਖੇਵਟ ਨੰ. 738 ਖਤੌਨੀ ਨੰ. 1118 (5) 1/2 ਸਰਸਾਈ 6/17280 ਹਿੱਸਾ 8 ਕੇ 0 ਐੱਮ ਖਸਰਾ ਨੰ. 99//5 (8-0) ਅਨੁਸਾਰ ਖੇਵਟ ਨੰ. 1324 ਖਤੌਨੀ ਨੰ. 1761 (6) 1/2 ਸਰਸਾਈ 3/8640 ਹਿੱਸਾ 8 ਕੇ 0 ਐੱਮ ਖਸਰਾ ਨੰ. 99//6 (8-0) ਅਨੁਸਾਰ ਖੇਵਟ ਨੰ. 1325 ਖਤੌਨੀ ਨੰ. 1762 (7) 1 ਮਰਲਾ 1/4 ਸਰਸਾਈ 37/5652 ਹਿੱਸਾ 7 ਕੇ 17 ਐੱਮ ਖਸਰਾ ਨੰ. 96//24 (7-17) ਅਨੁਸਾਰ ਖੇਵਟ ਨੰ. 1843, ਖਤੌਨੀ ਨੰ. 2359 (8) 1 ਮਰਲਾ 3 ਸਰਸਾਈ 24/3582 ਹਿੱਸਾ 9 ਕੇ 19 ਐੱਮ ਖਸਰਾ ਨੰ. 95//19 /1 (5-15) 22/1 (4-4) ਅਨੁਸਾਰ ਖੇਵਟ ਨੰ. 1326 ਖਤੌਨੀ ਨੰ. 2878, 2879 ਅਨੁਸਾਰ ਜਮ੍ਹਾਂਬੰਦੀ ਸਾਲ 2017-18 ਸਥਿਤ ਮੋਗਾ ਮਹਿਲਾ ਸਿੰਘ-II ਤਹਿਸੀਲ ਤੇ ਜ਼ਿਲ੍ਹਾ ਮੋਗਾ ਹੱਦਬੰਦੀ ਸੇਲ ਡੀਡ ਅਨੁਸਾਰ : ਪੂਰਬ : ਰਸਤਾ, ਪੱਛਮ : ਜਲੰਧਰ ਵਾਲੇ, ਉੱਤਰ : ਕੇਵਲ ਕੁਮਾਰ, ਦੱਖਣ : ਸੁਖਪਾਲ | 03-09-2025 | 29-09-2025 | ਰੁਪਏ 12,48,155.00/- (ਬਾਰਾਂ ਲੱਖ ਅਠਤਾਲੀ ਹਜ਼ਾਰ ਇੱਕ ਸੌ ਪਚਵੰਜਾ ਰੁਪਏ ਕੇਵਲ) 28.09.2025 ਤੱਕ ਜਮ੍ਹਾਂ ਵਿਆਜ 29-09-2025 ਤੋਂ ਅਦਾਇਗੀ ਦੀ ਤਰੀਕ ਤੱਕ, ਜੋ ਵੀ ਹੋਵੇ। |

ਧਿਆਨ ਦਿੱਤਾ ਜਾਵੇ ਕਿ ਐਕਟ ਦੇ ਸੈਕਸ਼ਨ 13 (8) ਦੀਆਂ ਵਿਵਸਥਾਵਾਂ ਤਹਿਤ ਤੁਹਾਨੂੰ ਸਕਿਉਰਡ ਐੱਸਟਸ ਦੀ ਵਿਕਰੀ ਲਈ ਜਨਤਾ ਤੋਂ ਜਨਤਕ ਨਿਲਾਮੀ ਜਾਂ ਕੁਟੇਸ਼ਨਾਂ ਜਾਂ ਟੈਂਡਰ ਸੱਦ ਕੇ ਜਾਂ ਲੀਜ ਰਾਹੀਂ ਤਬਾਦਲੇ ਸੰਬੰਧੀ ਨਿੱਜੀ ਸੰਧੀ ਕਰਨ, ਕਾਰਜਭਾਰ ਸੰਭਾਲਣ ਲਈ ਜਾਰੀ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ ਪਹਿਲਾਂ ਕਿਸੇ ਸਮੇਂ ਵੀ ਬੈਂਕ ਦਾ ਬਕਾਇਆ ਸਮੇਤ ਬੈਂਕ ਵੱਲੋਂ ਸਹਿਣ ਕੀਤੀਆਂ ਗਈਆਂ ਸਾਰੀਆਂ ਲਾਗਤਾਂ, ਚਾਰਜਿਜ ਅਤੇ ਖਰਚੇ ਅਦਾ ਕੀਤੇ ਜਾਣ 'ਤੇ ਪੁਨਰ ਗ੍ਰਹਿਣ ਦਾ ਅਧਿਕਾਰ ਉਪਲੱਬਧ ਹੈ। ਉਪਰੋਕਤ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕੀਤੇ ਜਾਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ 'ਤੇ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨ ਗੁਜ਼ਰ ਜਾਣ ਤੋਂ ਬਾਅਦ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ ਦੀਆਂ ਵਿਵਸਥਾਵਾਂ ਤਹਿਤ ਅਗਲੇ ਕਦਮ ਉਠਾਏ ਜਾਣਗੇ। ਐਕਟ ਦੇ ਸੈਕਸ਼ਨ 13 (13) ਅਨੁਸਾਰ ਇਸ ਨੋਟਿਸ ਦੀ ਪ੍ਰਾਪਤੀ 'ਤੇ ਬੈਂਕ ਦੀ ਮਨਜ਼ੂਰੀ ਤੋਂ ਬਿਨਾਂ ਬਿਜ਼ਨੈੱਸ ਦੇ ਆਮ ਕੋਰਸ ਤੋਂ ਇਲਾਵਾ ਉਪਰੋਕਤ ਸਕਿਉਰਟੀਜ਼ ਦੇ ਨਿਪਟਾਰੇ ਜਾਂ ਸੌਦੇਬਾਜ਼ੀ ਸੰਬੰਧੀ ਤੁਹਾਡੇ 'ਤੇ ਪਾਬੰਦੀ ਹੈ। ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਇਸ ਸੈਕਸ਼ਨ ਦੀ ਕਿਸੇ ਤਰ੍ਹਾਂ ਦੀ ਉਲੰਘਣਾ ਦੇ ਗੰਭੀਰ ਨਤੀਜੇ ਹੋ ਸਕਦੇ ਹਨ।

ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਨੋਟਿਸ ਦੀ ਨਕਲ ਸੰਬੰਧਤ ਬਰਾਂਚ ਤੋਂ ਪ੍ਰਾਪਤ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਮਿਤੀ : 12.08.2025 | ਸਥਾਨ : ਲੁਧਿਆਣਾ | ਅਧਿਕਾਰਤ ਅਫਸਰ

13-Oct-PAGE--8.qxd 10/12/2025 9:42 PM Page 1



## ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਤਰਜੀਹ ਦੇ ਰਹੀ : ਈ ਟੀ ਓ



**ਚੰਡੀਗੜ੍ਹ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)** ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਬਿਹਤਰ ਜਨਤਕ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਜਨਤਕ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਅਤੇ ਉੱਚ-ਗੁਣਵੱਤਾ ਵਾਲੇ ਮਿਆਰਾਂ ਅਤੇ ਪਾਰਦਰਸ਼ਤਾ ਨਾਲ ਵੱਡੇ ਪ੍ਰੋਜੈਕਟਾਂ ਦੀ ਵਰਤੋਂ ਕਰਦਿਆਂ ਸਾਰੇ ਕਾਰਜਸ਼ੀਲ ਪ੍ਰੋਜੈਕਟਾਂ ਨੂੰ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਮੁਕੰਮਲ ਕਰਨਾ ਯਕੀਨੀ ਬਣਾਉਣ ਨੂੰ ਪ੍ਰਮੁੱਖ ਤਰਜੀਹ ਦੇ ਰਹੀ ਹੈ।ਲੋਕ ਨਿਰਮਾਣ ਮੰਤਰੀ ਨੇ ਸੂਬੇ ਭਰ ਵਿੱਚ ਵੱਖ-ਵੱਖ ਸਰਕਾਰੀ ਵਿਭਾਗਾਂ ਲਈ ਲੋਕ ਨਿਰਮਾਣ ਵਿਭਾਗ ਵੱਲੋਂ ਚਲਾਏ ਜਾ ਰਹੇ ਵਿਆਪਕ ਇਮਾਰਤੀ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਉਨ੍ਹਾਂ ਅੱਗੇ ਕਿਹਾ ਕਿ ਇਸ ਸਮੇਂ 2097.03 ਕਰੋੜ ਰੁਪਏ ਦੇ ਪ੍ਰੋਜੈਕਟ ਨਿਰਮਾਣ ਦੇ ਵੱਖ-ਵੱਖ ਪੜਾਵਾਂ 'ਤੇ ਹਨ, ਜਿਨ੍ਹਾਂ ਵਿੱਚੋਂ 915.55 ਕਰੋੜ ਰੁਪਏ ਪਹਿਲਾਂ ਹੀ ਕਾਰਜਕਾਰੀ ਏਜੰਸੀਆਂ ਨੂੰ ਜਾਰੀ ਕੀਤੇ ਜਾ ਚੁੱਕੇ ਹਨ।ਹੋਰ ਵੇਰਵੇ ਸਾਂਝੇ ਕਰਦਿਆਂ ਸ. ਹਰਭਜਨ ਸਿੰਘ ਈ.ਟੀ.ਓ. ਨੇ ਦੱਸਿਆ ਕਿ ਲੋਕ ਨਿਰਮਾਣ ਵਿਭਾਗ ਦੀ ਨਿਗਰਾਨੀ ਹੇਠ ਕੁੱਲ 211 ਇਮਾਰਤਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਉਚੇਰੀ ਸਿੱਖਿਆ ਵਿਭਾਗ 477.13 ਕਰੋੜ ਰੁਪਏ ਦੇ 35 ਪ੍ਰੋਜੈਕਟਾਂ ਨਾਲ ਮੋਹਰੀ ਹੈ, ਇਸ ਉਪਰੰਤ ਸਿਹਤ ਵਿਭਾਗ ਦੇ 565.87 ਕਰੋੜ ਰੁਪਏ ਦੀ ਲਾਗਤ ਨਾਲ 39 ਇਮਾਰਤਾਂ ਦਾ ਨਿਰਮਾਣ ਨਾਲ ਦੂਜੇ ਅਤੇ ਮਾਲ ਵਿਭਾਗ 237.76 ਕਰੋੜ ਰੁਪਏ ਦੇ 32 ਪ੍ਰੋਜੈਕਟਾਂ ਨਾਲ ਤੀਜੇ ਸਥਾਨ 'ਤੇ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਗਿਆ ਕਿ ਇਨ੍ਹਾਂ ਇਮਾਰਤਾਂ ਦੀ ਯੋਜਨਾਬੰਦੀ ਅਤੇ ਡਿਜ਼ਾਈਨਿੰਗ ਆਰਕੀਟੈਕਚਰਲ ਵਿਭਾਗ ਵੱਲੋਂ ਕੀਤੀ ਜਾ ਰਹੀ ਹੈ।

## 55 ਪਰਵਾਰ ਕਾਂਗਰਸ ਨੂੰ ਛੱਡ ਕੇ 'ਆਪ' 'ਚ ਸ਼ਾਮਲ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-55 ਪਰਵਾਰ ਕਾਂਗਰਸ ਨੂੰ ਛੱਡ ਕੇ ਪਿੰਡ ਚੱਕਮੁਗਲਾਣੀ ਦੀ ਪੰਚਾਇਤ ਸਮੇਤ ਕਈ ਹੋਰ ਲੋਕ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ ਹਨ ਜਿਨਾਂ ਦਾ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਜ਼ੋਰਦਾਰ ਸਵਾਗਤ ਕਰਦਿਆਂ ਜੀ ਆਇਆ ਆਖਿਆ। ਪਾਰਟੀ ਵਿੱਚ ਪੂਰਾ ਮਾਣ ਸਤਿਕਾਰ ਦਿੱਤੇ ਜਾਣ ਦਾ ਭਰੋਸਾ ਦਿੰਦਿਆ ਕਿਹਾ ਕਿ ਆਮ ਆਦਮੀ ਪਾਰਟੀ ਦਾ ਪਰਵਾਰ ਦਿਨੋ ਦਿਨ ਵੱਡਾ ਹੋ ਰਿਹਾ ਹੈ ਜਿਸ ਦਾ ਸਿਹਰਾ ਪਾਰਟੀ ਦੇ ਮਿਹਨਤੀ ਆਗੂਆਂ ਨੂੰ ਜਾਂਦਾ ਹੈ। ਬੀਬੀ ਮਾਨ ਦਸਿਆ ਕਿ ਇਸ ਇਲਾਕੇ ਦੇ ਰਜਿੰਦਰ ਸਿੰਘ ਗੁੱਡ ਦੇ ਬੇਟੇ ਮਨੀ ਦੀ ਪ੍ਰੇਰਨਾ ਸਦਕਾ ਇਹ ਸ਼ਮੂਲੀਅਤ ਹੋਈ ਹੈ ਜਿਹਨਾਂ ਵਿੱਚ ਸਰਬਜੀਤ ਕੌਰ ਪੰਚ, ਬਰਿੰਦਰ ਸਿੰਘ ਪੰਚ, ਸੰਦੀਪ ਸਿੰਘ ਪੰਚ, ਮੰਗਤ ਰਾਮ ਪੰਚ, ਅਮਨਦੀਪ ਕੌਰ ਪੰਚ, ਜੋਗਾ ਸਿੰਘ, ਨਿਰਮਲ ਸਿੰਘ, ਮਨਪ੍ਰੀਤ ਸਿੰਘ ਪ੍ਰਵੇਸ਼, ਗੁਰਿੰਦਰ ਸਿੰਘ ਰਸੀਲਾ, ਗੁਰਪ੍ਰੀਤ ਸਿੰਘ, ਪਵਿੱਤਰ ਸਿੰਘ, ਕੁਲਦੀਪ ਸਿੰਘ, ਰਵਿੰਦਰ ਪਾਲ, ਕ੍ਰਿਸ਼ਨ ਸਿੰਘ, ਹਰਪ੍ਰੀਤ ਸਿੰਘ, ਜਸਵਿੰਦਰ ਸਿੰਘ ਰੋਬੋ, ਗੁਰਦੀਪ ਸਿੰਘ, ਹਰਵਿੰਦਰ ਸਿੰਘ, ਅੰਮ੍ਰਿਤ ਪਾਲ ਸਿੰਘ, ਮੱਖਣ ਲਾਲ,ਤੀਰਥ ਸਿੰਘ, ਇੰਦਰਜੀਤ ਸਿੰਘ, ਸੰਤੋਸ਼ੀ ਹਲਵਾਈ, ਕਾਕਾ ਭੀ ਜੇ ਵਾਲਾ, ਕਮਲਜੀਤ ਸਿੰਘ, ਅਸ਼ੋਕ ਸਿੰਘ, ਜਸਵਿੰਦਰ ਸਿੰਘ, ਦੇਵਰਾਜ, ਪਰਮਿੰਦਰ ਸਿੰਘ ਤੱਖਰ ਲੰਬੜਦਾਰ, ਜਸਵਿੰਦਰ ਸਿੰਘ ਮਨੀ, ਨਿਰਮਲ ਸਿੰਘ ਲੰਬੜਦਾਰ ਸਾਬਕਾ ਸਰਪੰਚ, ਮਨਜੀਤ ਕੌਰ, ਗੁਰਦੀਪ ਕੌਰ ਸ਼ਾਮਲ ਇਸ ਮੌਕੇ ਬਲਾਕ ਪ੍ਰਧਾਨ ਅਮਨਦੀਪ, ਬਿੱਟੂ,ਪ੍ਰਦੀਪ ਸ਼ੇਰਪੁਰੀ ਬਲਾਕ ਪ੍ਰਧਾਨ, ਹਿਮਾਸ਼ੂ ਜੈਨ ਪ੍ਰਧਾਨ ਨਕੋਦਰ ਸ਼ਹਿਰ, ਮਨੀ ਮਹਿੰਦਰੂ ਯੂਥ ਆਗੂ,ਸੰਜੀਵ ਅਹੂਜਾ, ਸਤਨਾਮ ਸਿੰਘ ਸ਼ੰਕਰ, ਜੋਗਾ ਸਿੰਘ, ਪਰਮਿੰਦਰ ਸਿੰਘ ਜੌਹਲ ਆਦਿ ਸ਼ਾਮਲ ਸਨ।

## ਬੰਦ ਪਏ ਘਰ 'ਚ ਚੋਰੀ

**ਭਲਾਣ (ਹਰਭਜਨ ਢਿੱਲੋਂ)**-ਨੇੜਲੇ ਪਿੰਡ ਸਹਿਜੋਵਾਲ ਵਿਖੇ ਲੰਘੀ ਰਾਤ ਚੋਰਾਂ ਨੇ ਬੰਦ ਪਏ ਘਰ ਵਿੱਚ ਲੱਖਾਂ ਦੀ ਚੋਰੀ ਕਰ ਲਈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਪਿੰਡ ਵਾਸੀ ਹਜ਼ਾਰਾ ਸਿੰਘ ਨੇ ਦੱਸਿਆ ਕਿ ਹਰਵਿੰਦਰ ਸਿੰਘ ਪੁੱਤਰ ਧੰਨਾ ਸਿੰਘ ਲੰਬੇ ਸਮੇਂ ਤੋਂ ਵਿਦੇਸ਼ ਰਹਿ ਰਹੇ ਹਨ। ਉਨ੍ਹਾਂ ਦੇ ਰਿਸ਼ਤੇਦਾਰ ਲੜਕੀ ਜੋ ਰੋਜ਼ ਘਰ ਦੀ ਲਾਈਟ ਆਨ ਆਫ ਕਰਨ ਆਉਂਦੀ ਹੈ, ਨੇ ਵੇਖਿਆ ਕਿ ਜਿੰਦਰੇ ਟੁੱਟੇ ਹੋਏ ਹਨ ਅਤੇ ਅੰਦਰ ਸਮਾਨ ਖਿਲਰਿਆ ਹੋਇਆ ਹੈ। ਉਨ੍ਹਾਂ ਇਸ ਬਾਰੇ ਆਂਢ ਗਵਾਂਢ ਨੂੰ ਦੱਸਿਆ ਤੇ ਪੁਲਸ ਨੂੰ ਸੂਚਿਤ ਕੀਤਾ। ਉਨ੍ਹਾਂ ਦੱਸਿਆ ਕਿ ਕਰੀਬ ਸਾਢੇ ਚਾਰ ਲੱਖ ਰੁਪਏ ਅਤੇ ਪੰਦਰਾਂ ਲੋਲਾਂ ਤੋਲੇ ਸੋਨੇ ਦੇ ਗਹਿਣੇ ਚੋਰੀ ਹੋਣ ਦਾ ਅਨੁਮਾਨ ਹੈ।ਉਪਰੰਤ ਥਾਣਾ ਮੁਖੀ ਦਰਸ਼ਨਜੀਤ ਸਿੰਘ ਦੀ ਅਗਵਾਈ ਹੇਠ ਫੋਰੈਂਸਿਕ ਟੀਮ ਨੇ ਪਹੁੰਚ ਕੇ ਫਿੰਗਰ ਪ੍ਰਿੰਟ ਲਏ ਅਤੇ ਬਰੀਕੀ ਨਾਲ ਜਾਂਚ ਕੀਤੀ। ਉਨ੍ਹਾਂ ਦੱਸਿਆ ਕਿ ਚੋਰ ਜਲਦ ਫੜ ਲਏ ਜਾਣਗੇ। ਦਸਣਯੋਗ ਹੈ ਕਿ ਘਰ ਦੇ ਬਾਹਰ ਲੱਗੇ ਸੀ ਸੀ ਟੀ ਵੀ ਕੈਮਰਿਆਂ ਵਿੱਚ ਚੋਰ ਵੀ ਕੈਦ ਹੋ ਚੁੱਕੇ ਹੈ ਜਿਸ ਵਿੱਚ ਦੋ ਵਿਅਕਤੀ ਇੱਕ ਨੇ ਹੈਲਮੇਟ ਪਾਇਆ ਹੋਇਆ ਹੈ ਅਤੇ ਇੱਕ ਨੇ ਕਪੜੇ ਨਾਲ ਮੂੰਹ ਢਕਿਆ ਹੋਇਆ ਹੈ। ਇਲਾਕੇ ਦੇ ਮੋਹਤਬਰਾਂ ਨੇ ਚੋਰਾਂ ਨੂੰ ਜਲਦ ਫੜਨ ਦੀ ਅਪੀਲ ਪੁਲਸ ਨੂੰ ਕੀਤੀ।

## ਬੇਗਮਪੁਰਾ ਟਾਈਗਰ ਫੋਰਸ ਨੇ ਆਰ ਐੱਸ ਐੱਸ ਤੇ ਭਾਜਪਾ ਸਰਕਾਰ ਦਾ ਫੂਕਿਆ ਪੁਤਲਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਗਮਪੁਰਾ ਟਾਈਗਰ ਫੋਰਸ ਵੱਲੋਂ ਭਾਰਤ ਦੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਬੀ ਆਰ ਗਵਈ ਉਪਰ ਜੁੱਤੀ ਸੁੱਟਣ ਦੀ ਕੋਸ਼ਿਸ਼ ਕਰਨ ਦੇ ਵਿਰੋਧ ਵਿੱਚ ਆਰ ਐਸ ਐਸ ਅਤੇ ਕੇਂਦਰ ਦੀ ਭਾਜਪਾ ਸਰਕਾਰ ਦਾ ਪੁਤਲਾ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਚੌਂਕ ਨੇੜੇ ਬੱਸ ਸਟੈਂਡ ਹੁਸ਼ਿਆਰਪੁਰ ਵਿਖੇ ਫੋਰਸ ਦੇ ਜ਼ਿਲ੍ਹਾ ਪ੍ਰਧਾਨ ਹੈਪੀ ਫ਼ਤਹਿਗੜ੍ਹ ਅਤੇ ਸ਼ਹਿਰੀ ਪ੍ਰਧਾਨ ਪਵਨ ਦੀਵਾਨਾ ਦੀ ਪ੍ਰਧਾਨਗੀ ਹੇਠ ਫੂਕਿਆ ਗਿਆ। ਆਗੂਆਂ ਨੇ ਕਿਹਾ ਕਿ ਚੀਫ ਜਸਟਿਸ ਬੀ ਆਰ ਗਵਈ ਨਾਲ ਵਕੀਲ ਰਕੇਸ਼ ਕੁਮਾਰ ਵਲੋਂ ਬਤਮੀਜੀ ਕਰਨ ਦੀ ਕੋਸ਼ਿਸ਼ ਕੀਤੀ ਗਈ ਜਿਸ ਦੀ ਜਿੰਨੀ ਵੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਜਾਵੇ ਉਨੀ ਹੀ ਘੱਟ ਹੈ। ਉਹਨਾਂ ਕਿਹਾ ਕਿ ਚੀਫ ਜਸਟਿਸ ਬੀ ਆਰ ਗਵਈ ਇੱਕ ਦਲਿਤ ਭਾਈਚਾਰੇ ਨਾਲ ਸੰਬੰਧਿਤ ਹਨ, ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਪਨ ਕੁਮਾਰ ਸੀਨੀਅਰ ਮੀਤ ਪ੍ਰਧਾਨ ਹਲਕਾ ਚੱਬੇਵਾਲ, ਗੁਰਦੀਪ ਕੁਮਾਰ ਪ੍ਰਧਾਨ ਬਲਾਕ ਮੇਹਟੀਆਣਾ, ਕੁਲਵੰਤ ਸਿੰਘ ਉਪ ਪ੍ਰਧਾਨ ਬਲਾਕ ਮੇਹਟੀਆਣਾ, ਗੁਰਮੀਤ ਨਲੋਈਆਂ, ਸਤੀਸ਼ ਕੁਮਾਰ, ਰਾਹੁਲ, ਰਣਜੀਤ, ਸਾਹਿਲ ਕੁਮਾਰ ਨਲੋਈਆਂ ਆਦਿ ਹਾਜ਼ਰ ਸਨ।

## 'ਜ਼ਮੀਨ ਬਚਾਓ ਪਿੰਡ ਬਚਾਓ' ਸੰਘਰਸ਼ ਕਮੇਟੀ ਦਾ ਗਠਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਇਲਾਕਾ ਬੀਤ ਦੇ ਪਿੰਡ ਰਤਨਪੁਰ ਵਿਖੇ ਸਥਾਨਕ ਪਿੰਡਾਂ ਰਤਨਪੁਰ, ਕਾਣੇਵਾਲ ਤੇ ਭਵਾਨੀਪੁਰ ਦੇ ਮੌਹਤਵਾਰ ਬੰਦਿਆਂ ਤੇ ਵਸਨੀਕਾਂ ਦਾ ਇਕੱਠ ਹੋਇਆ, ਜਿਸ ਵਿੱਚ ਹੱਦਬਸਤ ਨੰਬਰ 487 ਪਿੰਡ ਰਤਨਪੁਰ ਦੀ ਜ਼ਮੀਨ ਅਤੇ ਜੰਗਲ ਉੱਤੇ ਕੁੱਝ ਬਾਹਰੀ ਪਾਰਟੀਆਂ /ਮਾਲਕਾਂ ਵਲੋਂ ਧੱਕੇ ਨਾਲ਼ ਕੀਤੇ ਜਾ ਰਹੇ ਕਬਜ਼ੇ ਅਤੇ ਜੰਗਲ ਦੀ ਨਜਾਇਜ਼ ਕਟਾਈ ਦਾ ਗੰਭੀਰ ਨੋਟਿਸ ਲਿਆ ਗਿਆ, ਹਾਜ਼ਰ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਪਿੰਡ ਦੀ ਜ਼ਮੀਨ ਅਤੇ ਜੰਗਲ ਉੱਤੇ ਕਿਸੇ ਵੀ ਬਾਹਰੀ ਮਾਲਕ/ਪਾਰਟੀ ਨੂੰ ਨਜਾਇਜ਼ ਕਬਜ਼ਾ ਨਹੀਂ ਕਰਨ ਦਿੱਤਾ ਜਾਵੇਗਾ, ਨਾ ਹੀ ਪਿੰਡ ਦੀ ਹਦੂਦ ਅੰਦਰ ਕੋਈ ਵੀ ਸਟੋਨ ਕਰੈਸ਼ਰ ਜਾਂ ਇੰਡਸਟਰੀ ਲੱਗਣ ਦਿੱਤੀ ਜਾਵੇਗੀ।ਜੇਕਰ ਕਿਸੇ ਨੇ ਵੀ ਧੱਕੇਸ਼ਾਹੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਕੱਠ ਵਿੱਚ ਤਿੰਨਾਂ ਪਿੰਡਾਂ ਦੇ ਵਸਨੀਕਾ ਵੱਲੋਂ 'ਜ਼ਮੀਨ ਬਚਾਓ, ਪਿੰਡ ਬਚਾਓ' ਸੰਘਰਸ਼ ਕਮੇਟੀ ਦਾ ਗਠਨ ਕੀਤਾ ਗਿਆ, ਜੋ ਕਿ ਅਗਲੇ ਐਕਸ਼ਨਾਂ ਦੀ ਵਿਉਂਤਬੰਦੀ ਤੇ ਹਰ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਅਤੇ ਸੰਘਰਸ਼ ਉਲੀਕਣ ਲਈ ਅਧਿਕਾਰਿਤ ਹੋਵੇਗੀ।ਸਾਰੇ ਸ਼ਹਿਰ ਨਿਵਾਸੀਆਂ ਵੱਲੋਂ ਕਮੇਟੀ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇਗਾ। ਕਮੇਟੀ ਵਿੱਚ ਉੱਕਤ ਪਿੰਡਾਂ ਦੇ ਸਰਪੰਚਾਂ ਤੇ ਪੰਚਾਂ ਤੋਂ ਇਲਾਵਾ ਜਸਪਾਲ , ਪਵਨਜੀਤ, ਕੁਲਦੀਪ (ਦੀਪਾ), ਰਾਮ ਜੀ ਦਾਸ ਚੌਹਾਨ, ਗੁਰਦੇਵ ਰਾਜ ਲੰਬੜਦਾਰ, ਕ੍ਰਿਸ਼ਨਦੇਵ, ਬਲਵਿੰਦਰ (ਬਿੰਦੀ )ਰਾਮ ਸ਼ਾਹ, ਅਮਰ ਚੰਦ ਫੌਜੀ ,ਧਰਮ ਦਾਸ ਚੇਚੀ, ਸੁਰਿੰਦਰ ਪਾਲ, ਹਰਦਿਆਲ ,ਨੰਦ ਲਾਲ ,ਗੁਰਦਰਸ਼ਨ , ਪੰਮੀ ਪੰਚ ,ਅਮਰ ਚੰਦ, ਮੇਹਰ ਚੰਦ ਆਦਿ ਮੈਂਬਰ ਲਏ ਗਏ।

## ਹੈਰੋਇਨ ਸਮੇਤ 3 ਗ੍ਰਿਫ਼ਤਾਰ

**ਜਲੰਧਰ, (ਸ਼ੈਲੀ ਐਲਬਰਟ)**-ਨਸ਼ਿਆਂ 'ਤੇ ਨਕੇਲ ਪਾਉਣ ਲਈ ਚੱਲ ਰਹੀਆਂ ਲਗਾਤਾਰ ਕਾਰਵਾਈਆਂ ਦੌਰਾਨ, ਜਲੰਧਰ ਕਮਿਸ਼ਨਰੇਟ ਪੁਲਿਸ ਦੇ ਥਾਣਾ ਭਾਰਗੋ ਕੈਂਪ ਦੀ ਟੀਮ ਨੇ ਤਿੰਨ ਵਿਅਕਤੀਆਂ ਨੂੰ ਕਾਬੂ ਕਰਦਿਆਂ ਉਨ੍ਹਾਂ ਕੋਲੋਂ 16.8 ਗ੍ਰਾਮ ਹੈਰੋਇਨ ਬਰਾਮਦ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ।ਇਸ ਬਾਰੇ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ ਜਲੰਧਰ ਸ਼੍ਰੀਮਤੀ ਧਨਪ੍ਰੀਤ ਕੌਰ ਨੇ ਦੱਸਿਆ ਕਿ ਥਾਣਾ ਭਾਰਗੋ ਕੈਂਪ ਦੀ ਪੁਲਸ ਟੀਮ ਨੇ ਸ਼ਹਿਰ ਵਿੱਚ ਸ਼ੱਕੀ ਵਿਅਕਤੀਆਂ ਅਤੇ ਨਸ਼ਾ ਤਸਕਰਾਂ ਖ਼ਿਲਾਫ਼ ਚੱਲ ਰਹੀ ਮੁਹਿੰਮ ਦੌਰਾਨ ਤਿੰਨ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ। ਗ੍ਰਿਫ਼ਤਾਰ ਸ਼ੁਦਾ ਦੋਸ਼ੀਆਂ ਦੀ ਪਛਾਣ ਨੀਰਜ ਪੁੱਤਰ ਭੋਲਾ ਨਾਥ, ਵਾਸੀ ਮਕਾਨ ਨੰਬਰ 93/2, ਭਾਰਗੋ ਕੈਂਪ ਜਲੰਧਰ, ਮਾਨਵ ਪੁੱਤਰ ਕੀਮਤੀ ਲਾਲ, ਵਾਸੀ ਨੇੜੇ ਕਬੀਰ ਮੰਦਰ, ਭਾਰਗੋ ਕੈਂਪ ਜਲੰਧਰ ਤੇ ਕੁਨਾਲ ਪੁੱਤਰ ਸੋਮਨਾਥ, ਵਾਸੀ ਮਕਾਨ ਨੰਬਰ 66/11, ਭਾਰਗੋ ਕੈਂਪ ਜਲੰਧਰ ਵਜੋਂ ਹੋਈ ਹੈ।ਪੁਲਸ ਨੇ ਦੋਸ਼ੀ ਨੀਰਜ ਪਾਸੋਂ 5.20 ਗ੍ਰਾਮ, ਮਾਨਵ ਪਾਸੋਂ 5.6 ਗ੍ਰਾਮ ਅਤੇ ਕੁਨਾਲ ਪਾਸੋਂ 6 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ।ਇਸ ਸਬੰਧੀ ਮੁਕੱਦਮਾ ਥਾਣਾ ਭਾਰਗੋ ਕੈਂਪ ਵਿੱਚ ਦਰਜ ਕੀਤਾ ਗਿਆ ਹੈ। ਦੋਸ਼ੀਆਂ ਦਾ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿੱਛ ਜਾਰੀ ਹੈ।

## ਪੰਜਾਬੀ ਓਲੰਪੀਆਡ ਦੇ ਜੇਤੂ ਵਿਦਿਆਰਥੀ ਸਨਮਾਨਤ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)**-ਡੇਰਾਬੱਸੀ ਦੇ ਮੁਬਾਰਕਪੁਰ ਸਥਿਤ ਸਰਸਵਤੀ ਵਿਦਿਆ ਮੰਦਰ ਵਿਖੇ ਹੋਏ ਇਸ ਸਮਾਗਮ ਵਿੱਚ ਸ਼ਾਮਲ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅਧਿਕਾਰੀਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਯਤਨਾਂ ਨਾਲ ਪਿਛਲੇ ਤਿੰਨ ਸਾਲਾਂ ਤੋਂ ਪੰਜਾਬੀ ਓਲੰਪੀਆਡ ਮੁਕਾਬਲੇ ਕਰਵਾਏ ਜਾ ਰਹੇ ਹਨ ਤਾਂ ਜੋ ਸਕੂਲੀ ਵਿਦਿਆਰਥੀਆਂ ਨੂੰ ਤੀਜੀ ਜਮਾਤ ਤੋਂ ਹੀ ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਇਤਿਹਾਸ ਬਾਰੇ ਜਾਗਰੂਕ ਕੀਤਾ ਜਾ ਸਕੇ। ਬੋਰਡ ਪ੍ਰਬੰਧਕ ਜਸਪ੍ਰੀਤ ਸਿੰਘ ਗਿੱਲ ਅਤੇ ਲਖਨ ਸਿੰਘ ਨੇ ਸਰਸਵਤੀ ਵਿਦਿਆ ਮੰਦਰ ਮੁਬਾਰਕਪੁਰ ਦੇ ਵਿਦਿਆਰਥੀਆਂ ਨੂੰ ਮੁਕਾਬਲਾ ਜਿੱਤਣ ਲਈ ਸਰਟੀਫਿਕੇਟ ਭੇਟ ਕੀਤੇ।ਸਕੂਲ ਪ੍ਰਬੰਧਕ ਮਾਸਟਰ ਹਰਬੰਸ ਲਾਲ ਅਤੇ ਪ੍ਰਿੰਸੀਪਲ ਅੰਜੂ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲ ਦੇ ਵਿਦਿਆਰਥੀ ਪਿਛਲੇ ਤਿੰਨ ਸਾਲਾਂ ਤੋਂ ਪੰਜਾਬੀ ਭਾਸ਼ਾ ਓਲੰਪੀਆਡ ਮੁਕਾਬਲੇ ਵਿੱਚ ਹਿੱਸਾ ਲੈ ਰਹੇ ਹਨ, ਅਤੇ ਬੋਰਡ ਨੇ ਸ਼ਾਨਦਾਰ ਪ੍ਰਾਪਤੀਆਂ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ। ਵਿਸ਼ੇਸ਼ ਮਹਿਮਾਨ ਰਵਿੰਦਰ ਵੈਸ਼ਨਵ ਡੇਰਾਬੱਸੀ ਅਤੇ ਪਵਨ ਧੀਮਾਨ ਪੰਮਾ ਨੇ ਅਧਿਕਾਰੀਆਂ ਦੇ ਨਾਲ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ।

## ਡਾ. ਨਰੇਸ਼ 'ਆਪ' ਦੇ ਬਲਾਕ ਪ੍ਰਧਾਨ ਨਿਯੁਕਤ



**ਬਲਾਚੌਰ (ਜਸਵਿੰਦਰ ਬੈਂਸ)**-ਵਿਧਾਨ ਸਭਾ ਹਲਕਾ ਬਲਾਚੌਰ ਵਿਖੇ ਆਮ ਆਦਮੀ ਪਾਰਟੀ ਵਲੋਂ ਸੁੱਦਾ ਮਾਜਰਾ ਤੋਂ 'ਆਪ' ਆਗੂ ਡਾ ਨਰੇਸ਼ ਨੂੰ ਬਲਾਕ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਡਾ. ਨਰੇਸ਼ ਸੁੱਦਾ ਮਾਜਰਾ ਨੇ ਵਿਧਾਇਕਾ ਸੰਤੋਸ਼ ਕਟਾਰੀਆ ਤੇ ਸਮੁੱਚੀ ਪਾਰਟੀ ਹਾਈਕਮਾਨ ਦਾ ਧੰਨਵਾਦ ਕਰਦਿਆਂ ਹੋਇਆਂ ਕਿਹਾ ਕਿ ਮੈਂ ਪਾਰਟੀ ਵਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਵਾਂਗਾ।ਉਨ੍ਹਾਂ ਨੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ,ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਮਨੀਸ਼ ਸਿਸੋਦੀਆ ਇੰਚਾਰਜ ਪੰਜਾਬ, ਅਮਨ ਅਰੋੜਾ ਪੰਜਾਬ ਪ੍ਰਧਾਨ, ਹਲਕਾ ਵਿਧਾਇਕਾਂ ਸੰਤੋਸ਼ ਕਟਾਰੀਆ ਅਤੇ ਮਾਰਕੀਟ ਕਮੇਟੀ ਦੇ ਚੇਅਰਮੈਨ ਸੇਠੀ ਉਧਨੋਵਾਲ ਜਿੰਮੇਵਾਰੀ ਦੇਣ ਤੇ ਬਹੁਤ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਇਸ ਮਿਲੀ ਨਵੀਂ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ।

## ਧਨ-ਧਾਨਯ ਖੇਤੀਬਾੜੀ ਯੋਜਨਾ ਦੀ ਸ਼ੁਰੂਆਤ : ਸੈਣੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਧਨ-ਧਾਨਯ ਖੇਤੀਬਾੜੀ ਯੋਜਨਾ ਅਤੇ ਦਲਹਨ ਆਤਮਨਿਰਭਰਤਾ ਮਿਸ਼ਨ ਖੇਤੀਬਾੜੀ ਨੂੰ ਮਜ਼ਬੂਤ ਅਤੇ ਆਤਮਨਿਰਭਰ ਬਨਾਉਣ ਤੇ ਕਿਸਾਨਾਂ ਦੇ ਜੀਵਨ ਨੂੰ ਬਦਲਣ ਵਿੱਚ ਮਹਤੱਵਪੂਰਣ ਭੂਮਿਕਾ ਨਿਭਾਉਣਗੇ। ਉਨ੍ਹਾਂ ਨੇ ਕਿਹਾ ਕਿ ਧਨ ਧਾਨਯ ਖੇਤੀਬਾੜੀ ਯੋਜਨਾ ਦਾ ਦੇਸ਼ ਦੇ 100 ਜ਼ਿਲ੍ਹਿਆਂ ਵਿੱਚ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਵਿੱਚ ਹਰਿਆਣਾ ਦਾ ਨੂੰਹ ਜ਼ਿਲ੍ਹਾ ਵੀ ਸ਼ਾਮਲ ਹੈ।ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਇੰਦਰਧਨੁਸ਼ ਓਡੀਟੋਰਿਅਮ ਸੈਕਟਰ-1 ਪੰਚਕੂਲਾ ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਕਿਸਾਨ ਭਰਾ-ਭੈਣਾਂ ਨੂੰ ਖੇਤੀਬਾੜੀ ਪਰਿਯੋਜਨਾਵਾਂ ਦਾ ਉਪਹਾਰ ਪ੍ਰੋਗ੍ਰਾਮ ਤਹਿਤ ਆਯੋਜਿਤ ਸਮਾਰੋਹ ਨੂੰ ਸੰਬੋਧਿਤ ਕਰ ਰਹੇ ਸਨ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਲੋਕਨਾਇਕ ਸ੍ਰੀ ਜੈਯਪ੍ਰਕਾਸ਼ ਨਰਾਇਣ ਦੀ ਜੈਯੰਤੀ ਮੌਕੇ 'ਤੇ ਉਨ੍ਹਾਂ ਨੂੰ ਨਮਨ ਕੀਤਾ ਅਤੇ ਸੂਬਾ ਵਾਸੀਆਂ ਨੂੰ ਵਧਾਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ।

## ਰਿਆਤ ਬਾਹਰਾ 'ਵਰਸਿਟੀ ਵਿਖੇ ਇੰਟਰਾ ਮੂਟ ਕੋਰਟ ਮੁਕਾਬਲਾ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਰਿਆਤ ਬਾਹਰਾ ਯੂਨੀਵਰਸਿਟੀ ਦੇ ਸਕੂਲ ਆਫ ਲਾਅ ਵੱਲੋਂ ਇੰਟਰਾ ਮੂਟ ਕੋਰਟ ਮੁਕਾਬਲਾ 2025 ਦਾ ਸਫਲ ਆਯੋਜਨ ਕੀਤਾ ਗਿਆ।ਮੁਕਾਬਲੇ ਦਾ ਸਮਾਪਨ ਸ਼ਾਨਦਾਰ ਸਮਾਰੋਹ ਨਾਲ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਨੇ ਵੱਡੇ ਉਤਸ਼ਾਹ ਨਾਲ ਭਾਗ ਲਿਆ।ਪ੍ਰੋ ਵਾਈਸ-ਚਾਂਸਲਰ ਪ੍ਰੋ. (ਡਾ.) ਸਤੀਸ਼ ਕੁਮਾਰ ਬੰਸਲ, ਡੀਨ ਪ੍ਰੋ. (ਡਾ.) ਧਰਮਿੰਦਰ ਪਟਿਆਲ ਤੇ ਵਿਭਾਗ ਮੁਖੀ ਡਾ. ਸਵਪਨ ਪ੍ਰੀਤ ਕੌਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਕ ਸ਼ਬਦਾਂ ਨਾਲ ਉਤਸ਼ਾਹਿਤ ਕੀਤਾ ਅਤੇ ਉਨ੍ਹਾਂ ਦੀ ਮਿਹਨਤ, ਆਤਮ-ਵਿਸ਼ਵਾਸ ਅਤੇ ਸਮਰਪਣ ਦੀ ਪ੍ਰਸ਼ੰਸਾ ਕੀਤੀ।ਮੁਕਾਬਲੇ ਦੇ ਨਤੀਜੇ ਹੇਠ ਲਿਖੇ ਹਨ:ਜੇਤੂ ਟੀਮ: ਪ੍ਰੀਤੀ ਸਿੰਘ, ਉੱਜਵਲ, ਯਸ਼ਸਵੀ , ਰੰਨਰ-ਅੱਪ ਟੀਮ: ਸਾਹਿਬਪ੍ਰੀਤ ਸਿੰਘ, ਮੁਸੂਮੀ, ਆਰਜ਼ੂ, ਬੈਸਟ ਸਪੀਕਰ: ਪ੍ਰੀਤੀ ਸਿੰਘ, ਦੂਜੀ ਬੈਸਟ ਸਪੀਕਰ: ਹਰਪ੍ਰੀਤ ਕੌਰ, ਤੀਜੀ ਬੈਸਟ ਸਪੀਕਰ: ਕਰਣਵੀਰ ਰਾਜਲ, ਬੈਸਟ ਮੈਮੋਰੀਅਲ: ਗੌਰੀ ਠਾਕੁਰ ਤੇ ਸਵੀਟੀ, ਦੂਜਾ ਬੈਸਟ ਮੈਮੋਰੀਅਲ: ਉੱਜਵਲ, ਯਸ਼ਸਵੀ ਅਤੇ ਪ੍ਰੀਤੀ, ਬੈਸਟ ਰਿਸਰਚਰ: ਮਨਿੰਦਰ ਸਿੰਘ, ਦੂਜਾ ਬੈਸਟ ਰਿਸਰਚਰ: ਉੱਜਵਲ। ਸਮਾਰੋਹ ਦਾ ਸਮਾਪਨ ਧੰਨਵਾਦ ਪ੍ਰਸਤਾਵ ਨਾਲ ਕੀਤਾ ਗਿਆ ਜਿਸ ਵਿੱਚ ਸਾਰੇ ਭਾਗੀਦਾਰ ਵਿਦਿਆਰਥੀਆਂ, ਫੈਕਲਟੀ ਮੈਂਬਰਾਂ ਅਤੇ ਜੱਜਾਂ ਦੀ ਯੋਗਦਾਨ ਲਈ ਪ੍ਰਸ਼ੰਸਾ ਕੀਤੀ ਗਈ। ਸਮਾਗਮ ਨੇ ਵਿਦਿਆਰਥੀਆਂ ਵਿੱਚ ਕਾਨੂੰਨੀ ਸਿੱਖਿਆ ਪ੍ਰਤੀ ਹੋਰ ਜ਼ਿਆਦਾ ਰੁਝਾਨ ਅਤੇ ਉਤਸ਼ਾਹ ਪੈਦਾ ਕੀਤਾ।

## ਅਰਵਿੰਦ ਕੁਮਾਰ ਨੇ ਕੌਮੀ ਪੱਧਰ ਦੀ ਮੈਰਾਥਨ ਜਿੱਤ ਕੇ ਸ਼ਹਿਰ ਦਾ ਨਾਂਅ ਕੀਤਾ ਰੌਸ਼ਨ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਬ੍ਰਿਲੀਐਂਟ ਇੰਟਰਨੈਸ਼ਨਲ ਪਬਲਿਕ ਸਕੂਲ ਫਗਵਾੜਾ ਦੇ ਵਿਦਿਆਰਥੀ ਅਰਵਿੰਦ ਕੁਮਾਰ ਨੇ ਦਿੱਲੀ ਦੀ ਐਗਰੀਕਲਚਰ ਯੂਨੀਵਰਸਿਟੀ ਵਿਖੇ ਹੋਈ ਮੈਰਾਥਨ ਰੇਸ 'ਚ ਪਹਿਲਾ ਸਥਾਨ ਹਾਸਲ ਕਰਕੇ ਫਗਵਾੜਾ ਦਾ ਨਾਂਅ ਰੌਸ਼ਨ ਕੀਤਾ ਹੈ। ਸਕੂਲ ਪ੍ਰਿੰਸੀਪਲ ਹਰਜਿੰਦਰ ਸਿੰਘ ਭੋਗਲ ਨੇ ਦਸਵੀਂ ਕਲਾਸ ਦੇ ਹੋਣਹਾਰ ਵਿਦਿਆਰਥੀ ਅਰਵਿੰਦ ਕੁਮਾਰ ਦੀ ਇਸ ਪ੍ਰਾਪਤੀ ਨੂੰ ਲੈ ਕੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਕੌਮੀ ਪੱਧਰ ਦੀ ਮੈਰਾਥਨ 'ਚ ਉਸਦੀ ਇਸ ਪ੍ਰਾਪਤੀ ਨੇ ਉਸ ਦੇ ਮਾਤਾ ਪਿਤਾ ਹੀ ਨਹੀਂ ਬਲਕਿ ਸ਼ਹਿਰ, ਸਕੂਲ ਅਤੇ ਸਮੁੱਚੇ ਸਟਾਫ ਦਾ ਵੀ ਮਾਣ ਵਧਾਇਆ ਹੈ। ਉਹਨਾਂ ਦੱਸਿਆ ਕਿ 5 ਕਿਲੋਮੀਟਰ ਦੀ ਇਸ ਮੈਰਾਥਨ ਰੇਸ ਵਿੱਚ ਵੱਖ-ਵੱਖ ਸਕੂਲਾਂ ਤੇ ਕਾਲਜਾਂ ਦੇ ਦਰਜਨਾਂ ਖਿਡਾਰੀਆਂ ਨੇ ਹਿੱਸਾ ਲਿਆ। ਬਾਵਜੂਦ ਇਸ ਦੇ ਅਰਵਿੰਦ ਕੁਮਾਰ ਨੇ ਬਿਨਾਂ ਕਿਸੇ ਘਬਰਾਹਟ ਤੋਂ ਸ਼ੁਰੂਆਤ 'ਚ ਹੀ ਬਿਹਤਰੀਨ ਗਤੀ ਨਾਲ ਦੌੜ ਜਾਰੀ ਰੱਖੀ ਅਤੇ ਅਖੀਰ ਪਹਿਲਾ ਸਥਾਨ ਹਾਸਲ ਕੀਤਾ ਹੈ। ਪ੍ਰਬੰਧਕਾਂ ਵਲੋਂ ਅਰਵਿੰਦ ਕੁਮਾਰ ਨੂੰ ਟਰਾਫੀ, ਮੈਡਲ ਅਤੇ 75 ਹਜ਼ਾਰ ਰੁਪਏ ਨਗਦ ਰਾਸ਼ੀ ਨਾਲ ਸਨਮਾਨਤ ਕੀਤਾ ਗਿਆ। ਉਹਨਾਂ ਕਿਹਾ ਕਿ ਉਹਨਾਂ ਦਾ ਵਿੱਦਿਅਕ ਅਦਾਰਾ ਹਮੇਸ਼ਾ ਪੜ੍ਹਾਈ ਦੇ ਨਾਲ ਹੀ ਖੇਡਾਂ ਨੂੰ ਵੀ ਪ੍ਰਫੁੱਲਤ ਕਰਦਾ ਹੈ ਅਤੇ ਖਿਡਾਰੀਆਂ ਨੂੰ ਉਹਨਾਂ ਦੀ ਮਨਪਸੰਦ ਖੇਡ 'ਚ ਅੱਗੇ ਵੱਧਣ ਦੇ ਮੌਕੇ ਦਿੱਤੇ ਜਾਂਦੇ ਹਨ। ਇਸ ਦੌਰਾਨ ਚਾਈਲਡ ਸਪੈਸ਼ਲਿਸਟ ਡਾ. ਚਿਮਨ ਅਰੋੜਾ ਨੇ ਵੀ ਅਰਵਿੰਦ ਕੁਮਾਰ ਅਤੇ ਉਸਦੇ ਪਰਿਵਾਰ ਨੂੰ ਇਸ ਪ੍ਰਾਪਤੀ ਲਈ ਸ਼ੁੱਭ ਇੱਛਾਵਾਂ ਦਿੰਦਿਆਂ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ ਹੈ।

## ਭਾਈ ਚਾਵਲਾ ਨੇ ਸ਼ਹੀਦੀ ਸ਼ਤਾਬਦੀ ਮੌਕੇ ਦੇਸ਼-ਵਿਦੇਸ਼ ਤੋਂ ਆਉਣ ਵਾਲੀਆਂ ਸੰਗਤਾਂ ਦੀ ਸੇਵਾ ਲਈ ਪ੍ਰੇਰਿਆ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਦੇ ਇਲਾਕੇ ਅੰਦਰ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅਰੰਭ ਕੀਤੀਆਂ ਗਈਆਂ ਪ੍ਰਭਾਤ ਫੇਰੀਆਂ 11 ਅਕਤੂਬਰ ਨੂੰ ਪਿੰਡ ਲੋਧੀਪੁਰ,ਬੁਰਜ,ਨਿੱਕੂਵਾਲ ਤੇ ਮਟੋਰ ਵਿਖੇ ਪੁੱਜੀ। ਜਿੱਥੇ ਸੰਗਤਾਂ ਨੇ ਸਹਿਬ ਸ੍ਰੀ ਗੁਰੂ ਤੇਗ ਬਹਾਦੁਰ ਮਹਾਰਾਜ ਜੀ ਦੀ ਬਾਣੀ ਗਾ ਕੇ ਹਾਜ਼ਰੀ ਭਰੀ। ਸੰਗਤ ਨੂੰ ਸੰਬੋਧਨ ਕਰਦਿਆਂ ਭਾਈ ਚਾਵਲਾ ਨੇ ਕਿਹਾ ਕਿ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਨਤਮਸਤਕ ਹੋਣ ਲਈ ਪੁੱਜ ਰਹੀਆਂ ਹਨ। ਇਲਾਕਾ ਨਿਵਾਸੀਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਉਹਨਾਂ ਦੀ ਵੱਧ ਤੋਂ ਵਧ ਸੇਵਾ ਕਰੀਏ। ਉਹਨਾਂ ਕਿਹਾ ਕੇ ਸੰਗਤ ਵਾਸਤੇ ਲੰਗਰ,ਜਲ ਪਾਣੀ, ਜੋੜੀਆਂ ਦੀ ਸੇਵਾ,ਭਾਂਡਿਆਂ ਦੀ ਸੇਵਾ ਅਤੇ ਦਰੀਆਂ ਵਿਛਾਉਣ ਤੱਕ ਸਾਰੀਆਂ ਸੇਵਾਵਾਂ ਸਾਨੂੰ ਕਰਨੀਆਂ ਚਾਹੀਦੀਆਂ ਹਨ। ਉਹਨਾਂ ਇਸ ਕੰਮ ਲਈ ਜਥਿਆਂ ਦੇ ਰੂਪ ਵਿੱਚ ਬੀਬੀਆਂ ਅਤੇ ਭਾਈਆਂ ਦੇ ਜਥੇ ਬਣਾ ਕੇ ਪਿੰਡ ਪਿੰਡ ਤੋਂ ਗੁਰਦੁਆਰਾ ਸੀਸ ਗੰਜ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪੁੱਜ ਕੇ ਆਪਣੀ ਡਿਊਟੀ ਸੰਭਾਲਣ ।ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਨੇ ਸੰਗਤਾਂ ਨੂੰ ਕਿਹਾ ਕਿ ਸ਼ਤਾਬਦੀ ਦੌਰਾਨ ਵੱਧ ਤੋਂ ਵੱਧ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਣ ਅਤੇ ਗੁਰੂ ਤੇਗ ਬਹਾਦੁਰ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਇਸ ਮੌਕੇ ਭਾਈ ਚਾਵਲਾ ਤੇ ਗਿਆਨੀ ਜੋਗਿੰਦਰ ਸਿੰਘ ਤੋਂ ਇਲਾਵਾ ਸੁਰਿੰਦਰ ਸਿੰਘ ਮਟੋਰ, ਸਰਪੰਚ ਇੰਦਰਜੀਤ ਸਿੰਘ ਮਟੋਰ, ਸਰਬਣ ਸਿੰਘ ਪੰਚ, ਦਰਸ਼ਨ ਸਿੰਘ ਪੰਚ, ਪੰਡਿਤ ਗੋਪਾਲ ਦਾਸ, ਪੰਡਿਤ ਸ਼ੋਕੀ ਦਾਸ ਗੁਰਨਾਮ ਸਿੰਘ, ਸੁਖਵਿੰਦਰ ਸਿੰਘ, ਕੁਲਦੀਪ ਸਿੰਘ ਬਾਬਾ ਮਲਕੀਤ ਸਿੰਘ, ਤਾਰਾ ਸਿੰਘ ਬੁਰਜ, ਸਰਪੰਚ ਹਰਮੇਸ਼ ਸਿੰਘ, ਪ੍ਰਧਾਨ ਪਰਮਜੀਤ ਸਿੰਘ, ਜਸਵੰਤ ਸਿੰਘ, ਸ਼ੇਰ ਸਿੰਘ, ਗੁਰਜੀਤ ਸਿੰਘ, ਗਿਆਨ ਸਿੰਘ, ਮਲਕੀਤ ਸਿੰਘ, ਬਲਦੇਵ ਸਿੰਘ ਨਿੱਕੂਵਾਲ, ਸਰਪੰਚ ਜਰਨੈਲ ਸਿੰਘ, ਸਰਪੰਚ ਅਵਤਾਰ ਸਿੰਘ, ਸੂਬੇਦਾਰ ਕਮਲਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਸੋਹਣ ਸਿੰਘ, ਬਲਵੀਰ ਸਿੰਘ, ਰਾਮਆਸਰਾ ਸਿੰਘ, ਗੁਰਬਚਨ ਸਿੰਘ ਲੋਧੀਪੁਰ, ਹਰਜਾਪ ਸਿੰਘ, ਹਰਿਮੰਦਰ ਸਿੰਘ ਸਾਬਕਾ ਪੰਚ, ਪ੍ਰਧਾਨ ਬੰਲਮ ਸਿੰਘ, ਜਤਿੰਦਰ ਸਿੰਘ ਲੋਧਿਪੁਰ ਆਦਿ ਹਾਜ਼ਰ ਸਨ ।



## ਸ੍ਰੀ ਗੁਰੂ ਰਵਿਦਾਸ ਸਭਾ ਦੇ ਮਦਨ ਲਾਲ ਜਨਾਗਲ ਬਣੇ ਪ੍ਰਧਾਨ

**ਖਰੜ (ਹਰਨਾਮ ਸਿੰਘ ਡੱਲਾ)**

ਸਥਾਨਕ ਸ੍ਰੀ ਗੁਰੂ ਰਵਿਦਾਸ ਸਭਾ ਖਰੜ ਦੀ 2025-26 ਲਈ ਕੀਤੀ ਗਈ ਸਾਲਾਨਾ ਚੋਣ ਵਿੱਚ ਸ੍ਰੀ ਮਦਨ ਲਾਲ ਜਨਾਗਲ ਨੂੰ ਸਭਾ ਦਾ ਪ੍ਰਧਾਨ ਚੁਣਿਆ ਗਿਆ ਹੈ। ਗੁਰਦੁਆਰਾ ਦਸਮੇਸ਼ ਨਗਰ ਖਰੜ ਵਿੱਚ ਹੋਏ ਆਮ ਇਜਲਾਸ ਵਿੱਚ ਸਭਾ ਦੇ ਜਨਰਲ ਸਕੱਤਰ ਸ੍ਰੀ ਹਰਨਾਮ ਸਿੰਘ ਡੱਲਾ ਨੇ ਸਭਾ ਦੀਆਂ ਗਤੀਵਿਧੀਆਂ ਦੀ ਸਾਲਾਨਾ ਰਿਪੋਰਟ ਪੜ੍ਹੀ ਤੇ ਹਾਊਸ ਵੱਲੋਂ ਸਰਬਸੰਮਤੀ ਨਾਲ ਪ੍ਰਵਾਨ ਕੀਤੀ ਗਈ। ਉਪਰੰਤ ਅਹੁਦੇਦਾਰਾਂ ਦੀ ਚੋਣ ਵਿੱਚ ਸ੍ਰੀ ਮਦਨ ਲਾਲ ਜਨਾਗਲ ਨੂੰ ਪ੍ਰਧਾਨ, ਗੁਰਮੇਲ ਸਿੰਘ ਧਾਲੀਵਾਲ ਸੀਨੀਅਰ ਮੀਤ ਪ੍ਰਧਾਨ, ਬਲਬੀਰ ਚੰਦ, ਜਸਪਾਲ ਸਿੰਘ ਤੇ ਪਾਲ ਸਿੰਘ ਘੇੜਾ ਨੂੰ ਮੀਤ ਪ੍ਰਧਾਨ, ਹਰਨਾਮ ਸਿੰਘ ਡੱਲਾ ਜਨਰਲ ਸਕੱਤਰ, ਚਰਨ ਸਿੰਘ ਕੰਗ ਸਹਾ: ਜਨਰਲ ਸਕੱਤਰ, ਜੰਗ ਸਿੰਘ ਵਿੱਤ ਸਕੱਤਰ, ਐੱਸ ਆਰ ਮੱਲ ਸਹਾ: ਵਿੱਤ ਸਕੱਤਰ, ਸਰਬਜੀਤ ਸਿੰਘ ਭਵਨ ਮਨੇਜਮੈਂਟ ਇਨਚਾਰਜ,ਹ ਰਭਜਨ ਸਿੰਘ ਸਲਾਹਕਾਰ, ਸਹਾਇਕ ਸਲਾਹਕਾਰ ਅਵਤਾਰ ਸਿੰਘ ਚੱਕਲਾਂ, ਜਸਪਾਲ ਸਿੰਘ ਕਾਨੂੰਨੀ ਸਲਾਹਕਾਰ, ਕੈਪਟਨ ਚੰਦਰ ਗੇਰਾ ਸਹਾ: ਕਾਨੂੰਨੀ ਸਲਾਹਕਾਰ, ਸਵਰਨ ਸਿੰਘ ਬਡਵਾਲੀ ਭਵਨ ਇਨਚਾਰਜ, ਧਰਮਪਾਲ ਸਿੰਘ ਸਹਾਇਕ ਭਵਨ ਇੰਚਾਰਜ,ਸੱਜਨ ਸਿੰਘ ਜਥੇਬੰਦਕ ਸਕੱਤਰ, ਬਲਵਿੰਦਰ ਸਿੰਘ ਧਾਲੀਵਾਲ ਆਡੀਟਰ, ਹਰਨੇਕ ਸਿੰਘ ਦੇਵਪੁਰੀ ਧਾਰਮਿਕ ਸਕੱਤਰ, ਹਰਚਰਨ ਸਿੰਘ ਸਿੱਖਿਆ ਸਲਾਹਕਾਰ, ਸੁਖਤੇਜ ਸਿੰਘ ਸਹਾਇਕ ਸਿੱਖਿਆ ਸਲਾਹਕਾਰ ਅਤੇ ਗੁਰਪ੍ਰੀਤ ਸਿੰਘ, ਕੁਲਦੀਪ ਕੁਮਾਰ, ਹਾਕਮ ਸਿੰਘ ਰੰਗੀਆਂ ਤੇ ਜੀਤ ਰਾਮ ਕਾਰਜਕਾਰਨੀ ਮੈਂਬਰ ਚੁਣੇ ਗਏ।



## ਹੜ੍ਹ ਪੀੜਤਾਂ ਦੇ ਮਕਾਨਾਂ ਦੀ ਉਸਾਰੀ ਦਾ ਕੰਮ ਆਰੰਭ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**



ਧੰਨ ਗੁਰੂ ਰਾਮਦਾਸ ਦੀ ਅਪਾਰ ਕਿਰਪਾ ਸਦਕਾ ਪਿੰਡ ਲੰਗੜੋਆ ਤੇ ਐੱਨ. ਆਰ. ਆਈ. ਵੀਰਾਂ ਵਲੋਂ ਪਿਛਲੇ ਸਮੇਂ ਆਏ ਹੜ੍ਹਾਂ ਦੌਰਾਨ ਰਮਦਾਸ ਅਤੇ ਡੇਰਾ ਬਾਬਾ ਨਾਨਕ ਹਲਕਿਆਂ ਵਿੱਚ ਬਹੁਤ ਨੁਕਸਾਨ ਹੋਇਆ ਜਿਨ੍ਹਾਂ ਦੇ ਕਾਰਨ ਮਕਾਨ ਹੜ੍ਹਾਂ ਕਾਰਨ ਬਿਲਕੁਲ ਢਹਿ ਚੁੱਕੇ ਹਨ ਜਾਂ ਫਿਰ ਛੱਤਾਂ ਡਿੱਗ ਪਈਆ ਹਨ , ਫਸਲਾਂ ਤੇ ਜਮੀਨਾਂ ਦਾ ਭਾਰੀ ਨੁਕਸਾਨ ਹੋਇਆ ਹੈ। ਹੜ੍ਹ ਪੀੜਤ ਪਰਵਾਰਾਂ ਲਈ ਮਕਾਨ ਬਣਾਉਣ ,ਜਮੀਨਾਂ ਪੱਧਰੀਆ ਕਰਨ ਅਤੇ ਕਣਕ ਦੀ ਬਿਜਾਈ ਲਈ ਡੀਜਲ ਦੀਆ ਸੇਵਾਵਾਂ ਕੀਤੀਆ ਜਾ ਰਹੀਆ ਹਨ। ਇਸ ਆਫਤ ਦੀ ਘੜੀ ਵਿੱਚ ਪਿੰਡ ਲੰਗੜੋਆ ਅਤੇ ਐਨ. ਆਰ. ਆਈ. ਭਰਾਵਾਂ ਦੇ ਸਹਿਯੋਗ ਦੇ ਨਾਲ ਨੌਜਵਾਨਾਂ ਵੱਲੋਂ ਜਿੱਥੇ ਪਹਿਲੇ ਮਕਾਨ ਦੀ ਉਸਰਾਈ ਦੀ ਸੇਵਾ ਚੱਲ ਰਹੀ ਹੈ ਉ ?ਥੇ ਦੂਜੇ ਮਕਾਨ ਦੀ ਸੇਵਾ ਪਿੰਡ ਕੋਟਲੀ ਸੂਰਤ ਮੱਲ੍ਹੀ ਤਹਿਸੀਲ ਡੇਰਾ ਬਾਬਾ ਨਾਨਕ ਜਿਲ੍ਹਾ ਗੁਰਦਾਸਪੁਰ ਦੇ ਕੁਲਵਿੰਦਰ ਸਿੰਘ ਦੇ ਘਰ ਦੀ ਉਸਾਰੀ ਲਈ 12 ਅਕਤੂਬਰ ਨੀਂਹ ਪੱਥਰ ਗ੍ਰੰਥੀ ਸਿੰਘ ਪਾਸੋ ਅਰਦਾਸ ਕਰਵਾ ਕੇ ਕੁਲਵਿੰਦਰ ਸਿੰਘ ਦੀ ਬੇਟੀ ਹੱਥੋਂ ਰੱਖਵਾ ਕੇ ਆਰੰਭ ਕੀਤੀ ਗਈ ਹੈ। ਇਸ ਮੌਕੇ ਤੇ ਨੌਜਵਾਨਾਂ ਨੇ ਕਿਹਾ ਕਿ ਘਰ ਦਾ ਪੂਰਾ ਕੰਮ ਮੁਕੰਮਲ ਹੋਣ ਤੱਕ ਦਾ ਸਾਰਾ ਖਰਚਾ ਪਿੰਡ ਲੰਗੜੋਆ ਅਤੇ ਐਨ. ਆਰ. ਆਈ. ਵੀਰਾਂ ਵੱਲੋਂ ਕੀਤਾ ਜਾਵੇਗਾ। ਇਸ ਦੇ ਨਾਲ ਹੀ ਪਹਿਲਾ ਵੀ ਇੱਕ ਮਕਾਨ ਦੀ ਉਸਾਰੀ ਰਮਦਾਸ ਦੇ ਪਿੰਡ ਮਾਛੀਵਾਲਾ ਵਿੱਚ ਲੰਗੜੋਆ ਦੇ ਨੌਜਵਾਨਾਂ ਵਲੋ ਕਰਵਾਈ ਜਾ ਰਹੀ ਹੈ ਤੇ ਜਮੀਨਾਂ ਨੂੰ ਪੱਧਰੀਆ ਕਰਨ ਵਾਸਤੇ ਤੇ ਕਣਕ ਦੀ ਫਸਲ ਬੀਜਣ ਲਈ ਡੀਜ਼ਲ ਦੀ ਸੇਵਾ ਵੀ ਕੀਤੀ ਜਾ ਰਹੀ ਹੈ।

## ਲੋੜਵੰਦ ਪਰਵਾਰ ਦੀ ਲੜਕੀ ਦੇ ਵਿਆਹ ਮੌਕੇ ਖਾਣ ਪੀਣ ਤੇ ਹੋਰ ਲੋੜੀਂਦਾ ਸਮਾਨ ਦਿੱਤਾ

**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**-ਦੋਆਬਾ ਸੋਸ਼ਲ ਵੈਲਫੇਅਰ ਸੋਸਾਇਟੀ ਮਾਹਿਲਪੁਰ ਵੱਲੋਂ ਪਿੰਡ ਖਾਨਪੁਰ ਦੇ ਇੱਕ ਲੋੜਵੰਦ ਪਰਿਵਾਰ ਦੀ ਕੁੜੀ ਦੇ ਵਿਆਹ ਮੌਕੇ ਖਾਣ- ਪੀਣ ਅਤੇ ਹੋਰ ਲੋੜੀਦਾ ਸਮਾਨ ਲੈ ਕੇ ਦਿੱਤਾ ਗਿਆ। ਇਸ ਮੌਕੇ ਪ੍ਰਧਾਨ ਮੋਹਨ ਸਿੰਘ, ਡਾਕਟਰ ਪਰਮਿੰਦਰ ਸਿੰਘ ਵਾਈਸ ਪ੍ਰਧਾਨ, ਸੁਰਿੰਦਰ ਪਾਲ ਸਿੰਘ ਢਾਂਡਾ, ਐਮ ਸੀ ਸਰਦਾਰ ਬਲਦੇਵ ਸਿੰਘ, ਸੁਖਚੈਨ ਸਿੰਘ, ਸੁਰਿੰਦਰ ਸਿੰਘ ਬੈਂਕ ਮੈਨੇਜਰ, ਸੰਦੇਸ਼ ਕੁਮਾਰ, ਪੰਡਤ ਨਰਿੰਦਰ ਮੋਹਣ ਨਿੰਦੀ, ਗਗਨ ਕਰਿਆਨਾ ਸਟੋਰ ਸ਼ਹੀਦਾਂ ਰੋਡ ਮਾਹਿਲਪੁਰ, ਗੁਰਮੀਤ ਸਿੰਘ ਭਾਖੜਾ ਜਨਰਲ ਸਟੋਰ ਸ਼ਹੀਦਾਂ ਰੋਡ ਅਤੇ ਪਿੰਡ ਖਾਨਪੁਰ ਤੋਂ ਲੜਕੀ ਦੇ ਪਰਵਾਰਿਕ ਮੈਂਬਰ ਹਾਜ਼ਰ ਸਨ। ਇਸ ਮੌਕੇ ਗੱਲਬਾਤ ਕਰਦਿਆਂ ਪ੍ਰਧਾਨ ਮੋਹਨ ਸਿੰਘ ਅਤੇ ਡਾਕਟਰ ਪਰਮਿੰਦਰ ਸਿੰਘ ਵਾਈਸ ਪ੍ਰਧਾਨ ਨੇ ਕਿਹਾ ਕਿ ਦੋਆਬਾ ਸੋਸ਼ਲ ਵੈਲਫੇਅਰ ਸੋਸਾਇਟੀ ਰਜਿਸਟਰਡ ਮਾਹਿਲਪੁਰ ਪਿਛਲੇ ਲੰਬੇ ਸਮੇਂ ਤੋਂ ਆਰਥਿਕ ਤੌਰ ਤੇ ਕਮਜ਼ੋਰ ਲੋੜਵੰਦ ਪਰਵਾਰਾਂ ਦੀਆਂ ਲੜਕੀਆਂ ਦੇ ਵਿਆਹ ਮੌਕੇ ਖਾਣ ਪੀਣ ਅਤੇ ਹੋਰ ਲੋੜੀਂਦਾ ਸਮਾਨ ਦੇ ਕੇ ਪਰਉਪਕਾਰ ਦਾ ਕਾਰਜ ਕਰ ਰਹੀ ਹੈ। ਇਸ ਵਿੱਚ ਸੁਸਾਇਟੀ ਦੇ ਮੈਂਬਰ ਅਤੇ ਹੋਰ ਦਾਨੀ ਸੱਜਣ ਆਪਣੀ ਸਮਰੱਥਾ ਅਨੁਸਾਰ ਸਹਿਯੋਗ ਕਰਦੇ ਰਹਿੰਦੇ ਹਨ।



## ਸ੍ਰੀ ਗੁਰੂ ਰਾਮਦਾਸ ਦੇ ਪ੍ਰਕਾਸ਼ ਪੁਰਬ ਮੌਕੇ ਮਹਾਨ ਗੁਰਮਤਿ ਸਮਾਗਮ



**ਮੇਹਟਿਆਣਾ (ਜਗਤਾਰ ਸਿੰਘ ਭੂੰਗਰਨੀ)**-ਇਤਿਹਾਸਕ ਪਿੰਡ ਭੂੰਗਰਨੀ ਵਿਖੇ ਪਾਤਸ਼ਾਹੀ ਸੱਤਵੀਂ ਧੰਨ ਧੰਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਧਰਤੀ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੋਢੀ ਸੁਲਤਾਨ ਪਾਤਸ਼ਾਹ, ਪਾਤਸ਼ਾਹੀ ਚੌਥੀ, ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਮਾਗਮ ਦੌਰਾਨ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਭਾਈ ਸੁਖਚੈਨ ਸਿੰਘ ਮੁੱਖ ਗ੍ਰੰਥੀ ਭੂੰਗਰਨੀ, ਭਾਈ ਅਮਰਜੀਤ ਸਿੰਘ ਜੰਡੀ ਆਦਿ ਨੇ ਗੁਰਬਾਣੀ ਗੁਰਇਤਿਹਾਸ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਰਾਗੀ ਜਥੇ, ਪ੍ਰਮੁੱਖ ਸਖਸ਼ੀਅਤਾਂ ਅਤੇ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ। ਸਮਾਗਮ ਦੌਰਾਨ ਬਲਵੀਰ ਸਿੰਘ ਤੰਬੜ, ਰਾਜਵੀਰ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਬਲਵਿੰਦਰ ਸਿੰਘ, ਜਤਿੰਦਰ ਸਿੰਘ, ਭੁਪਿੰਦਰ ਸਿੰਘ, ਬਲਵੀਰ ਸਿੰਘ, ਜਸਵੰਤ ਸਿੰਘ, ਗੁਰਬਚਨ ਸਿੰਘ ਕਾਕਾ ਤੇ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

## ਤਿਉਹਾਰ ਆਪਸੀ ਭਾਈਚਾਰੇ ਤੇ ਸਦਭਾਵਨਾ ਦਾ ਸੰਦੇਸ਼ ਦਿੰਦੇ ਹਨ : ਸਾਂਪਲਾ



**ਫਗਵਾੜਾ (ਡਾ. ਰਮਨ)**

ਭਾਜਪਾ ਨੇਤਾ ਅਤੇ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਦੀ ਅਗਵਾਈ ਹੇਠ ਹਰ ਸਾਲ ਦੀ ਤਰ੍ਹਾਂ ਦੀਵਾਲੀ ਤੋਂ ਪਹਿਲਾਂ ਹੋਟਲ ਕਾਂਟੀਨੈਂਟਲ ਗੁਪਤਾ ਪੈਲੇਸ ਫਗਵਾੜਾ ਵਿਖੇ ਦੀਵਾਲੀ ਮਿਲਨ ਸਮਾਗਮ ਦਾ ਆਯੋਜਨ ਕੀਤਾ ਗਿਆ।ਪ੍ਰੋਗਰਾਮ ਵਿੱਚ ਫਗਵਾੜਾ ਦੇ ਵੱਡੀ ਗਿਣਤੀ ਵਿੱਚ ਭਾਜਪਾ ਆਗੂਆਂ, ਸਮਾਜਿਕ,ਧਾਰਮਿਕ,ਰਾਜਨੀਤਿਕ ਤੇ ਵਪਾਰਕ ਸ਼ਖਸੀਅਤਾਂ ਨੇ ਹਿੱਸਾ ਲਿਆ।ਪ੍ਰੋਗਰਾਮ ਦੇ ਉਦਘਾਟਨ ਮੌਕੇ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਦੀਵਾ ਜਗਾਇਆ ਅਤੇ ਦੇਵੀ ਲਕਸ਼ਮੀ ਦੀ ਪੂਜਾ ਕੀਤੀ ਅਤੇ ਸਾਰਿਆਂ ਨੂੰ ਦੀਵਾਲੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।ਇਕੱਠ ਨੂੰ ਦੀਵਾਲੀ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਕਿਹਾ ਕਿ ਸਾਡੇ ਤਿਉਹਾਰ ਸਾਨੂੰ ਆਪਸੀ ਭਾਈਚਾਰੇ, ਪਿਆਰ, ਸਦਭਾਵਨਾ, ਏਕਤਾ ਅਤੇ ਸਾਡੇ ਰੀਤੀ-ਰਿਵਾਜਾਂ ਬਾਰੇ ਸਿਖਾਉਂਦੇ ਹਨ।ਇਸ ਲਈ ਸਾਨੂੰ ਇਹ ਤਿਉਹਾਰ ਸਾਰੇ ਆਪਸੀ ਭੇਦਭਾਵ ਨੂੰ ਖਤਮ ਕਰਕੇ ਇੱਕਜੁੱਟ ਹੋ ਕੇ ਮਨਾਉਣੇ ਚਾਹੀਦੇ ਹਨ।ਤਿਉਹਾਰ ਅਤੇ ਰੀਤੀ-ਰਿਵਾਜ ਸਾਡੀ ਸੱਭਿਆਚਾਰਕ ਵਿਰਾਸਤ ਹਨ ਅਤੇ ਇਹ ਸਾਨੂੰ ਏਕਤਾ ਦਾ ਸੰਦੇਸ਼ ਦਿੰਦੇ ਹਨ। ਕਈ ਖੇਤਰਾਂ ਦੇ ਵੱਖ-ਵੱਖ ਸੰਗੀਤ, ਨਾਚ, ਨਾਟਕ, ਸਾਹਿਤ ਦਾ ਸਬੰਧ ਭਾਰਤ ਨੂੰ ਏਕਤਾ ਦੇ ਧਾਗੇ ਵਿੱਚ ਬੰਨ੍ਹਦਾ ਹੈ। ਇਸ ਮੌਕੇ ਭਾਜਪਾ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਖੋਜੇਵਾਲ ਨੇ ਸਾਰਿਆਂ ਨੂੰ ਦੀਵਾਲੀ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਭਾਰਤੀ ਸੱਭਿਆਚਾਰ ਅਮੀਰ ਹੈ। ਇਹ ਵਿਭਿੰਨਤਾ ਵਿੱਚ ਏਕਤਾ ਨੂੰ ਉਜਾਗਰ ਕਰਦਾ ਹੈ। ਦੇਸ਼ ਭਗਤੀ ਦੇਸ਼ ਦੀ ਤਾਕਤ ਨੂੰ ਵਧਾਉਂਦੀ ਹੈ। ਵੱਖ-ਵੱਖ ਭਾਸ਼ਾਵਾਂ ਅਤੇ ਰੀਤੀ-ਰਿਵਾਜ ਸਾਡੀ ਸੱਭਿਆਚਾਰਕ ਏਕਤਾ ਨੂੰ ਮਜ਼ਬੂਤ ਕਰਦੇ ਹਨ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਰੀਤੀ-ਰਿਵਾਜ ਅਤੇ ਤਿਉਹਾਰ ਹਜ਼ਾਰਾਂ ਸਾਲਾਂ ਤੋਂ ਸਾਡੀ ਸੱਭਿਆਚਾਰ ਦਾ ਹਿੱਸਾ ਰਹੇ ਹਨ। ਇਹ ਨਾ ਸਿਰਫ਼ ਸਾਡੀ ਸੱਭਿਆਚਾਰਕ ਵਿਰਾਸਤ ਨੂੰ ਮਜ਼ਬੂਤ ਕਰਦਾ ਹੈ ਸਗੋਂ ਸਮਾਜ ਨੂੰ ਇਕੱਠੇ ਰੱਖਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਸਾਡੇ ਸਮਾਜਿਕ ਬੰਧਨਾਂ ਨੂੰ ਮਜ਼ਬੂਤ ਕਰਦਾ ਹੈ। ਖੋਜੇਵਾਲ ਨੇ ਕਿਹਾ, 'ਸਾਡੇ ਵੱਖੋ-ਵੱਖਰੇ ਰੀਤੀ-ਰਿਵਾਜ ਅਤੇ ਪਰੰਪਰਾਵਾਂ ਹਨ। ਅਸੀਂ ਤਿਉਹਾਰਾਂ ਨੂੰ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਉਂਦੇ ਹਾਂ। ਇਹ ਨਵੀਂ ਪੀੜ੍ਹੀ ਨੂੰ ਜੋੜਦਾ ਹੈ। ਇਨ੍ਹਾਂ ਤਿਉਹਾਰਾਂ ਰਾਹੀਂ, ਅਸੀਂ ਆਪਣੇ ਪੁਰਖਿਆਂ ਦੁਆਰਾ ਦਿੱਤੀਆਂ ਗਈਆਂ ਕਦਰਾਂ-ਕੀਮਤਾਂ ਨੂੰ ਅੱਗੇ ਵਧਾ ਰਹੇ ਹਾਂ। ਅਸੀਂ ਆਪਣੀਆਂ ਕਦਰਾਂ-ਕੀਮਤਾਂ ਅਤੇ ਸੱਭਿਆਚਾਰ ਨੂੰ ਆਪਣੇ ਨਾਲ ਲੈ ਕੇ ਜਾ ਰਹੇ ਹਾਂ।'

## ਕੋਟਲੀ ਨੇ ਤਨਖਾਹ 'ਚੋਂ ਦਿੱਤੇ ਭਗਵਾਨ ਵਾਲਮੀਕਿ ਧਰਮਸ਼ਾਲਾ ਲਈ 50,000 ਰੁਪਏ



**ਆਦਮਪੁਰ (ਪਰਮਜੀਤ ਸਿੰਘ)**

ਹਲਕਾ ਆਦਮਪੁਰ ਦੇ ਸ਼ਹਿਰ ਅਲਾਵਲਪੁਰ ਵਿਖੇ ਹੋਏ ਭਗਵਾਨ ਵਾਲਮੀਕਿ ਪ੍ਰਗਟ ਦਿਵਸ ਸਮਾਗਮ ਤੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਬਤੌਰ ਮੁੱਖ ਮਹਿਮਾਨ ਪਹੁੰਚੇ, ਪ੍ਰਬੰਧਕ ਕਮੇਟੀ ਨੇ ਧਰਮਸ਼ਾਲਾ ਬਣਾਉਣ ਦੀ ਮੰਗ ਕਰਦਿਆਂ ਕਿਹਾ ਕਿ ਇਸ ਦੀ ਉਸਾਰੀ ਲਈ ਮੁਹੱਲੇ ਵਿੱਚ ਬਹੁਤ ਵੱਡੀ ਜ਼ਰੂਰਤ ਹੈ ਤਾਂ ਵਿਧਾਇਕ ਕੋਟਲੀ ਨੇ ਮੌਕੇ ਤੇ ਹੀ ਪੰਜਾਹ ਹਜ਼ਾਰ ਰੁਪਏ ਕਮੇਟੀ ਨੂੰ ਦੇ ਦਿੱਤਾ ਤੇ ਕਿਹਾ ਕਿ ਲੋਕਾਂ ਦੀ ਬਦੌਲਤ ਮੈਨੂੰ ਬਹੁਤ ਕੁਝ ਮਿਲਿਆ ਹੈ, ਮੈ ਆਪਣੀ ਤਨਖਾਹ ਵਿੱਚੋਂ 50,000 ਹਜ਼ਾਰ ਰੁਪਏ ਦਿੰਦਾ ਹਾਂ, ਜਿਸ ਦਾ ਵੱਡੀ ਗਿਣਤੀ ਵਿੱਚ ਇਕੱਠੇ ਲੋਕਾਂ ਨੇ ਧੰਨਵਾਦ ਕੀਤਾ, ਇਲਾਕੇ ਵਿੱਚ ਇਸ ਗੱਲ ਦੀ ਚਰਚਾ ਜ਼ੋਰਾਂ ਤੇ ਹੈ। ਇਸ ਮੌਕੇ ਮੁੱਕਦਰ ਲਾਲ ਵਾਰਿਸ ਪ੍ਰਧਾਨ ਨਗਰ ਕੌਂਸਲ ਅਲਾਵਲਪੁਰ, ਰਜਿੰਦਰ ਗਿੱਲ, ਸ਼ੁਭਾਸ ਭਨੋਟ, ਦੀਪਕ ਗੁਪਤਾ, ਅੰਕੁਰ ਮਿਸ਼ਰਾ, ਸੀਤਾ ਰਾਮ ਸੌਂਧੀ, ਸੰਜੀਵ ਖੋਸਲਾ, ਦੀਪਕ ਖੋਸਲਾ, ਐਮ ਸੀ ਰਾਜ ਰਾਣੀ, ਐਮ ਸੀ ਬ੍ਰਿਜਭੂਸ਼ਨ, ਦੀਪਕ ਗਿਲ, ਪ੍ਰਿੰਸ ਸਹੋਤਾ, ਰੁਚੀ ਗਿਲ, ਰਾਜੇਸ਼ ਥਾਪਰ ਤੇ ਹੋਰ ਸ਼ਹਿਰ ਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ

## ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਵੱਲੋਂ ਕਨਵੈਨਸ਼ਨਾਂ ਤੇ ਰੋਸ ਮਾਰਚ ਕਰਕੇ ਸਰਕਾਰ ਨੂੰ ਘੇਰਨ ਦਾ ਫੈਸਲਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਪੁਰਾਣੀ ਪੈਨਸ਼ਨ ਦਾ ਤਿੰਨ ਸਾਲ ਪਹਿਲਾਂ ਕਾਗਜ਼ੀ ਨੋਟੀਫਿਕੇਸ਼ਨ ਜਾਰੀ ਕਰਕੇ ਲਾਗੂ ਕਰਨ ਤੋਂ ਪਿੱਛੇ ਹਟੀ ਸਰਕਾਰ ਖਿਲਾਫ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ (ਪੀ.ਪੀ.ਪੀ.ਐੱਫ਼.) ਪੰਜਾਬ ਵੱਲੋਂ ਸੰਘਰਸ਼ੀ ਮੋਰਚਾ ਖੋਲਣ ਦਾ ਐਲਾਨ ਕੀਤਾ ਗਿਆ ਹੈ। ਜਿਸ ਤਹਿਤ ਫ਼ਰੰਟ ਵਲੋਂ ਜ਼ਿਲ੍ਹਾ ਪੱਧਰੀ ਕਨਵੈਨਸ਼ਨਾਂ ਕਰਕੇ ਪੰਜਾਬ ਸਰਕਾਰ ਖਿਲਾਫ ਸ਼ਹਿਰਾਂ ਵਿੱਚ ਰੋਸ ਮਾਰਚ ਕਰਨ ਦਾ ਫੈਸਲਾ ਕੀਤਾ ਗਿਆ ਹੈ।ਪੁਰਾਣੀ ਪੈਨਸ਼ਨ ਦੇ ਮਾਮਲੇ ਨੂੰ ਲੈ ਕੇ ਸੂਬੇ ਦੇ ਮੁਲਾਜ਼ਮਾਂ ਵਿੱਚ ਤਿੱਖੀ ਨਰਾਜ਼ਗੀ ਹੈ। ਜ਼ਿਕਰਯੋਗ ਹੈ ਕਿ 18 ਨਵੰਬਰ 2022 ਨੂੰ ਪੁਰਾਣੀ ਪੈਨਸ਼ਨ ਦਾ ਨੋਟੀਫਿਕੇਸ਼ਨ ਕੀਤੇ ਜਾਣ ਦੇ ਬਾਵਜੂਦ ਤਿੰਨ ਸਾਲ ਬੀਤਣ ਮਗਰੋਂ ਵੀ ਇੱਕ ਵੀ ਐੱਨ.ਪੀ.ਐੱਸ. ਮੁਲਾਜ਼ਮ ਨੂੰ ਪੁਰਾਣੀ ਪੈਨਸ਼ਨ ਦਾ ਲਾਭ ਨਹੀਂ ਮਿਲਿਆ ਹੈ। ਪੁਰਾਣੀ ਪੈਨਸ਼ਨ ਲਾਗੂ ਕਰਨ ਦਾ ਐਲਾਨ ਕੇਵਲ ਅਖ਼ਬਾਰੀ ਇਸ਼ਤਿਹਾਰਾਂ ਅਤੇ ਬਿਆਨਾਂ ਤੱਕ ਹੀ ਸੀਮਤ ਹੈ। ਡੀ.ਟੀ.ਐੱਫ਼. ਦੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ, ਮੀਤ ਪ੍ਰਧਾਨ ਰਜਿੰਦਰ ਹੇਜਮਾਂ, ਜੁਆਇੰਟ ਸਕੱਤਰ ਪ੍ਰਵੀਨ ਸ਼ੇਰਪੁਰ ਤੇ ਬਲਜਿੰਦਰ ਸਹੋਤਾ ਆਦਿ ਆਗੂਆਂ ਨੇ ਕਿਹਾ ਕਿ ਜ਼ਿਲ੍ਹਾ ਪੱਧਰੀ ਕਨਵੈਨਸ਼ਨਾਂ ਕਰਕੇ ਐੱਨ.ਪੀ.ਐੱਸ ਮੁਲਾਜ਼ਮਾਂ ਨੂੰ ਤਿੱਖੇ ਸੰਘਰਸ਼ ਲਈ ਲਾਮਬੰਦ ਕੀਤਾ ਜਾਵੇਗਾ, ਉਪਰੰਤ ਸਰਕਾਰ ਦੇ ਵਿਧਾਇਕਾਂ ਦੇ ਘਰਾਂ ਅਤੇ ਪਾਰਟੀ ਦਫਤਰਾਂ ਵੱਲ ਰੋਸ ਮਾਰਚ ਕਰਕੇ ਸਰਕਾਰ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ। ਜ਼ਿਲ੍ਹਾ ਪੱਧਰੀ ਮੁਜ਼ਾਹਰਿਆਂ ਤੋਂ ਬਾਅਦ ਹਮਖ਼ਿਆਲੀ ਧਿਰਾਂ ਨੂੰ ਨਾਲ ਲੈ ਕੇ ਪੰਜਾਬ ਸਰਕਾਰ ਖਿਲਾਫ ਸੂਬਾ ਪੱਧਰੀ ਐਕਸ਼ਨ ਦਾ ਐਲਾਨ ਕੀਤਾ ਜਾਵੇਗਾ। ਇਸ ਮੌਕੇ ਸੰਜੀਵ ਕਲਸੀ, ਅਸ਼ਨੀ ਕੁਮਾਰ, ਪ੍ਰਦੀਪ ਗੁਰੂ, ਬਲਕਾਰ ਸਿੰਘ ਪੁਰਿਕਾ, ਵਰਿੰਦਰ ਸੈਣੀ, ਰਾਕੇਸ਼ ਕੁਮਾਰ, ਜਸਵਿੰਦਰ ਝਿੰਗੜ, ਜੀਵਨ ਕੁਮਾਰ ਸੰਧੂ, ਅਮਨਦੀਪ ਚੌਹਾਨ ਆਦਿ ਵੀ ਹਾਜ਼ਰ ਸਨ।



# ਕੁਲ ਹਿੰਦ ਸਿੱਖਿਆ ਅਧਿਕਾਰ ਮੰਚ ਦੀ ਮੀਟਿੰਗ 'ਚ ਜਾਤੀ ਪ੍ਰਥਾ, ਫਿਰਕੂ ਫਾਸ਼ੀਵਾਦ 'ਤੇ ਚਰਚਾ



**ਜਲੰਧਰ (ਕੇਸਰ)**
ਦੇਸ਼ ਭਗਤ ਯਾਦਗਾਰ ਹਾਲ ਦੇ ਸ਼ਹੀਦ ਵਿਸ਼ਣੂ ਗਣੇਸ਼ ਪਿੰਗਲੇ ਹਾਲ ਵਿਖੇ ਦੇਸ਼ ਭਰ ਦੇ 16 ਰਾਜਾਂ 'ਚੋਂ ਪੁੱਜੇ [illegible] ਦੇ ਕਰੀਬ ਪੰਹੁਚੇ ਵਿਦਿਆਰਥੀ , ਅਧਿਆਪਕ ਤੇ ਜਮਹੂਰੀ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਦੂਜੇ ਦਿਨ ਸਾਰਾ ਦਿਨ ਮੱਹਤਵਪੂਰਨ ਸਮਾਜਿਕ ਮੁੱਦਿਆਂ ਤੇ ਗੰਭੀਰ ਚਰਚਾ ਕੀਤੀ। ਹੈਦਰਾਬਾਦ ਯੂਨੀਵਰਸਟੀ ਦੇ ਡਾ ਹਰਗੋਪਾਲ ਅਤੇ ਦਿੱਲੀ ਵਰਸਟੀ ਤੋਂ ਡਾ. ਮਧੂ ਪ੍ਰਸਾਦ ਦੀ ਪ੍ਰਧਾਨਗੀ ਹੇਠ ਚੱਲੇ ਸੈਸ਼ਨ 'ਚ ਡਾ. ਲਕਸ਼ਮੀ ਨਾਰਾਇਣ, ਡਾ ਰਮੇਸ਼ ਪਟਨਾਇਕ ਅਤੇ ਡਾ. ਵਿਕਾਸ ਗੁਪਤਾ ਨੇ ਕ੍ਰਮਵਾਰ ਫਿਰਕੂ ਫਾਸ਼ੀਵਾਦ , ਜਾਤੀ ਵਾਦ, ਸੰਘੀ ਅਧਿਕਾਰਾਂ ਦੇ ਮੁੱਦੇ ਤੇ ਮੁੱਖ ਬੁਲਾਰੇ ਵਜੋਂ ਵਿਚਾਰ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਆਜ਼ਾਦੀ ਦੀ ਪੌਣੀ ਸਦੀ ਬੀਤ ਰਹੀ ਹੈ ਪਰ ਦਲਿਤਾਂ ਅਤੇ ਘੱਟਗਿਣਤੀਆਂ ਤੇ ਜਾਤੀ ਦਾਬਾ ਉਵੇਂ ਹੀ ਬਰਕਰਾਰ ਹੈ।ਅਗਲੇ ਸੈਸ਼ਨ 'ਚ ਕੁੱਲ ਹਿੰਦ ਸਿਖਿਆ ਅਧਿਕਾਰ ਮੰਚ ਦੀ ਜਨਰਲ ਕੌਂਸਲ 'ਚ ਆਉਂਦੇ ਤਿੰਨ ਸਾਲਾਂ ਲਈ ਦਰਪੇਸ਼ ਚੁਣੌਤੀਆਂ ਦੇ ਮੰਚ ਦੇ ਸਨਮੁੱਖ ਨਵੇ ਪੇਸ਼ ਕਾਰਜਾਂ ਦੀ ਨਿਸ਼ਾਨਦੇਹੀ ਕੀਤੀ ਗਈ ।ਨਵੇ ਕਾਰਜਾਂ ਦੇ ਮਤੇ 'ਤੇ ਦਰਜਨ ਦੇ ਕਰੀਬ ਨੁਮਾਇੰਦਿਆਂ ਨੇ ਵਿਚਾਰ ਰੱਖੇ। ਉਪਰੰਤ ਨਵੀ ਕੌਮੀ ਕਾਰਜਕਾਰਣੀ ਦੀ ਸਰਵਸੰਮਤੀ ਨਾਲ ਚੋਣ ਕੀਤੀ ਗਈ।

# ਰਾਜਪਾਲ ਨੇ ਮੋਬਾਇਲ ਸਾਇੰਸ ਵੈਨ ਤੇ ਨਵੀਂ ਬਣੀ ਸ਼ਿਸ਼ੂ ਵਾਟਿਕਾ ਦਾ ਕੀਤਾ ਉਦਘਾਟਨ

**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ, ਇਕਬਾਲ ਸਿੰਘ ਉੱਭੀ)**
ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਵਿੱਦਿਅਕ ਸੰਸਥਾਵਾਂ ਨੂੰ ਵਿਦਿਆਰਥੀਆਂ ਨੂੰ ਪੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਉੱਤਮ ਇਨਸਾਨ ਬਣਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਦੇਸ਼ ਦੇ ਭਵਿੱਖ ਦੇ ਨਿਰਮਾਣ ਲਈ ਵਿਦਿਆਰਥੀਆਂ ਨੂੰ ਸਿੱਖਿਆ ਦੇ ਨਾਲ-ਨਾਲ ਨੈਤਿਕ ਕਦਰਾਂ-ਕੀਮਤਾਂ ਦਾ ਧਾਰਨੀ ਬਣਾਉਣ 'ਤੇ ਖਾਸ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਦਾ ਉਦੇਸ਼ ਸਿਰਫ਼ ਗਿਆਨ ਹਾਸਲ ਕਰਨਾ ਨਹੀਂ, ਸਗੋਂ ਸੰਸਕਾਰ, ਸੰਵੇਦਨਸ਼ੀਲਤਾ ਅਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਦਾ ਵਿਕਾਸ ਕਰਨਾ ਵੀ ਹੈ।



ਕਟਾਰੀਆ ਇਥੇ ਗੁਰੂ ਗੋਬਿੰਦ ਸਿੰਘ ਐਵੇਨਿਊ ਸਥਿਤ ਵਿੱਦਿਆ ਧਾਮ ਵਿਖੇ ਮੋਬਾਇਲ ਸਾਇੰਸ ਵੈਨ, ਜਿਸ 'ਚ ਉਨ੍ਹਾਂ ਵੱਲੋਂ ਵਿਸ਼ੇਸ਼ ਸਹਿਯੋਗ ਕੀਤਾ ਗਿਆ ਹੈ ਅਤੇ ਨਵੀਂ ਬਣੀ ਸ਼ਿਸ਼ੂ ਵਾਟਿਕਾ 'ਸਰਵਹਿੱਤਕਾਰੀ ਕੇਸ਼ਵ ਵਿਦਿਆ ਨਿਕੇਤਨ' ਦਾ ਉਦਘਾਟਨ ਕਰਨ ਪਹੁੰਚੇ ਸਨ। ਉਨ੍ਹਾਂ ਨਾਲ ਉਨ੍ਹਾਂ ਦੀ ਧਰਮ ਪਤਨੀ ਅਨੀਤਾ ਕਟਾਰੀਆ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਤੋਂ ਇਲਾਵਾ ਵਿੱਦਿਆ ਭਾਰਤੀ ਪੰਜਾਬ ਅਤੇ ਸਰਵਹਿੱਤਕਾਰੀ ਸਿੱਖਿਆ ਸਮਿਤੀ ਦੇ ਅਹੁਦੇਦਾਰ ਅਤੇ ਹੋਰ ਸ਼ਖ਼ਸੀਅਤਾਂ ਵੀ ਮੌਜੂਦ ਸਨ।
ਪੰਜਾਬ ਦੇ ਰਾਜਪਾਲ ਸ੍ਰੀ ਕਟਾਰੀਆ ਨੇ ਕਿਹਾ ਕਿ ਵਿੱਦਿਅਕ ਸੰਸਥਾਵਾਂ ਸੂਬੇ ਦੀ ਨਸ਼ਿਆਂ ਖਿਲਾਫ਼ ਲੜਾਈ ਵਿੱਚ ਮਹੱਤਵਪੂਰਨ ਰੋਲ ਅਦਾ ਕਰ ਸਕਦੀਆਂ ਹਨ। ਉਨ੍ਹਾਂ ਰਾਜ ਨੂੰ ਨਸ਼ਾ ਮੁਕਤ ਤੇ ਰੰਗਲਾ ਪੰਜਾਬ ਬਣਾਉਣ ਲਈ ਸਿੱਖਿਆ ਸੰਸਥਾਵਾਂ ਨੂੰ ਅੱਗੇ ਆਉਣ ਅਤੇ ਇਸ ਲੜਾਈ ਵਿੱਚ ਮੋਹਰੀ ਭੂਮਿਕਾ ਅਦਾ ਕਰਨ ਦੀ ਅਪੀਲ ਕੀਤੀ।ਸਮਾਗਮ ਦੌਰਾਨ ਰਾਜਪਾਲ ਪੰਜਾਬ ਵੱਲੋਂ ਵੱਖ-ਵੱਖ ਸ਼ਖ਼ਸੀਅਤਾਂ ਦਾ ਸਨਮਾਨ ਵੀ ਕੀਤਾ ਗਿਆ।

## ਪਾਠਕ ਸੱਥ ਵੱਲੋਂ ਕਿਤਾਬ 'ਦਿਮਾਗੀ ਗੁਲਾਮੀ' 'ਤੇ ਕਰਵਾਈ ਚਰਚਾ



**ਬੰਗਾ (ਅਵਤਾਰ ਕਲੇਰ)**-ਅਦਾਰਾ ਪਾਠਕ ਸੱਥ ਨਵਾਂ ਸ਼ਹਿਰ ਵੱਲੋਂ ਬਾਰਾਂਦਰੀ ਬਾਗ ਨਵਾਂ ਸ਼ਹਿਰ ਵਿਖੇ ਪਦਮ ਵਿਭੂਸ਼ਨ,ਮਹਾਨ ਵਿਦਵਾਨ ਰਾਹੁਲ ਸੰਕਰਤਾਇਨ ਦੀ ਕਿਤਾਬ 'ਦਿਮਾਗੀ ਗੁਲਾਮੀ' ਤੇ ਵਿਚਾਰ ਚਰਚਾ ਕਰਵਾਈ ਗਈ। ਇਸ ਚਰਚਾ ਦਾ ਆਗਾਜ਼ ਕਰਦਿਆਂ ਲਖਵਿੰਦਰ ਰਾਹੋਂ ਨੇ ਕਿਹਾ ਕਿ ਬੇਸ਼ੱਕ ਇਹ ਕਿਤਾਬ ਅੱਜ ਤੋਂ 70 ਸਾਲ ਪਹਿਲਾਂ ਲਿਖੀ ਗਈ ਹੈ। ਪਰ ਅਜੋਕੇ ਸਮੇਂ ਵਿੱਚ ਵੀ ਇਨ੍ਹਾਂ ਵਿਚਾਰਾਂ ਦੀ ਓਨੀ ਹੀ ਮਹੱਤਤਾ ਹੈ। ਇਸ ਨੂੰ ਪੜ੍ਹ ਕੇ ਅਹਿਸਾਸ ਹੋ ਜਾਂਦਾ ਹੈ ਕਿ ਕਿਵੇਂ ਸਮਾਜ ਜਾਤ ਪਾਤ ਤੇ ਛੂਤੀਆਂ ਤੋਂ ਸਰੀਰ ਵੀ ਵਧੀਆ ਢੰਗ ਨਾਲ ਵਿਚਰ ਸਕਦਾ ਹੈ। ਸਰਪੰਚ ਨਿੰਦਰ ਮਾਈਦਿੱਤਾ ਵੱਲੋਂ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਪੰਡਿਤ ਰਾਹੁਲ ਸੰਕਰਤਾਇਨ ਨੂੰ 26 ਭਾਸ਼ਾਵਾਂ ਦਾ ਗਿਆਨ ਸੀ। ਜੋ ਕਿ ਆਪਣੇ ਆਪ ਵਿੱਚ ਬਹੁਤ ਵੱਡੀ ਗੱਲ ਹੈ। ਸਾਨੂੰ ਆਪਣਾ ਦੀਪਕ ਆਪ ਬਣਨ ਲਈ ਪ੍ਰੇਰਿਤ ਕਰਦੀ ਹੈ ਕਿਤਾਬ।

## ਮਾਨਵ ਵਿਕਾਸ ਸੰਸਥਾ ਵੱਲੋਂ ਖੇਤ ਦਿਵਸ ਆਯੋਜਿਤ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਮਾਨਵ ਵਿਕਾਸ ਸੰਸਥਾ ਦੇ ਚੱਲ ਰਹੇ ਪ੍ਰੋਜੈਕਟ ਦੇ ਤਹਿਤ ਪਿੰਡ ਕੰਦੋਲਾ ਕਲਾਂ ਵਿਖੇ ਕਿਸਾਨ ਗੁਰਬਖ਼ਸ਼ ਸਿੰਘ ਦੇ ਖੇਤ ਵਿੱਚ ਇੱਕ ਖ਼ੇਤ ਦਿਵਸ ਦਾ ਆਯੋਜਨ ਕੀਤਾ ਗਿਆ। ਇਸ ਮੌਕੇ 'ਤੇ ਖੇਤੀਬਾੜੀ ਸੁਪਰਵਾਈਜ਼ਰ ਬਲਕਰਨ ਸਿੰਘ ਅਤੇ ਕਿਸਾਨ ਮਿੱਤਰ ਸੁਲਤਾਨ ਸਿੰਘ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਇਸ ਪ੍ਰੋਗਰਾਮ ਦੌਰਾਨ ਖੇਤੀਬਾੜੀ ਸੁਪਰਵਾਈਜ਼ਰ ਬਲਕਰਨ ਸਿੰਘ ਵੱਲੋਂ ਕਿਸਾਨਾਂ ਨੂੰ ਝੋਨੇ ਦੇ ਵਿੱਚ ਲਗਾਏ ਗਏ ਪ੍ਰਦਰਸ਼ਨੀ ਪਲਾਂਟਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੇ ਕਿਸਾਨਾਂ ਨੂੰ ਪ੍ਰਦਰਸ਼ਨੀ ਪਲਾਂਟਾਂ ਵਿੱਚ ਆਏ ਖਰਚੇ ਅਤੇ ਉਨ੍ਹਾਂ ਦੇ ਤੁਲਨਾਤਮਕ ਨਤੀਜਿਆਂ ਬਾਰੇ ਵੀ ਜਾਣੂ ਕਰਵਾਇਆ।ਇਸ ਕੈਂਪ ਵਿੱਚ ਕਿਸਾਨ ਜਗਜੀਤ ਸਿੰਘ, ਗੁਰਮੀਤ ਸਿੰਘ, ਅਮਰਜੀਤ ਸਿੰਘ ਅਤੇ ਹੋਰ ਕਿਸਾਨ ਹਾਜ਼ਰ ਸਨ।

# ਵਿਧਾਇਕ ਰਾਜਾ ਨੇ 92.68 ਲੱਖ ਰੁਪਏ ਦੀ ਬਣਨ ਵਾਲੀ ਸੜਕ ਦਾ ਰੱਖਿਆ ਨੀਂਹ ਪੱਥਰ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ)**
ਸੂਬਾ ਸਰਕਾਰ ਵੱਲੋਂ ਪਿੰਡਾਂ ਦੇ ਲੋਕਾਂ ਨੂੰ ਸਹੂਲਤਾਂ ਪ੍ਰਦਾਨ ਕਰਨ ਦੇ ਮੰਤਵ ਨਾਲ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਪਿੰਡ ਦਾਰਾਪੁਰ ਵਿੱਚ ਟਾਂਡਾ ਢੋਲਬਾਹਾ ਸੜਕ ਤੋਂ ਦਾਰਾਪੁਰ ਵਾਇਆ ਸਕਰਾਲਾ ਵਾਲੀ ਸੜਕ ਦਾ ਨੀਂਹ ਪੱਥਰ ਰੱਖਣ ਸਮੇਂ ਕੀਤਾ । ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਦੱਸਿਆ ਕਿ ਕਰੀਬ 92.68 ਲੱਖ ਲਾਗਤ ਨਾਲ 4.5 ਕਿਲੋਮੀਟਰ ਸੜਕ ਦਾ ਕਾਰਜ ਬਹੁਤ ਜਲਦ ਹੀ ਨੇਪਰੇ ਚਾੜ ਲਿਆ ਜਾਵੇਗਾ। ਇਸ ਮੌਕੇ ਵਿਧਾਇਕ ਰਾਜਾ ਨੇ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਜੋ ਵਿਕਾਸ ਆਮ ਆਦਮੀ ਪਾਰਟੀ ਨੇ 5 ਸਾਲਾਂ ਦੇ ਵਿੱਚ ਕੀਤਾ ਹੈ ਉਹ ਹੁਣ ਤੱਕ ਰਾਜ ਕਰ ਚੁੱਕੀਆਂ ਵੱਖ ਵਖ ਪਾਰਟੀਆਂ ਨਹੀਂ ਕਰ ਸਕੀਆਂ। ਇਸੇ ਕਾਰਨ ਹੀ ਅੱਜ ਪੰਜਾਬ ਦੇ ਲੋਕ ਮੌਜੂਦਾ ਸਰਕਾਰ ਦੇ ਕਾਰਜਕਾਲ ਅਤੇ ਵਿਕਾਸ ਕਾਰਜਾਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ। ਇਸ ਮੌਕੇ ਪਿੰਡ ਵਾਸੀਆਂ ਨੇ ਵਿਧਾਇਕ ਜਸਵੀਰ ਸਿੰਘ ਰਾਜਾ ਦਾ ਧੰਨਵਾਦ ਕਰਨ ਦੇ ਨਾਲ ਨਾਲ ਉਹਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ। ਇਸ ਮੌਕੇ ਸਰਪੰਚ ਸੰਗਠਨ ਇੰਚਾਰਜ ਕੇਸ਼ਵ ਸਿੰਘ ਸੈਣੀ, ਜਸਵਿੰਦਰ ਪਾਲ ਸਿੰਘ, ਐਸ.ਡੀ.ਓ ਬਲਦੇਵ ਰਾਜ, ਸਰਪੰਚ ਸੁਖਵਿੰਦਰਜੀਤ ਸਿੰਘ ਝਾਵਰ, ਪੰਚ ਸੁਖਬੀਰ ਸਿੰਘ ਕਲਕਟ , ਜਸਵੀਰ ਸਿੰਘ ਕਾਲਕਟ, ਪੰਚ ਹਰਦੀਪ ਸਿੰਘ, ਪੰਚ ਪ੍ਰਦੀਪ ਸਿੰਘ, ਪੰਚ ਸੁਖਬੀਰ ਕੌਰ,ਅਮਨਪ੍ਰੀਤ ਸਿੰਘ ਢਿੱਲੋ ਆਦਿ ਵੀ ਹਾਜ਼ਰ ਸਨ।

## ਜੰਗਲੀ ਜੀਵ ਸੁਰੱਖਿਆ ਹ਼ਫਤਾ ਮਨਾਇਆ

**ਬਲਾਚੌਰ (ਜਸਵਿੰਦਰ ਬੈਂਸ)**-ਸ਼ਹੀਦ ਭਗਤ ਸਿੰਘ ਨਗਰ ਦੀ ਸਬ ਡਿਵੀਜ਼ਨ ਬਲਾਚੌਰ (ਮਹਿੰਦੀਪੁਰ) ਵਿਖੇ ਸਕੂਲ ਆਫ਼ ਐਮੀਨਸ ਵਿੱਚ ਪਰਮਜੀਤ ਸਿੰਘ ਡੀ ਐਫ ਓ ਜੰਗਲੀ ਜੀਵ ਮੰਡਲ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਜੰਗਲੀ ਜੀਵ ਰੇਂਜ ਦੇ ਬਲਾਕ ਅਫਸਰ ਕੁਲਦੀਪ ਚੰਦ ਦੀ ਅਗਵਾਈ ਹੇਠ ਵੱਖ-ਵੱਖ ਸਕੂਲਾਂ ਵਿੱਚ ਜੰਗਲੀ ਜੀਵ ਹਫਤਾ ਮਨਾਇਆ ਗਿਆ। ਕੁਲਦੀਪ ਚੰਦ ਨੇ ਦੱਸਿਆ ਕਿ ਇਹ ਹਫਤਾ ਹਰ ਸਾਲ 2 ਅਕਤੂਬਰ ਤੋਂ 8 ਅਕਤੂਬਰ ਤੱਕ ਮਨਾਇਆ ਜਾਂਦਾ ਜਿਸ ਵਿੱਚ ਲੋਕਾਂ ਨੂੰ ਜੰਗਲੀ ਜਾਨਵਰਾਂ ਤੇ ਪੰਛੀਆਂ ਪ੍ਰਤੀ ਹਮਦਰਦੀ ਰੱਖਣ ਲਈ ਜਾਗਰੂਕ ਕੀਤਾ ਜਾਂਦਾ ਹੈ। ਇਸ ਲੜੀ ਤਹਿਤ ਸਰਕਾਰੀ ਸਕੂਲ ਮਹਿੰਦੀਪੁਰ ਬਲਾਚੌਰ ਅਤੇ ਸਕੂਲ ਆਫ ਐਮੀਨੈਂਸ ਮਹਿੰਦੀਪੁਰ ਬਲਾਚੌਰ ਵਿਖੇ ਜਾਗਰੂਕਤਾ ਕੈਂਪ ਲਗਾਇਆ ਗਿਆ।ਵਿਭਾਗ ਵੱਲੋਂ ਜੰਗਲੀ ਜੀਵਾਂ ਦੀ ਸੁਰੱਖਿਆ, ਇਨ੍ਹਾਂ ਦੀ ਸਾਂਭ ਸੰਭਾਲ ਅਤੇ ਮਨੁੱਖੀ ਜੀਵਨ ਵਿੱਚ ਇਨ੍ਹਾਂ ਦਾ ਜੋ ਆਪਸੀ ਤਾਲ ਮੇਲ ਹੁੰਦਾ ਹੈ ਉਸ ਸਬੰਧੀ ਵਿਸਥਾਰ ਪੂਰਵਕ ਦੱਸਿਆ ਗਿਆ। ਇਸ ਮੌਕੇ ਪ੍ਰਿੰਸੀਪਲ ਤਰਲੋਚਨ ਸਿੰਘ, ਨਗੇਸ ਕੁਮਾਰ, ਜਗਮੋਹਨ ਸਿੰਘ ਪ੍ਰਿੰਸੀਪਲ, ਲੈਕਚਰਾਰ ਫਕੀਰ ਚੰਦ, ਰੈਸਕਿਊ ਟੀਮ ਮੈਂਬਰ ਗੁਰਦੀਪ ਸਿੰਘ, ਮਦਨ ਲਾਲ, ਦਿਲਾਵਰ ਸਿੰਘ ਆਦਿ ਹਾਜ਼ਰ ਸਨ।




## ਲਾਇਲਪੁਰ ਖਾਲਸਾ ਕਾਲਜ ਵੱਲੋਂ ਇੱਕ ਰੋਜ਼ਾ ਖ਼ੂਨਦਾਨ ਕੈਂਪ

**ਜਲੰਧਰ (ਸ਼ੈਲੀ ਐਲਬਰਟ)**
ਲਾਇਲਪੁਰ ਖਾਲਸਾ ਕਾਲਜ ਦੇ ਐਨ.ਐਸ.ਐਸ. ਯੂਨਿਟ ਅਤੇ ਰੈੱਡ ਰਿਬਨ ਕਲੱਬ ਨੇ ਰੈੱਡ ਕਰਾਸ ਜਲੰਧਰ ਦੇ ਸਹਿਯੋਗ ਨਾਲ ਕਾਲਜ ਕੈਂਪਸ ਵਿੱਚ ਇੱਕ ਰੋਜ਼ਾ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ। ਸਹਾਇਕ ਕਮਿਸ਼ਨਰ (ਜਨਰਲ) ਰੋਹਿਤ ਜਿੰਦਲ ਇਸ ਕੈਂਪ ਦੇ ਮੁੱਖ ਮਹਿਮਾਨ ਸਨ। ਸਹਾਇਕ ਕਮਿਸ਼ਨਰ (ਜ) ਜਿੰਦਲ, ਕਾਲਜ ਦੇ ਪ੍ਰਿੰਸੀਪਲ ਡਾ. ਸੁਮਨ ਚੋਪੜਾ ਅਤੇ ਰੈਡ ਕਰਾਸ ਜਲੰਧਰ ਵਲੋਂ ਸੁਰਜੀਤ ਲਾਲ ਨੇ ਕੈਂਪ ਦਾ ਉਦਘਾਟਨ ਕੀਤਾ। ਜਿੰਦਲ ਨੇ ਕਾਲਜ ਦੇ ਇਸ ਨੇਕ ਕਾਰਜ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਖ਼ੂਨਦਾਨ ਕਰਨ ਲਈ ਅੱਗੇ ਆਉਣ ਲਈ ਉਤਸ਼ਾਹਿਤ ਕੀਤਾ। ਪ੍ਰਿੰਸੀਪਲ ਡਾ. ਚੋਪੜਾ ਨੇ ਕਿਹਾ ਕਿ ਅਸਲ ਲੋੜ ਦੇ ਅਨੁਪਾਤ ਵਿਚ ਖ਼ੂਨਦਾਨ ਘੱਟ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਇੱਕ ਦਹਾਕੇ ਦੌਰਾਨ ਸੜਕ ਹਾਦਸਿਆਂ ਕਾਰਨ, ਥੈਲੇਸੀਮੀਆ ਅਤੇ ਹੋਰ ਡਾਕਟਰੀ ਸਥਿਤੀਆਂ ਵਾਲੇ ਮਰੀਜ਼ਾਂ ਲਈ ਖ਼ੂਨ ਦੀ ਲੋੜ ਵਧੀ ਹੈ। ਐਨ.ਐਸ.ਐਸ. ਦੇ ਮੁੱਖ ਪ੍ਰੋਗਰਾਮ ਅਫ਼ਸਰ ਪ੍ਰੋ. ਸਤਪਾਲ ਸਿੰਘ ਨੇ ਕਿਹਾ ਕਿ ਐਨ.ਐਸ.ਐਸ. ਵਲੰਟੀਅਰਾਂ ਨੇ ਵਿਦਿਆਰਥੀਆਂ ਨੂੰ ਖ਼ੂਨਦਾਨ ਕਰਨ ਲਈ ਪ੍ਰੇਰਿਤ ਕਰਨ ਲਈ ਤਖ਼ਤੀਆਂ ਫੜ ਕੇ ਪ੍ਰਚਾਰ ਕੀਤਾ। ਉਨ੍ਹਾਂ ਦੱਸਿਆ ਕਿ ਲਗਭਗ 38 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ ਸੀ। ਇਸ ਕੈਂਪ ਦੌਰਾਨ ਪ੍ਰੋ. ਮਨੀਸ਼ ਗੋਇਲ, ਪ੍ਰੋ. ਸਰਬਜੀਤ ਕੌਰ ਅਤੇ ਪ੍ਰੋ. ਐਨੀ ਗੋਇਲ ਨੇ ਖ਼ੂਨਦਾਨ ਕੀਤਾ। ਇਸ ਪ੍ਰੋਗਰਾਮ ਦਾ ਕੁਸ਼ਲ ਪ੍ਰਬੰਧ ਪ੍ਰੋ. ਗਗਨਦੀਪ ਕੌਰ, ਪ੍ਰੋ. ਉਪਮਾ, ਪ੍ਰੋ. ਸੁਰਬਜੀਤ ਸਿੰਘ, ਰੈੱਡ ਕਰਾਸ ਸਟਾਫ਼ ਮੈਂਬਰ ਅਤੇ ਐਨ.ਐਸ.ਐਸ. ਵਲੰਟੀਅਰਾਂ ਨੇ ਕੀਤਾ।



## 'ਅਰਲੀ ਚਾਈਲਡਹੁੱਡ ਐਜੂਕੇਸ਼ਨ ਡੇ' ਮਨਾਇਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੰਜਾਬ ਸਰਕਾਰ ਦੀ ਪਹਿਲਕਦਮੀ ਵਜੋਂ ਹਰੇਕ ਮਹੀਨੇ ਦੇ ਦੂਜੇ ਸ਼ੁੱਕਰਵਾਰ ਨੂੰ ਰਾਜ ਭਰ ਵਿਚ 'ਈ.ਸੀ.ਈ ਡੇ' (ਅਰਲੀ ਚਾਈਲਡਹੁੱਡ ਐਜੂਕੇਸ਼ਨ ਡੇ) ਵਜੋਂ ਮਨਾਇਆ ਜਾਂਦਾ ਹੈ। ਇਸ ਸਬੰਧ ਵਿਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਵੱਖ-ਵੱਖ ਆਂਗਨਵਾੜੀ ਕੇਂਦਰਾਂ ਵਿਚ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤੇ ਗਏ। ਇਸ ਦਿਨ ਦਾ ਮੁੱਖ ਉਦੇਸ਼ 0 ਤੋਂ 6 ਸਾਲ ਦੀ ਉਮਰ ਦੇ ਬੱਚਿਆਂ ਦੀ ਸਿੱਖਿਆ ਅਤੇ ਸਮੁੱਚੇ ਵਿਕਾਸ ਵਿੱਚ ਮਾਪਿਆਂ ਦੀ ਸਰਗਰਮ ਹਿੱਸੇਦਾਰੀ ਨੂੰ ਯਕੀਨੀ ਬਣਾਉਣਾ ਹੈ।ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗਗਨਦੀਪ ਸਿੰਘ ਦੀ ਅਗਵਾਈ ਹੇਠ ਵਿਭਾਗ ਦੇ ਅਧਿਕਾਰੀ, ਆਂਗਨਵਾੜੀ ਵਰਕਰ, ਅਧਿਆਪਕ ਅਤੇ ਮਾਪੇ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ। ਪ੍ਰੋਗਰਾਮ ਦੌਰਾਨ ਜ਼ਿਲ੍ਹਾ ਡਾਕੂਮੈਂਟ ਅਸਿਸਟੈਂਟ ਅਧਿਕਾਰੀ ਗੁਰਹਰਮਨਪ੍ਰੀਤ ਕੌਰ ਅਤੇ ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਸੁਖਚੈਨ ਸਿੰਘ ਨੇ ਹੁਸ਼ਿਆਰਪੁਰ ਦੇ ਸੁੰਦਰ ਨਗਰ ਅਤੇ ਪ੍ਰੇਮਗੜ੍ਹ ਸਥਿਤ ਆਂਗਨਵਾੜੀ ਕੇਂਦਰਾਂ ਦਾ ਦੌਰਾ ਕੀਤਾ।



# ਵਿਧਾਇਕ ਵੱਲੋਂ 5.79 ਕਰੋੜ ਰੁਪਏ ਦੇ ਚੱਲ ਰਹੇ ਸੜਕ ਨਿਰਮਾਣ ਕਾਰਜਾਂ ਦਾ ਨਿਰੀਖਣ



**ਲਾਲੜੂ (ਵਿਨੈ ਕੁਮਾਰ ਜੈਨ)**-ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਡੇਰਾਬੱਸੀ ਹਲਕੇ ਵਿੱਚ ਲਿੰਕ ਸੜ੍ਹਕਾਂ ਦੇ ਨਵੀਨੀਕਰਨ ਪ੍ਰੋਜੈਕਟ ਅਧੀਨ ਚੱਲ ਰਹੇ ਸੜਕ ਨਿਰਮਾਣ ਕਾਰਜਾਂ ਦਾ ਵਿਸਥਾਰਤ ਨਿਰੀਖਣ ਕੀਤਾ ਤੇ ਅੱਗੇ ਹੋਣ ਵਾਲੇ ਲੁੱਕ ਪਾਉਣ ਦੇ ਕੰਮ ਦਾ ਉਦਘਾਟਨ ਕੀਤਾ ।ਇਨ੍ਹਾਂ ਚੱਲ ਰਹੇ ਕੰਮਾਂ ਦੀ ਕੁੱਲ ਲਾਗਤ 5 ਕਰੋੜ 79 ਲੱਖ 48 ਹਜ਼ਾਰ ਰੁਪਏ ਹੈ, ਜਿਸ ਵਿੱਚ ਕੁੱਲ 25.48 ਕਿਲੋਮੀਟਰ ਲੰਬਾਈ ਵਾਲੀਆਂ 11 ਸੜਕਾਂ ਸ਼ਾਮਲ ਹਨ।ਨਿਰੀਖਣ ਦੌਰਾਨ, ਵਿਧਾਇਕ ਨੇ ਸਬੰਧਤ ਅਧਿਕਾਰੀਆਂ ਅਤੇ ਠੇਕੇਦਾਰਾਂ ਨੂੰ ਕੰਮ ਦੀ ਗੁਣਵੱਤਾ ਨਾਲ ਸਮਝੌਤਾ ਨਾ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਕਿ ਨਿਰਮਾਣ ਕਾਰਜ, ਵਰਕ ਆਰਡਰ ਵਿੱਚ ਨਿਰਧਾਰਤ ਤਕਨੀਕੀ ਵਿਸ਼ੇਸ਼ਤਾਵਾਂ ਅਨੁਸਾਰ ਕੀਤਾ ਜਾਵੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਨ੍ਹਾਂ ਕੰਮਾਂ ਦੀ ਨਿਯਮਤ ਤੌਰ 'ਤੇ ਨਿਗਰਾਨੀ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਕੀਤੀ ਜਾ ਰਹੀ ਹੈ, ਜਿਨ੍ਹਾਂ ਨੇ ਸਾਰੇ ਵਿਧਾਇਕਾਂ ਨੂੰ ਚੱਲ ਰਹੇ ਜਨਤਕ ਕੰਮਾਂ ਵਿੱਚ ਗੁਣਵੱਤਾ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ।

# ਹੜ੍ਹ ਪੀੜਤ ਇਲਾਕਿਆਂ 'ਚ ਕੈਂਪ ਲਈ ਸੰਸਥਾ ਦੀ ਟੀਮ ਹੋਈ ਰਵਾਨਾ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**
ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਜੀ ਅਜਨੋਹਾ ਦਾ ਜੱਦੀ ਪਿੰਡ ਅਜਨੋਹਾ ਇਹਨਾਂ ਮਹਾਂਪੁਰਖਾਂ ਦੇ ਇਲਾਕੇ ਵਿੱਚ ਸਿਰਮੌਰ ਸੰਸਥਾ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ। ਇਲਾਕਾ ਨਿਵਾਸੀ ਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਏ ਮਹਾਰਾਜ ਜੀ ਵੱਲੋਂ ਵਰਸਾਏ ਬਾਬਾ ਯੱਖ ਜੀ ਦੇ ਜੱਦੀ ਪਿੰਡ ਨੂਰੜ ਵਿਖੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਚਲਾਈ ਜਾ ਰਹੀ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸੰਸਥਾ ਮੁੱਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦੱਸਿਆ ਕਿ ਗੁਰੂ ਨਾਨਕ ਡਿਸਪੈਂਸਰੀ ਅਤੇ ਲੈਬੋਰਟਰੀ ਪਿੰਡ ਨੂਰੜ ਦੇ ਸਹਿਯੋਗ ਨਾਲ 'ਗਰੀਬ ਦਾ ਮੂੰਹ,ਗੁਰੂ ਦੀ ਗੋਲਕ' ਸੰਸਥਾ ਅਜਨੋਹਾ ਵਲੋਂ ਐੱਨ ਆਰ ਆਈ ਵੀਰਾਂ ਦੀ ਮਦਦ ਨਾਲ ਡੇਰੇ ਬਾਬਾ ਨਾਨਕ ਹੜ੍ਹ ਪੀੜਤ ਇਲਾਕਿਆਂ ਵਿੱਚ ਮੁਫ਼ਤ ਮੈਡੀਕਲ ਕੈਂਪ ਲਗਾਉਣ ਲਈ ਸੰਸਥਾ ਦੀ ਟੀਮ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਪਿੰਡ ਨੂਰੜ ਤੋਂ ਗੁਰੂ ਸਾਹਿਬ ਜੀ ਦਾ ਓਟ ਆਸਰਾ ਅਰਦਾਸ ਕਰਕੇ ਰਵਾਨਾ ਹੋਈ। ਇਸ ਮੌਕੇ ਹਾਜ਼ਰ ਸੰਸਥਾ ਮੁੱਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਡਾ. ਤਰਸੇਮ ਸਿੰਘ, ਡਾ. ਸਤਨਾਮ ਸਿੰਘ ਖਾਲਸਾ, ਲੈਬ ਟੈਕਨੀਸ਼ੀਅਨ ਗੁਰਪ੍ਰੀਤ ਸਿੰਘ ਖਾਲਸਾ, ਸੁਰਿੰਦਰ ਪਾਲ ਸਿੰਘ, ਉਂਕਾਰ ਸਿੰਘ ਨੂਰੜ, ਸੁਮੀਤ ਪਾਲ ਸਿੰਘ ਅਜਨੋਹਾ, ਪੰਚ ਸਤਨਾਮ ਸਿੰਘ ਅਜਨੋਹਾ, ਮਨਪ੍ਰੀਤ ਸਿੰਘ ਅਜਨੋਹਾ ਆਦਿ ਹਾਜ਼ਰ ਸਨ।




## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਇਕੱਤਰਤਾ



**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**-ਪ੍ਰੋਫੈਸਰ ਆਪਿੰਦਰ ਸਿੰਘ ਮਾਹਿਲਪੁਰੀ ਦੇ ਗ੍ਰਹਿ ਵਿਖੇ ਬਲਜੀਤ ਸਿੰਘ ਚੇਅਰਮੈਨ ਤੇ ਗੁਰਚਰਨ ਸਿੰਘ ਅੰਮ੍ਰਿਤਸਰ ਸਕੱਤਰ ਜਨਰਲ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਪ੍ਰਧਾਨਗੀ ਹੇਠ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਹੁਸ਼ਿਆਰਪੁਰ ਜੋਨ ਦੇ ਮਾਹਿਲਪੁਰ ਖੇਤਰ ਦੀ ਇਕੱਤਰਤਾ ਹੋਈ। ਜਿਸ ਵਿੱਚ 8 - 9 ਨਵੰਬਰ ਨੂੰ ਹੋ ਰਹੇ ਕੇਂਦਰੀ ਦਫ਼ਤਰ ਲੁਧਿਆਣਾ ਵਿਖੇ ਸਾਲਾਨਾ ਸਮਾਗਮ ਬਾਰੇ, ਜਥੇਬੰਦੀ ਦੀ ਪ੍ਰਫੁੱਲਤਾ ਅਤੇ ਪੰਥਕ ਸੇਵਾਵਾਂ ਨੂੰ ਚੜ੍ਹਦੀ ਕਲਾ ਨਾਲ ਕਰਨ ਲਈ ਵਿਸਥਾਰ ਵਿੱਚ ਵਿਚਾਰਾਂ ਕੀਤੀਆਂ ਗਈਆਂ। ਸੇਵਾਦਾਰਾਂ ਵੱਲੋਂ ਸਲਾਨਾ ਸਮਾਗਮ ਵਿੱਚ ਭਰਪੂਰ ਸ਼ਮੂਲੀਅਤ ਕਰਨ, ਜੋਨਲ ਪੱਧਰ ਦਾ ਕੈਂਪ ਆਯੋਜਤ ਕਰਨ ਤੇ ਹੋਰ ਵੱਖ-ਵੱਖ ਸੇਵਾਵਾਂ ਕਾਰਜ ਯੋਜਨਾ ਅਨੁਸਾਰ ਕਰਨ ਦੀ ਵਿਉਂਤਬੰਦੀ ਉਲੀਕੀ ਗਈ । ਇਸ ਇਕੱਤਰਤਾ ਦੀ ਵਿਸ਼ੇਸ਼ਤਾ ਇਹ ਸੀ ਕਿ ਇਸ ਵਿੱਚ ਜਥੇਬੰਦੀ ਦੀਆਂ ਤਿੰਨ ਪੀੜ੍ਹੀਆਂ ਨੇ ਸ਼ਮੂਲੀਅਤ ਕੀਤੀ ।ਇਸ ਇਕੱਤਰਤਾ ਵਿੱਚ ਹਰਬੰਸ ਸਿੰਘ ਸਰਹਾਲਾ, ਜਗਦੀਪ ਸਿੰਘ, ਸੁਰਿੰਦਰ ਕੌਰ, ਮਾਸਟਰ ਜਗਜੀਤ ਸਿੰਘ ਜੋਨਲ ਸਕੱਤਰ, ਪ੍ਰਿੰਸੀਪਲ ਰੁਪਿੰਦਰਜੋਤ ਸਿੰਘ , ਸਰਬਜੀਤ ਸਿੰਘ ਆਦਿ ਹਾਜ਼ਰ ਸਨ। ਅਖੀਰ 'ਚ ਮਾਸਟਰ ਜਗਜੀਤ ਸਿੰਘ ਗਣੇਸ਼ਪੁਰ ਜੋਨਲ ਸਕੱਤਰ ਦੀ ਪਲੇਠੀ ਪੁਸਤਕ 'ਚਿੰਤਨ ਤੋਂ ਚਾਨਣ' ਬਲਜੀਤ ਸਿੰਘ ਅਤੇ ਸ੍ਰ. ਗੁਰਚਰਨ ਸਿੰਘ ਨੂੰ ਭੇਟ ਕੀਤੀ ਗਈ।

## 'ਆਪ' ਵੱਲੋਂ ਹਲਕਾ ਕੁਆਰਡੀਨੇਟਰ ਤੇ ਵਾਇਸ ਕੁਆਰਡੀਨੇਟਰ ਨਿਯੁਕਤ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਆਮ ਆਦਮੀ ਪਾਰਟੀ ਵਲੋਂ ਸਾਰੇ ਪੰਜਾਬ ਅੰਦਰ ਮੀਡੀਆ ਵਿੰਗ ਨੂੰ ਹੋਰ ਮਜ਼ਬੂਤ ਕਰਨ ਲਈ ਮਹੱਤਵ ਪੂਰਨ ਕਦਮ ਚੁੱਕਿਆ ਹੈ ਪਾਰਟੀ ਵਲੋਂ ਹਲਕਾ ਕੁਆਰਡੀਨੇਟਰ ਅਤੇ ਵਾਇਸ ਕੁਆਰਡੀਨੇਟਰ ਦੀ ਨਿਯੁਕਤੀ ਕੀਤੀ ਹੈ। ਇਸ ਮੌਕੇ ਜ਼ਿਲ੍ਹਾ ਜਲੰਧਰ ਦੇ ਮੀਡੀਆ ਇੰਚਾਰਜ ਮੇਲਾ ਸਿੰਘ ਰੁੜਕਾ ਅਤੇ ਸਕੱਤਰ ਪ੍ਰਿਤਪਾਲ ਸਿੰਘ ਟਿਵਾਣਾ ਨੇ ਨਵੇਂ ਅਹੁਦੇਦਾਰਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਪਾਰਟੀ ਦੀ ਆਵਾਜ ਨੂੰ ਜਨਤਾ ਤੱਕ ਪਹੁਚਾਣ ਦਾ ਇਹ ਮਹੱਤਵਪੂਰਨ ਹਥਿਆਰ ਹੈ। ਨਿਯੁਕਤ ਕੀਤੇ ਗਏ ਹਲਕਾ ਫਿਲੌਰ ਤੋਂ ਕੁਰਡੀਨੇਟਰ ਮਨਦੀਪ ਸਿੰਘ ਸ਼ਾਹਪੁਰ ਵਾਇਸ ਗੌਰਵ ਬਾਵਾ, ਹਲਕਾ ਨਕੋਦਰ ਤੋਂ ਕੁਆਰਡੀਨੇਟਰ ਗੁਰਪ੍ਰੀਤ ਸਿੰਘ ਵਾਇਸ ਵੇਦ ਪ੍ਰਕਾਸ਼ ਸਿਧੱਮ, ਹਲਕਾ ਸ਼ਾਹਕੋਟ ਤੋਂ ਇੰਚਾਰਜ ਰਾਜ ਕੁਮਾਰ ਵਾਇਸ ਪਰਮਵੀਰ ਸਿੰਘ ਹਲਕਾ ਆਦਮਪੁਰ ਤੋਂ ਕੁਆਰਡੀਨੇਟਰ ਅਮਨਦੀਪ ਹਨੀ ਵਾਇਸ ਅਮਰਜੀਤ ਜੰਡੀਰ ਹਲਕਾ ਕਰਤਾਰਪੁਰ ਤੋਂ ਲੱਕੀ ਅਟਵਾਲ ਕੁਆਰਡੀਨੇਟਰ ਅਤੇ ਵਾਇਸ ਕੁਆਰਡੀਨੇਟਰ ਦਵਿੰਦਰਪਾਲ ਵਰਨਣਯੋਗ ਹਨ।

## ਦਲਿਤ ਆਈ ਪੀ ਐਸ ਅਧਿਕਾਰੀ ਦੀ ਆਤਮਹੱਤਿਆ ਸਮਾਜ ਲਈ ਚਿੰਤਾ ਦਾ ਵਿਸ਼ਾ : ਡਾ. ਰਵਜੋਤ ਸਿੰਘ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਦੇਸ਼ ਦੀ ਮੌਜੂਦਾ ਸਥਿਤੀ ਬਹੁਤ ਚਿੰਤਾਜਨਕ ਹੈ, ਕਿਉਂਕਿ ਭਾਜਪਾ ਸ਼ਾਸਿਤ ਕੇਂਦਰ ਅਤੇ ਰਾਜ ਸਰਕਾਰਾਂ ਦਲਿਤ ਅਧਿਕਾਰੀਆਂ ਪ੍ਰਤੀ ਪੱਖਪਾਤੀ ਰਵੱਈਆ ਅਪਣਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ ਸਥਿਤੀ ਨਾ ਸਿਰਫ਼ ਲੋਕਤੰਤਰ ਲਈ ਖ਼ਤਰਾ ਹੈ, ਸਗੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੁਆਰਾ ਲਿਖੇ ਸੰਵਿਧਾਨ ਦੀ ਭਾਵਨਾ 'ਤੇ ਵੀ ਹਮਲਾ ਹੈ। ਡਾ. ਰਵਜੋਤ ਸਿੰਘ ਆਪਣੇ ਦਫ਼ਤਰ ਵਿਖੇ ਆਯੋਜਿਤ ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਭਾਰਤ ਦੇ ਮਾਨਯੋਗ ਚੀਫ਼ ਜਸਟਿਸ, ਜਸਟਿਸ ਭੂਸ਼ਣ ਰਾਮਕ੍ਰਿਸ਼ਨ ਗਵਈ ਦੇ ਅਪਮਾਨ ਦੀ ਸਖ਼ਤ ਨਿੰਦਾ ਕਰਦੇ ਹੋਏ ਇਸ ਨੂੰ ਦੇਸ਼ ਦੀ ਸੁਪਰੀਮ ਕੋਰਟ, ਸੰਵਿਧਾਨ ਅਤੇ ਦਲਿਤ ਭਾਈਚਾਰੇ 'ਤੇ ਸਿੱਧਾ ਹਮਲਾ ਕਰਾਰ ਦਿੱਤਾ।ਕੈਬਨਿਟ ਮੰਤਰੀ ਨੇ ਐਲਾਨ ਕੀਤਾ ਕਿ 'ਆਪ' ਇਸ ਮੁੱਦੇ 'ਤੇ ਕਾਨੂੰਨੀ ਅਤੇ ਸਮਾਜਿਕ ਪੱਧਰ 'ਤੇ ਇੱਕ ਵਿਆਪਕ ਰਣਨੀਤੀ ਤਿਆਰ ਕਰ ਰਹੀ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲੇ। ਉਨ੍ਹਾਂ ਕਿਹਾ ਕਿ ਹਰਿਆਣਾ ਵਿਚ ਇਸੇ ਤਰ੍ਹਾਂ ਦੀ ਇਕ ਹੋਰ ਦੁਖਦਾਈ ਘਟਨਾ ਸਾਹਮਣੇ ਆਈ ਹੈ, ਜਿਥੇ ਇਕ ਸੀਨੀਅਰ ਆਈ.ਪੀ.ਐਸ ਅਧਿਕਾਰੀ ਨੇ ਖ਼ੁਦਕੁਸ਼ੀ ਕਰ ਲਈ। ਜਾਂਚ ਵਿਚ ਸਾਹਮਣੇ ਆਇਆ ਕਿ ਸੁਸਾਈਡ ਨੋਟ ਤੋਂ ਸਪਸ਼ਟ ਹੋਇਆ ਹੈ ਕਿ ਅਧਿਕਾਰੀ ਨੂੰ ਉਸ ਦੀ ਜਾਤੀ ਦੇ ਆਧਾਰ 'ਤੇ ਤਰੱਕੀ, ਏ.ਸੀ.ਆਰ ਅਤੇ ਪੋਸਟਿੰਗ ਵਿਚ ਲਗਾਤਾਰ ਵਿਤਕਰੇ ਦਾ ਸਾਹਮਣਾ ਕਰਨਾ ਪਿਆ।



## ਬਾਡੀਬਿਲਡਰਾਂ ਨੂੰ ਦਿਲ ਦੇ ਦੌਰੇ ਦਾ ਪੰਜ ਗੁਣਾ ਵੱਧ ਖ਼ਤਰਾ ਹੁੰਦਾ : ਬੇਦੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਇਹ ਇੱਕ ਸੱਚਾਈ ਹੈ ਕਿ ਮਰਦ ਬਾਡੀਬਿਲਡਰ ਖਿਡਾਰੀਆਂ ਨੂੰ ਹਾਰਟ ਅਟੈਕ ਦਾ ਪੰਜ ਗੁਣਾ ਵੱਧ ਖ਼ਤਰਾ ਹੁੰਦਾ ਹੈ। ਇਹ ਕਈ ਕਾਰਕਾਂ ਦੇ ਕਾਰਨ ਹੁੰਦਾ ਹੈ। ਚੇਅਰਮੈਨ ਕਾਰਡਿਓ ਥੋਰੈਸਿਕ ਅਤੇ ਵੈਸਕੁਲਰ ਸਰਜਰੀ, ਪਾਰਕ ਹਸਪਤਾਲ, ਡਾ. ਐਚਐੱਸ ਬੇਦੀ, ਨੇ ਕਿਹਾ ਕਿ ਅਜਿਹੇ ਖਿਡਾਰੀ ਦਿਲ ਦੀ ਬੀਮਾਰੀ ਕਾਰਡੀਓਮਾਇਓਪੈਥੀ ਦਾ ਸ਼ਿਕਾਰ ਹੋ ਸਕਦੇ ਹਨ, ਜੋ ਅਚਾਨਕ ਮੌਤ ਦਾ ਕਾਰਨ ਬਣ ਸਕਦੀ ਹੈ ।ਇੱਕ ਆਸਾਨ ਟੈਸਟ ਕਾਰਡਿਯਾਕ ਈਕੋ ਰਾਹੀਂ ਇਸ ਬਿਮਾਰੀ ਦਾ ਪਤਾ ਲਗਾਉਣਾ ਸੌਖਾ ਹੈ।ਇਨ੍ਹਾਂ ਦੇ ਇਲਾਵਾ, ਖਿਡਾਰੀਆਂ ਨੂੰ ਕਈ ਵਾਰੀ ਐਨਾਬੋਲਿਕ ਸਟਰਾਇਡਾਂ ਅਤੇ ਪ੍ਰੋਟੀਨ ਸਪਲਿਮੈਂਟ ਦਿੱਤੇ ਜਾਂਦੇ ਹਨ, ਜੋ ਦਿਲ ਅਤੇ ਕਿਡਨੀ ਨੂੰ ਨੁਕਸਾਨ ਪਹੁੰਚ ਾਸਕਦੇ ਹਨ।ਡਾ. ਬੇਦੀ ਨੇ ਅੱਗੇ ਕਿਹਾ ਕਿ ਇੱਕ ਅੰਤਰਰਾਸ਼ਟਰੀ ਮੁਕਾਬਲੇ ਵਿੱਚ ਖਿਡਾਰੀ ਕਈ ਨਿਰਧਾਰਿਤ ਸਰੀਰ ਦੇ ਵਜ਼ਨ ਨੂੰ ਬਣਾਈ ਰੱਖਣ ਲਈ ਜਾਣ-ਬੁਝ ਕੇ ਆਪਣੇ ਸਰੀਰ ਨੂੰ ਡਿਹਾਈਡ੍ਰੇਟ ਕਰ ਲੈਂਦੇ ਹਨ। ਇਹ ਖ਼ੂਨ ਨੂੰ ਗਾੜ੍ਹਾ ਕਰ ਦਿੰਦਾ ਹੈ ਅਤੇ ਥੱਕ ਬਣਨ ਨਾਲ ਹਾਰਟ ਅਟੈਕ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ।



# ਟਾਈਮਜ਼ ਹਾਇਰ ਐਜੂਕੇਸ਼ਨ ਵਰਲਡ ਰੈਂਕਿੰਗਜ਼ 2026 'ਚ ਐੱਲ ਪੀ ਯੂ ਭਾਰਤ ਦੀ ਚੋਟੀ ਦੀਆਂ 5 'ਵਰਸਿਟੀਆਂ 'ਚ ਸ਼ਾਮਲ



**ਜਲੰਧਰ (ਸ਼ੈਲੀ ਐਲਬਰਟ)** ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ ਪੀ ਯੂ) ਨੇ ਵਿਸ਼ਵ ਸਿੱਖਿਆ ਜਗਤ ਵਿੱਚ ਸ਼ਾਨਦਾਰ ਉਚਾਈਆਂ ਪ੍ਰਾਪਤ ਕੀਤੀਆਂ ਹਨ। ਇਸ ਨੂੰ ਟਾਈਮਜ਼ ਹਾਇਰ ਐਜੂਕੇਸ਼ਨ ਵਰਲਡ ਯੂਨੀਵਰਸਿਟੀ ਰੈਂਕਿੰਗਜ਼ 2026 ਵਿੱਚ ਸਾਰੀਆਂ ਭਾਰਤੀ ਯੂਨੀਵਰਸਿਟੀਆਂ ਵਿੱਚੋਂ 5ਵਾਂ ਸਥਾਨ ਅਤੇ ਪ੍ਰਭਾਵਸ਼ਾਲੀ 501-600 ਗਲੋਬਲ ਬੈਂਡ ਵਿੱਚ ਪ੍ਰਾਪਤ ਕੀਤਾ ਗਿਆ ਹੈ। ਇਸ ਸ਼ਾਨਦਾਰ ਪ੍ਰਾਪਤੀ ਦੇ ਨਾਲ, ਐੱਲ ਪੀ ਯੂ ਨੇ ਆਈ ਆਈ ਟੀ ਰੋਪੜ, ਆਈ ਆਈ ਟੀ ਮੰਡੀ, ਆਈ ਆਈ ਟੀ ਗਾਂਧੀਨਗਰ, ਆਈ ਆਈ ਟੀ ਪਟਨਾ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ ਐੱਨ ਯੂ), ਦਿੱਲੀ ਯੂਨੀਵਰਸਿਟੀ ਅਤੇ ਕਈ ਐਨ ਆਈ ਟੀ ਸਮੇਤ ਕਈ ਵੱਕਾਰੀ ਸੰਸਥਾਵਾਂ ਨੂੰ ਪਛਾੜ ਦਿੱਤਾ ਹੈ।ਟਾਈਮਜ਼ ਹਾਇਰ ਐਜੂਕੇਸ਼ਨ ਵਰਲਡ ਯੂਨੀਵਰਸਿਟੀ ਰੈਂਕਿੰਗਜ਼ ਵਿੱਚ, ਐੱਲ ਪੀ ਯੂਤੇਜ਼ੀ ਨਾਲ ਤਰੱਕੀ ਕਰ ਰਿਹਾ ਹੈ, 2024 ਰੈਂਕਿੰਗ ਵਿੱਚ 25ਵੇਂ ਰਾਸ਼ਟਰੀ ਰੈਂਕ ਅਤੇ 801-1000 ਗਲੋਬਲ ਬੈਂਡ ਤੋਂ ਛਾਲ ਮਾਰ ਕੇ ਰਾਸ਼ਟਰੀ ਪੱਧਰ 'ਤੇ 9ਵੇਂ ਸਥਾਨ 'ਤੇ ਤੇ 2025 ਵਿੱਚ 601-800 ਗਲੋਬਲ ਬੈਂਡ 'ਤੇ ਪਹੁੰਚ ਗਿਆ ਹੈ, ਅਤੇ ਹੁਣ 2026 ਲਈ ਭਾਰਤ ਵਿੱਚ ਆਪਣੇ ਪ੍ਰਭਾਵਸ਼ਾਲੀ 5ਵੇਂ ਸਥਾਨ 'ਤੇ ਅਤੇ 501-600 ਗਲੋਬਲ ਬੈਂਡ 'ਤੇ ਪਹੁੰਚ ਗਿਆ ਹੈ।ਸਮਾਰੋਹ ਦੀ ਸ਼ੁਰੂਆਤ ਡਾ. ਅਸ਼ੋਕ ਕੁਮਾਰ ਮਿੱਤਲ, ਸੰਸਦ ਮੈਂਬਰ ਅਤੇ ਐੱਲ ਪੀ ਯੂ ਦੇ ਸੰਸਥਾਪਕ ਚਾਂਸਲਰ, ਅਤੇ ਐੱਲ ਪੀ ਯੂ ਦੀ ਪ੍ਰੋ-ਚਾਂਸਲਰ, ਕਰਨਲ ਡਾ. ਰਸ਼ਮੀ ਮਿੱਤਲ, ਸੀਨੀਅਰ ਸਟਾਫ ਤੇ ਮੈਂਬਰਾਂ ਦੁਆਰਾ ਇਸ ਮਹੱਤਵਪੂਰਨ ਪ੍ਰਾਪਤੀ ਦਾ ਜਸ਼ਨ ਮਨਾਉਣ ਲਈ ਮੌਜੂਦ ਕੇਕ ਕੱਟਣ ਨਾਲ ਹੋਈ।

## ਸੇਵਾ ਭਾਰਤੀ ਦੇ ਮਹਿੰਦੀ ਸਟਾਲ ਨੇ ਕਰਵਾ ਚੌਥ 'ਤੇ ਔਰਤਾਂ ਨੂੰ ਕੀਤਾ ਉਤਸ਼ਾਹਿਤ



**ਡੇਰਾਬੱਸੀ (ਵਿਨੈ ਕੁਮਾਰ ਜੈਨ)**-ਕਰਵਾ ਚੌਥ ਦੇ ਸ਼ੁਭ ਮੌਕੇ ਨੂੰ ਮਨਾਉਣ ਲਈ, ਸੇਵਾ ਭਾਰਤੀ ਨੇ ਡੇਰਾਬੱਸੀ ਵਿੱਚ ਔਰਤਾਂ ਨੂੰ ਉਤਸ਼ਾਹਿਤ ਕਰਨ ਅਤੇ ਤਿਉਹਾਰ ਨੂੰ ਵਧਾਉਣ ਲਈ ਮਹਿੰਦੀ ਅਤੇ ਹੋਰ ਉਤਪਾਦਾਂ ਦਾ ਇੱਕ ਸਟਾਲ ਲਗਾਇਆ। ਇਲਾਕੇ ਦੀਆਂ ਬਹੁਤ ਸਾਰੀਆਂ ਔਰਤਾਂ ਅਤੇ ਨੌਜਵਾਨ ਔਰਤਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਤਿਉਹਾਰਾਂ ਦਾ ਪੂਰਾ ਆਨੰਦ ਮਾਣਿਆ।ਇਸ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ, ਏ ਆਈ ਸੀ ਸੀ ਦੇ ਰਾਸ਼ਟਰੀ ਸੰਯੁਕਤ ਕੋਆਰਡੀਨੇਟਰ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਡੇਰਾਬੱਸੀ ਵਿਧਾਨ ਸਭਾ ਹਲਕੇ ਦੇ ਪ੍ਰਤੀਨਿਧੀ, ਅਮਿਤ ਬਾਵਾ ਸੈਣੀ ਨੇ ਮਹਿਲਾ ਭਾਗੀਦਾਰਾਂ ਨੂੰ ਉਤਸ਼ਾਹਿਤ ਕੀਤਾ। ਉਨ੍ਹਾਂ ਕਿਹਾ ਕਿ ਕਿਸੇ ਵੀ ਦੇਸ਼ ਅਤੇ ਸਮਾਜ ਦੇ ਵਿਕਾਸ ਲਈ ਔਰਤਾਂ ਨੂੰ ਆਰਥਿਕ ਤੌਰ 'ਤੇ ਸਸ਼ਕਤ ਬਣਾਉਣਾ ਬਹੁਤ ਜ਼ਰੂਰੀ ਹੈ।ਇਸ ਦੌਰਾਨ ਸੇਵਾ ਭਾਰਤੀ ਦੇ ਡਾ. ਰਾਜੀਵ ਕੁਮਾਰ ਨੇ ਅਮਿਤ ਬਾਵਾ ਸੈਣੀ, ਸਾਰੀਆਂ ਔਰਤਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਸਟਾਲ 'ਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

## 'ਵਰਸਿਟੀ ਕਾਲਜ ਵਿਖੇ ਪਹਿਲੇ ਅੰਤਰ ਕਾਲਜ ਵਾਲੀਬਾਲ ਮੈਚ ਦਾ ਆਯੋਜਨ



**ਗੁਰਾਇਆ (ਬਿੰਦਰ ਸੁਮਨ)**-ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਵਿਖੇ ਪਹਿਲੇ ਅੰਤਰ-ਕਾਲਜ ਵਾਲੀਬਾਲ ਮੈਚ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਆਯੋਜਨ ਕਰਵਾਇਆ ਗਿਆ । ਇਹਨਾਂ ਮੁਕਾਬਲਿਆਂ ਵਿੱਚ ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਜਲੰਧਰ ਦੀਆਂ ਟੀਮਾਂ ਨੇ ਬੜੇ ਜੋਸ਼ ਅਤੇ ਖੇਡ ਭਾਵਨਾ ਨਾਲ ਹਿੱਸਾ ਲਿਆ। ਮੈਚ ਦੇ ਆਰੰਭ ਤੋਂ ਪਹਿਲਾਂ ਪ੍ਰਿੰਸੀਪਲ ਡਾਕਟਰ ਜਗਸੀਰ ਸਿੰਘ ਬਰਾੜ ਨੇ ਬੱਚਿਆਂ ਨੂੰ ਸ਼ੁਭਕਾਮਨਾਵਾਂ ਅਤੇ ਆਸ਼ੀਰਵਾਦ ਦਿੱਤਾ ਅਤੇ ਖੇਡਾਂ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ । ਦੋਹਾਂ ਟੀਮਾਂ ਵਿਚਕਾਰ ਹੋਏ ਮੁਕਾਬਲੇ ਵਿੱਚ ਜੰਡਿਆਲਾ ਕਾਲਜ ਦੀ ਟੀਮ ਜੇਤੂ ਰਹੀ। ਪ੍ਰਿੰਸੀਪਲ ਨੇ ਜੇਤੂ ਟੀਮ ਦੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਉਹਨਾਂ ਦੀ ਹੌਂਸਲਾ ਅਫਜ਼ਾਈ ਕੀਤੀ। ਜੇਤੂ ਟੀਮ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਆਪਣੇ ਅਗਲੇ ਲੀਗ ਮੁਕਾਬਲਿਆਂ ਵਿੱਚ ਹਿੱਸਾ ਲਵੇਗੀ।

# ਸਰਕਾਰੀ ਪ੍ਰਾਇਮਰੀ ਸਕੂਲ ਭੋਡੀਪੁਰ ਵਿਖੇ ਕਲੱਸਟਰ ਪੱਧਰੀ ਖੇਡਾਂ ਕਰਵਾਈਆਂ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਸਰਕਾਰੀ ਪ੍ਰਾਇਮਰੀ ਸਕੂਲ, ਭੋਡੀਪੁਰ (ਬਲਾਕ ਨਕੋਦਰ -2) ਜਲੰਧਰ ਵਿਖੇ ਕਰਵਾਈਆਂ ਗਈਆਂ ਕਲੱਸਟਰ ਪੱਧਰੀ ਖੇਡਾਂ ਯਾਦਗਾਰੀ ਹੋ ਨਿੱਬੜੀਆਂ ਜਿਸ ਵਿੱਚ ਸੈਂਟਰ ਗਾਂਧਰਾਂ ਦੇ ਦਸ ਸਕੂਲਾਂ ਸਰਕਾਰੀ ਪ੍ਰਾਇਮਰੀ ਸਕੂਲ-ਭੋਡੀਪੁਰ, ਬਾੜਾ ਸਿੱਧਪੁਰ, ਗਾਂਧਰਾਂ, ਲੱਧੜਾਂ, ਕੋਟਲਾ ਭਾਗੂ, ਨੂਰਪੁਰ, ਰਾਂਗੜਾ, ਬਿੱਲਾ ਨਵਾਬ, ਬੱਲ ਹੁਕਮੀ ਅਤੇ ਦਰਗਾਵਾਲ ਦੇ ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਦੀ ਅਗਵਾਈ ਹੇਠ ਭਾਗ ਲਿਆ। ਇਸ ਮੌਕੇ ਵਿਦਿਆਰਥੀਆਂ ਦੀਆਂ ਪ੍ਰਾਇਮਰੀ ਸਕੂਲ ਖੇਡਾਂ (ਅੰਡਰ ਇਲੈਵਨ) ਅਧੀਨ ਪੰਜਾਬ ਸਟਾਇਲ ਕਬੱਡੀ, ਨੈਸ਼ਨਲ ਸਟਾਈਲ ਕਬੱਡੀ, ਦੌੜਾਂ (ਸੌ ਮੀਟਰ, ਦੋ ਸੌ ਮੀਟਰ, ਚਾਰ ਸੌ ਮੀਟਰ ਦੌੜ ਅਤੇ ਰਿਲੇਅ ਦੌੜ), ਸ਼ਾਟ ਪੁੱਟ/ਗੋਲਾ ਸੁੱਟਣਾ, ਲੰਮੀ ਛਾਲ, ਸ਼ਤਰੰਜ, ਬੈਡਮਿੰਟਨ ਆਦਿ ਖੇਡਾਂ ਕਰਵਾਈਆਂ।ਜਿਸ ਵਿੱਚ ਬੈਡਮਿੰਟਨ ਸਿੰਗਲ ਮੁੰਡਿਆਂ ਦੇ ਮੁਕਾਬਲੇ ਵਿੱਚ ਸ ਪ ਸ ਬਿੱਲਾ ਨਵਾਬ ਨੇ ਪਹਿਲਾ, ਸ.ਪ.ਸ. ਦਰਗਾਵਾਲ ਨੇ ਦੂਜਾ ਅਤੇ ਸ.ਪ.ਸ ਲੱਧੜਾਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸੇ ਤਰ੍ਹਾਂ ਬੈਡਮਿੰਟਨ ਡਬਲ (ਮੁੰਡੇ) ਅਧੀਨ ਕ੍ਰਮਵਾਰ ਸ.ਪ.ਸ. ਕੋਟਲਾ ਭਾਗੂ ,ਸ.ਪ.ਸ. ਨੂਰਪੁਰ ਅਤੇ ਸ.ਪ.ਸ ਬਾੜਾ ਸਿੱਧਪੁਰ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਜਦਕਿ ਬੈਡਮਿੰਟਨ ਸਿੰਗਲ (ਕੁੜੀਆਂ) ਵਿੱਚ ਪਹਿਲੇ ਨੰਬਰ 'ਤੇ ਸ.ਪ.ਸ. ਨੂਰਪੁਰ ਅਤੇ ਦੂਜੇ ਨੰਬਰ 'ਤੇ ਸ.ਪ.ਸ. ਭੋਡੀਪੁਰ ਰਿਹਾ। ਇਸੇ ਲੜੀ ਤਹਿਤ ਯੋਗ (ਮੁੰਡੇ) ਅਧੀਨ ਸ.ਪ.ਸ. ਬਿੱਲਾ ਨਵਾਬ ਨੇ ਪਹਿਲਾ ਅਤੇ ਸ.ਪ.ਸ. ਨੂਰਪੁਰ ਨੇ ਦੂਜਾ ਸਥਾਨ ਲਿਆ ਜਦਕਿ ਯੋਗ (ਕੁੜੀਆਂ) ਦਾ ਪਹਿਲਾ ਸਥਾਨ ਸ.ਪ.ਸ. ਦਰਗਾਵਾਲ ਦੀ ਝੋਲੀ ਪਿਆ। ਲੰਮੀ ਛਾਲ (ਮੁੰਡੇ) ਵਿੱਚ ਸ.ਪ.ਸ. ਲੱਧੜਾਂ, ਸ.ਪ.ਸ. ਬਾੜਾ ਸਿੱਧਪੁਰ ਅਤੇ ਸ.ਪ.ਸ ਦਰਗਾਵਾਲ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੇ। ਇਸੇ ਤਰ੍ਹਾਂ ਲੰਮੀ ਛਾਲ (ਕੁੜੀਆਂ) ਦੇ ਮੁਕਾਬਲਿਆਂ ਵਿੱਚ ਸ.ਪ.ਸ. ਬਾੜਾ ਸਿੱਧਪੁਰ ਨੇ ਪਹਿਲਾ, ਸ.ਪ.ਸ. ਨੂਰਪੁਰ ਨੇ ਦੂਜਾ ਅਤੇ ਸ.ਪ.ਸ ਬਿੱਲਾ ਨਵਾਬ ਨੇ ਤੀਜਾ ਸਥਾਨ ਲਿਆ। ਗੋਲਾ ਸੁੱਟਣਾ/ਸ਼ਾਟ ਪੁੱਟ (ਮੁੰਡੇ) ਅਧੀਨ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਸ.ਪ.ਸ. ਲੱਧੜਾਂ, ਸ.ਪ.ਸ. ਕੋਟਲਾ ਭਾਗੂ ਅਤੇ ਸ.ਪ.ਸ ਦਰਗਾਵਾਲ ਦੇ ਨਾਂ ਰਿਹਾ। ਇਸੇ ਤਹਿਤ ਗੋਲਾ ਸੁੱਟਣਾ /ਸ਼ਾਟ ਪੁੱਟ (ਕੁੜੀਆਂ) ਦੇ ਮੁਕਾਬਲੇ ਵਿੱਚ ਸ.ਪ.ਸ. ਬਾੜਾ ਸਿੱਧਪੁਰ ਨੇ ਪਹਿਲਾ,



ਸ.ਪ.ਸ. ਲੱਧੜਾਂ ਨੇ ਦੂਜਾ ਅਤੇ ਸ.ਪ.ਸ. ਬਿੱਲਾ ਨਵਾਬ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਸਰਕਾਰੀ ਪ੍ਰਾਇਮਰੀ ਸਕੂਲ, ਭੋਡੀਪੁਰ ਵਿਖੇ ਕਰਵਾਏ ਗਏ ਪਾਰਦਰਸ਼ਤਾ ਸਹਿਤ ਖੇਡ ਮੁਕਾਬਲਿਆਂ ਅਧੀਨ ਕੁਸ਼ਤੀਆਂ-25 ਕਿੱਲੋ ਵਿੱਚ ਸ.ਪ.ਸ. ਦਰਗਾਵਾਲ ਨੇ ਪਹਿਲਾ, ਸ.ਪ.ਸ. ਬਿੱਲਾ ਨਵਾਬ ਨੇ ਦੂਜਾ ਅਤੇ ਸ.ਪ.ਸ. ਕੋਟਲਾ ਭਾਗੂ ਨੇ ਤੀਜਾ ਸਥਾਨ ਹਾਸਲ ਕੀਤਾ ਜਦਕਿ ਕੁਸ਼ਤੀਆਂ-28 ਕਿੱਲੋ ਅਧੀਨ ਸ.ਪ.ਸ. ਗਾਂਧਰਾਂ ਨੇ ਪਹਿਲਾ, ਸ.ਪ.ਸ. ਬਾੜਾ ਸਿੱਧਪੁਰ ਨੇ ਦੂਜਾ ਅਤੇ ਸ.ਪ.ਸ. ਨੂਰਪੁਰ ਨੇ ਤੀਜਾ ਸਥਾਨ ਲਿਆ। ਕੁਸ਼ਤੀਆਂ-30 ਕਿੱਲੋ ਤਹਿਤ ਕ੍ਰਮਵਾਰ ਸ.ਪ.ਸ. ਬਿੱਲਾ ਨਵਾਬ, ਸ.ਪ.ਸ. ਨੂਰਪੁਰ ਅਤੇ ਸ.ਪ.ਸ. ਬਾੜਾ ਸਿੱਧਪੁਰ ਨੇ ਪਹਿਲੀ, ਦੂਜੀ ਅਤੇ ਤੀਜੀ ਪੁਜੀਸ਼ਨ ਹਾਸਲ ਕੀਤੀ। ਇਸੇ ਦੌਰਾਨ ਬੜੀ ਰੌਚਿਕ ਬਣੀ ਖੇਡ ਪੰਜਾਬ ਸਟਾਈਲ ਕਬੱਡੀ ਵਿੱਚ ਕ੍ਰਮਵਾਰ ਸ.ਪ.ਸ. ਨੂਰਪੁਰ, ਸ.ਪ.ਸ. ਕੋਟਲਾ ਭਾਗੂ ਅਤੇ ਸ.ਪ.ਸ. ਭੋਡੀਪੁਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੇ। ਰੱਸਾਕਸ਼ੀ ਅਧੀਨ ਮੁੰਡਿਆਂ ਦੇ ਮੁਕਾਬਲੇ ਵਿੱਚ ਸ.ਪ.ਸ. ਕੋਟਲਾ ਭਾਗੂ ਪਹਿਲੇ, ਸ.ਪ.ਸ. ਨੂਰਪੁਰ ਦੂਜੇ ਅਤੇ ਸ.ਪ.ਸ. ਬਿੱਲਾ ਨਵਾਬ ਤੀਜੇ ਨੰਬਰ 'ਤੇ ਰਹੇ ਜਦਕਿ ਰੱਸਾਕਸ਼ੀ ਅਧੀਨ ਕੁੜੀਆਂ ਦੇ ਮੁਕਾਬਲੇ ਵਿੱਚ ਕ੍ਰਮਵਾਰ ਸ.ਪ.ਸ. ਬਾੜਾ ਸਿੱਧਪੁਰ ਪਹਿਲੇ,ਦੂਜੇ ਸ.ਪ.ਸ. ਗਾਂਧਰਾਂ ਅਤੇ ਸ.ਪ.ਸ. ਲੱਧੜਾਂ ਤੀਜੇ ਸਥਾਨ 'ਤੇ ਰਹੇ। 100 ਮੀਟਰ ਦੌੜ ਵਿੱਚ ਮੁੰਡਿਆਂ ਦੇ ਮੁਕਾਬਲੇ ਵਿੱਚ ਕ੍ਰਮਵਾਰ ਸ.ਪ.ਸ. ਲੱਧੜਾਂ, ਸ.ਪ.ਸ. ਬਿੱਲਾ ਨਵਾਬ, ਸ.ਪ.ਸ. ਨੂਰਪੁਰ ਨੇ ਪਹਿਲਾ , ਦੂਜਾ ਅਤੇ ਤੀਜਾ ਸਥਾਨ ਅਤੇ 100 ਮੀਟਰ ਦੌੜ ਕੁੜੀਆਂ 'ਚੋਂ ਸ.ਪ.ਸ. ਬਿੱਲਾ ਨਵਾਬ ਨੇ ਫਸਟ, ਸ.ਪ.ਸ. ਨੂਰਪੁਰ ਸੈਕਿੰਡ ਅਤੇ ਸ.ਪ.ਸ. ਦਰਗਾਵਾਲ ਥਰਡ ਪੁਜੀਸ਼ਨ ਲਈ, ਪਰ 200 ਮੀਟਰ ਅਧੀਨ ਮੁੰਡਿਆਂ ਦੀ ਦੌੜ ਵਿੱਚੋਂ ਸ.ਪ.ਸ. ਬਿੱਲਾ ਨਵਾਬ ਅਵਲ, ਜਦਕਿ ਸ.ਪ.ਸ. ਨੂਰਪੁਰ ਅਤੇ ਸ.ਪ.ਸ. ਕੋਟਲਾ ਭਾਗੂ ਕ੍ਰਮਵਾਰ ਦੂਜੇ ਤੇ ਤੀਜੇ ਸਥਾਨ ਤੇ ਰਹੇ। 200 ਮੀਟਰ ਦੌੜ ਕੁੜੀਆਂ ਅਧੀਨ ਸ.ਪ.ਸ. ਲੱਧੜਾਂ, ਸ.ਪ.ਸ. ਬਾੜਾ ਸਿੱਧਪੁਰ ਅਤੇ ਸ.ਪ.ਸ. ਕੋਟਲਾ ਭਾਗੂ ਨੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਆਪਣੇ ਨਾਂਅ ਕੀਤਾ। 400 ਮੀਟਰ ਦੌੜ ਲੜਕਿਆਂ ਵਿੱਚੋਂ ਸ.ਪ.ਸ. ਲੱਧੜਾਂ ਪਹਿਲੇ, ਸ.ਪ.ਸ. ਬਾੜਾ ਸਿੱਧਪੁਰ ਦੂਜੇ ਅਤੇ ਸ.ਪ.ਸ. ਨੂਰਪੁਰ ਤੀਜੇ ਸਥਾਨ 'ਤੇ ਰਹੇ। 400 ਮੀਟਰ ਦੌੜ ਕੁੜੀਆਂ ਵਿੱਚੋਂ ਸ.ਪ.ਸ. ਬਿੱਲਾ ਨਵਾਬ ਪਹਿਲੇ, ਸ.ਪ.ਸ. ਨੂਰਪੁਰ ਦੂਜੇ ਅਤੇ ਸ.ਪ.ਸ. ਗਾਂਧਰਾਂ ਤੀਜਾ ਸਥਾਨ 'ਤੇ ਰਹੇ ਬਲਕਿ ਰਿਲੇਅ ਦੌੜ ਮੁੰਡਿਆਂ 'ਚੋਂ ਕ੍ਰਮਵਾਰ ਸ.ਪ.ਸ. ਕੋਟਲਾ ਭਾਗੂ ਪਹਿਲੇ,ਸ.ਪ.ਸ. ਬਾੜਾ ਸਿੱਧਪੁਰ ਦੂਜੇ ਅਤੇ ਸ.ਪ.ਸ. ਲੱਧੜਾਂ ਤੀਜੇ ਸਥਾਨ 'ਤੇ ਰਹੇ ਜਦਕਿ ਰਿਲੇਅ ਦੌੜ ਕੁੜੀਆਂ ਦੇ ਮੁਕਾਬਲੇ ਵਿੱਚ ਸ.ਪ.ਸ. ਬਾੜਾ ਸਿੱਧਪੁਰ ਨੇ ਪਹਿਲਾ,ਸ.ਪ.ਸ. ਦਰਗਾਵਾਲ ਨੇ ਦੂਜਾ ਅਤੇ ਸ.ਪ.ਸ. ਗਾਂਧਰਾਂ ਨੇ ਤੀਜਾ ਸਥਾਨ ਹਾਸਲ ਕੀਤਾ।

## ਕਿਸਾਨ ਸਿਖਲਾਈ ਕੈਂਪ 16 ਨੂੰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-
ਮੁੱਖ ਖੇਤੀਬਾੜੀ ਅਫਸਰ, ਹੁਸ਼ਿਆਰਪੁਰ ਡਾ. ਦਪਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਾੜ੍ਹੀ ਦੀਆਂ ਫ਼ਸਲਾਂ ਸਬੰਧੀ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ 16 ਅਕਤੂਬਰ ਨੂੰ ਸਿਟੀ ਸੈਂਟਰ, ਨਜ਼ਦੀਕ ਪੁਲਸ ਲਾਈਨ ਹੁਸ਼ਿਆਰਪੁਰ ਵਿਖੇ ਲਗਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਇਸ ਕੈਂਪ ਵਿਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਜਦਕਿ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਕੈਂਪ ਦਾ ਉਦਘਾਟਨ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਖੇਤੀ ਮਾਹਿਰ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਤੋਂ ਪਹੁੰਚੇ ਕਿਸਾਨਾਂ ਨੂੰ ਫ਼ਸਲਾਂ ਸਬੰਧੀ ਤਕਨੀਕੀ ਜਾਣਕਾਰੀ ਪ੍ਰਦਾਨ ਕਰਨਗੇ। ਉਨ੍ਹਾਂ ਦੱਸਿਆ ਕਿ ਮੇਲੇ ਵਿਚ ਵੱਖ-ਵੱਖ ਪ੍ਰਦਰਸ਼ਨੀਆਂ ਅਤੇ ਸਟਾਲ ਵਿਸ਼ੇਸ਼ ਖਿੱਚ ਦਾ ਕੇਂਦਰ ਹੋਣਗੇ।

## ਭੂੰਬਲਾ ਗੋਤ ਦਾ ਸਤੀ ਮੇਲਾ 21 ਨੂੰ

**ਬਲਾਚੌਰ (ਜਸਵਿੰਦਰ ਬੈਂਸ)**- ਸ਼ਹੀਦ ਭਗਤ ਸਿੰਘ ਨਗਰ ਦੀ ਸਬ ਡਿਵੀਜ਼ਨ ਬਲਾਚੌਰ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਭੂੰਬਲਾ ਗੋਤਰ ਦਾ ਸਤੀ ਮੇਲਾ ਅਤੇ ਦੀਵਾਲੀ ਭੰਡਾਰਾ ਪਿੰਡ ਨੀਲੇਵਾੜੇ (ਰੱਤੇਵਾਲ) ਵਿਖ਼ੇ ਬਹੁਤ ਹੀ ਸ਼ਰਧਾ ਪੂਰਵਕ 21 ਅਕਤੂਬਰ ਧੂਮਧਾਮ ਤੇ ਸ਼ਰਧਾ ਨਾਲ ਮਨਾਇਆ ਜਾਵੇਗਾ । ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕ ਕਮੇਟੀ ਮੈਂਬਰ ਨੰਬੜਦਾਰ ਅਸ਼ੋਕ ਭੂੰਬਲਾ ਰੱਤੇਵਾਲ ਅਤੇ ਪ੍ਰੋ. ਨਰਿੰਦਰ ਭੂੰਬਲਾ ਮਾਲੇਵਾਲ ਨੇ ਦੱਸਿਆ ਕਿ ਇਸ ਦਿਨ ਸਤੀ ਮਾਤਾ ਦੀ ਵਿਸ਼ੇਸ ਪੂਜਾ ਅਰਚਨਾ ਕੀਤੀ ਜਾਵੇਗੀ, ਝੰਡਾ ਝੜਾਇਆ ਜਾਵੇਗਾ ਅਤੇ ਵਸਤਰ ਭੇਟ ਕੀਤੇ ਜਾਣਗੇ। ਭਜਨ ਮੰਡਲੀਆਂ ਵੱਲੋਂ ਮਾਤਾ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਜਾਵੇਗਾ। ਸੰਗਤਾਂ ਲਈ ਦੁੱਧ ਅਤੇ ਲੰਗਰ ਭੰਡਾਰੇ ਅਟੁੱਟ ਵਰਤਾਏ ਜਾਣਗੇ। ਉਨ੍ਹਾਂ ਨਾਲ ਰਾਮ ਲਾਲ ਭੂੰਬਲਾ, ਮਾ. ਦੇਵ ਰਾਜ, ਵਾਸਦੇਵ ਭੂੰਬਲਾ, ਸੁਰਿੰਦਰ ਭੂੰਬਲਾ, ਯਸ਼ਪਾਲ ਭੂੰਬਲਾ, ਮਦਨ ਲਾਲ ਭੂੰਬਲਾ, ਪ੍ਰੋ. ਨਰਿੰਦਰ ਭੂੰਬਲਾ, ਪਵਨ ਭੂੰਬਲਾ ਅਤੇ ਭੂੰਬਲਾ ਪਰਵਾਰ ਦੇ ਮੈਂਬਰ ਹਾਜ਼ਰ ਸਨ।

13 Oct Page 10.qxd 10/12/2025 9:31 PM Page 1



## 1 ਕਿੱਲੋ 13 ਗ੍ਰਾਮ ਹੈਰੋਇਨ, 3 ਮੋਬਾਇਲ ਤੇ ਮੋਟਰਸਾਈਕਲ ਸਮੇਤ ਤਿੰਨ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਜ਼ਿਲ੍ਹਾ ਫਿਰੋਜ਼ਪੁਰ ਪੁਲਸ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ, ਜਦੋਂ ਤਿੰਨ ਤਕਸਰਾਂ ਨੂੰ 1 ਕਿੱਲੋ 13 ਗ੍ਰਾਮ ਹੈਰੋਇਨ, 3 ਮੋਬਾਇਲ ਟੱਚ ਸਕਰੀਨ ਤੇ ਇਕ ਮੋਟਰਸਾਈਕਲ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਥਾਣਾ ਸਿਟੀ ਫਿਰੋਜ਼ਪੁਰ ਵਿਖੇ ਮਾਮਲਾ ਦਰਜ ਕੀਤਾ ਗਿਆ। ਜ਼ਿਲ੍ਹਾ ਪੁਲਸ ਮੁਖੀ ਭੁਪਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਦੇ ਐੱਸ ਆਈ ਸੁਖਬੀਰ ਸਿੰਘ ਦੀ ਅਗਵਾਈ ਵਿੱਚ ਪੁਲਸ ਪਾਰਟੀ ਗਸ਼ਤ 'ਤੇ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਲਵ ਉਰਫ ਲਵ ਭੱਟੀ ਪੁੱਤਰ ਓਮ ਪ੍ਰਕਾਸ਼ ਵਾਸੀ ਵਾਰਡ ਨੰਬਰ 16 ਪੁਰਾਣੀ ਸਬਜ਼ੀ ਮੰਡੀ ਨੇੜੇ ਬਗਦਾਦੀ ਗੇਟ ਫਿਰੋਜ਼ਪੁਰ ਸ਼ਹਰ, ਸ਼ਿਵਾ ਪੁੱਤਰ ਨੀਰਜ ਵਾਸੀ ਗੁਰਮੁੱਖ ਸਿੰਘ ਕਾਲੋਨੀ ਜਨਤਾ ਪ੍ਰੀਤ ਨਗਰ ਫਿਰੋਜ਼ਪੁਰ ਸ਼ਹਿਰ ਤੇ ਪ੍ਰਗਟ ਉਰਫ ਘੋਧਰ ਪੁੱਤਰ ਨੀਰਜ ਵਾਸੀ ਗੁਰਮੁੱਖ ਸਿੰਘ ਕਾਲੋਨੀ ਪ੍ਰੀਤ ਨਗਰ ਫਿਰੋਜ਼ਪੁਰ ਸ਼ਹਿਰ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ 1 ਕਿੱਲੋ 13 ਗ੍ਰਾਮ ਹੈਰੋਇਨ, 3 ਮੋਬਾਇਲ ਟੱਚ ਸਕਰੀਨ ਉਪੋ, ਰੈਡਮੀ ਤੇ ਨਾਰਜੋ ਕੰਪਨੀ ਸਮੇਤ ਸਿੰਮਾਂ ਤੇ 1 ਮੋਟਰਸਾਈਕਲ ਸਪਲੈਂਡਰ ਪਲੱਸ ਬਰਾਮਦ ਕੀਤਾ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

## ਕਲੱਸਟਰ ਮਧੀਰ ਦੀਆਂ ਕਲੱਸਟਰ ਪੱਧਰੀ ਸਕੂਲ ਖੇਡਾਂ ਸ਼ਾਨੋ-ਸ਼ੌਕਤ ਨਾਲ ਸੰਪੰਨ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**- ਕਲੱਸਟਰ ਮਧੀਰ ਬਲਾਕ ਗਿੱਦੜਬਾਹਾ-1 ਦੀਆਂ 45ਵੀਆਂ ਕਲੱਸਟਰ ਪੱਧਰੀ ਖੇਡਾਂ ਸਰਕਾਰੀ ਪ੍ਰਾਇਮਰੀ ਸਕੂਲ ਬੁੱਟਰ ਬਖੂਹਾ ਤੇ ਸਰਕਾਰੀ ਪ੍ਰਾਇਮਰੀ ਸਕੂਲ ਕੋਟਭਾਈ-2 ਦੇ ਖੇਡ ਗਰਾਊਂਡਾਂ ਵਿੱਚ ਸੈਂਟਰ ਹੈੱਡ ਰਜਿੰਦਰ ਸਿੰਘ ਦੀ ਅਗਵਾਈ ਵਿੱਚ ਸ਼ਾਨੋ ਸ਼ੌਕਤ ਨਾਲ ਸਮਾਪਤ ਹੋਈਆਂ।ਇਨ੍ਹਾਂ ਕਲੱਸਟਰ ਖੇਡਾਂ ਵਿੱਚ ਸੈਂਟਰ ਦੇ ਸਾਰੇ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਨੇ ਭਾਗ ਲਿਆ।ਇਨ੍ਹਾਂ ਖੇਡਾਂ ਵਿੱਚ ਕਬੱਡੀ, ਖੋ-ਖੋ, ਰੱਸਾਕਸੀ, ਦੌੜਾਂ, ਯੋਗਾ, ਸ਼ਤਰੰਜ, ਫੁੱਟਬਾਲ ਐਥਲੈਟਿਕਸ ਆਦਿ



ਖੇਡਾਂ ਕਰਵਾਈਆਂ ਗਈਆਂ। ਖੇਡਾਂ ਦੀ ਜਗਮੀਤ ਸਿੰਘ ਸਰਪੰਚ ਬੁੱਟਰ ਬਖੂਹਾ ਤੇ ਬਾਬਾ ਜੀ ਡੇਰਾ ਸਿੱਧ ਨੇ ਰਸਮੀ ਸ਼ੁਰੂਆਤ ਕੀਤੀ।ਸਰਕਾਰੀ ਪ੍ਰਾਇਮਰੀ ਸਕੂਲ ਬੁੱਟਰ ਬਖੂਹਾ ਦੇ ਮੁੱਖ ਅਧਿਆਪਕਾ ਗੁਰਦੀਪ ਕੌਰ, ਸਰਕਾਰੀ ਪ੍ਰਾਇਮਰੀ ਸਕੂਲ ਕੋਟ ਭਾਈ-2 ਦੇ ਮੁੱਖ ਅਧਿਆਪਕ ਲਾਜਵਿੰਦਰ ਸਿੰਘ ਤੇ ਸਟਾਫ ਨੇ ਖੇਡਾਂ ਦਾ ਪ੍ਰਬੰਧ ਕੀਤਾ।ਕਬੱਡੀ ਨੈਸ਼ਨਲ ਮੁੰਡੇ ਸਰਕਾਰੀ ਪ੍ਰਾਇਮਰੀ ਸਕੂਲ ਬੁਬਾਣੀਆ ਪਹਿਲੇ ਤੇ ਸਰਕਾਰੀ ਪ੍ਰਾਇਮਰੀ ਸਕੂਲ ਕੋਟਭਾਈ-2 ਦੂਜੇ ਸਥਾਨ ਤੇ ਕੁੜੀਆਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਕੋਟਭਾਈ-2 ਪਹਿਲੇ ਸਥਾਨ 'ਤੇ ਰਿਹਾ। ਕਬੱਡੀ ਸਰਕਲ 'ਚ ਐਵਰੈਸਟ ਪਬਲਿਕ ਸਕੂਲ ਪਹਿਲੇ ਤੇ ਸਰਕਾਰੀ ਪ੍ਰਾਇਮਰੀ ਸਕੂਲ ਰਖਾਲਾ ਦੂਸਰੇ ਅਤੇ ਸ਼ਤਰੰਜ ਮੁੰਡੇ ਐਵਰੇਸਟ ਪਬਲਿਕ ਸਕੂਲ ਪਹਿਲੇ, ਗੁਰੂ ਨਾਨਕ ਦੇਵ ਪਬਲਿਕ ਸਕੂਲ ਦੂਸਰੇ ਸਥਾਨ 'ਤੇ ਰਿਹਾ।ਮੁੰਡਿਆਂ ਦੀਆਂ 100 ਮੀਟਰ ਦੌੜ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਰੁਖਾਲਾ ਨੇ ਪਹਿਲਾ, ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਨੇ ਦੂਸਰਾ, 100 ਮੀਟਰ ਕੁੜੀਆਂ ਦੀ ਦੌੜ 'ਚ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਨੇ ਪਹਿਲਾ, ਸਰਕਾਰੀ ਪ੍ਰਾਇਮਰੀ ਸਕੂਲ ਕੋਟ ਭਾਈ-1 ਨੇ ਦੂਜਾ, 200 ਮੀਟਰ ਕੁੜੀਆਂ ਦੀਆਂ ਦੌੜ 'ਚ ਸਰਕਾਰੀ ਪ੍ਰਾਇਮਰੀ ਸਕੂਲ ਕੋਟ ਭਾਈ-2 ਨੇ ਪਹਿਲਾ, ਸਰਕਾਰੀ ਪ੍ਰਾਇਮਰੀ ਸਕੂਲ ਮਧੀਰ ਨੇ ਦੂਜਾ, ਮੁੰਡਿਆਂ ਦੀ ਲੰਬੀ ਛਾਲ 'ਚ ਸਰਕਾਰੀ ਪ੍ਰਾਇਮਰੀ ਸਕੂਲ ਬਬਾਣੀਆਂ ਨੇ ਪਹਿਲਾ, ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਨੇ ਦੂਸਰਾ ਤੇ ਕੁੜੀਆਂ ਦੀ ਲੰਬੀ ਛਾਲ 'ਚ ਸਰਕਾਰੀ ਪ੍ਰਾਇਮਰੀ ਸਕੂਲ ਕੋਟਭਾਈ-2 ਨੇ ਪਹਿਲਾ, ਸਰਕਾਰੀ ਪ੍ਰਾਇਮਰੀ ਸਕੂਲ ਬਬਾਨੀਆ ਨੇ ਦੂਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਅਵਤਾਰ ਸਿੰਘ ਐੱਚ ਟੀ, ਲਾਜਵਿੰਦਰ ਸਿੰਘ ਐੱਚ ਟੀ, ਮੀਨੂ ਬਾਲਾ ਐੱਚ ਟੀ, ਰਾਜਵਿੰਦਰ ਸਿੰਘ ਐੱਚ ਟੀ, ਗੁਰਦੀਪ ਕੌਰ ਐੱਚ ਟੀ, ਅਮਰਜੀਤ ਸਿੰਘ, ਗੁਰਮੀਤ ਸਿੰਘ, ਪ੍ਰਿਥੀ ਸਿੰਘ, ਜਗਦੀਸ਼ ਸਿੰਘ, ਪਵਨ ਕੁਮਾਰ, ਹਰਿੰਦਰ ਪਾਲ ਸਿੰਘ, ਰਾਜਵਿੰਦਰ ਸਿੰਘ, ਰਕੇਸ਼ ਕੁਮਾਰ, ਜਸਵਿੰਦਰ ਸਿੰਘ, ਅਮਨਦੀਪ ਸਿੰਘ, ਅੰਮ੍ਰਿਤ ਪਾਲ ਸਿੰਘ, ਸਿਮਰਨਜੀਤ ਸਿੰਘ, ਕੀਰਤਨ ਸਿੰਘ, ਕਮਲਜੀਤ ਸਿੰਘ, ਰਣਜੀਤ ਕੁਮਾਰ, ਰਕੇਸ਼ ਬਾਂਸਲ ਤੋਂ ਇਲਾਵਾ ਸਕੂਲ ਦਾ ਸਮੂਹ ਸਟਾਫ ਤੇ ਪਤਵੰਤੇ ਸੱਜਣ ਹਾਜ਼ਰ ਸਨ।

## ਮਾਤਾ ਅੰਗੂਰੀ ਕੌਰ ਦੀ ਅੰਤਿਮ ਅਰਦਾਸ ਮੌਕੇ ਖ਼ੂਨਦਾਨ ਕੈਂਪ ਲਗਾਇਆ

**ਪਟਿਆਲਾ (ਰਾਜਿੰਦਰ ਸਿੰਘ)**- ਮਨੁੱਖਤਾ ਦੇ ਭਲੇ ਲਈ ਨੇੜਲੇ ਪਿੰਡ ਪੰਜੋਲਾ ਵਿਖੇ ਸਵ. ਮਾਤਾ ਅੰਗੂਰੀ ਕੌਰ ਦੀ ਅੰਤਿਮ ਅਰਦਾਸ ਸਮਾਗਮ ਮੌਕੇ ਗੁਰਦੁਆਰਾ ਗੁਪਤਸਰ ਸਾਹਿਬ ਵਿਖੇ ਮਿਸ਼ਨ ਲਾਲੀ ਤੇ ਹਰਿਆਲੀ ਤਹਿਤ ਖ਼ੂਨਦਾਨ ਕੈਂਪ ਲਗਾਇਆ ਗਿਆ।ਗੁਰਮੀਤ ਸਿੰਘ ਪੂਨੀਆ ਹਲਕਾ ਸਨੌਰ ਕੋਆਰਡੀਨੇਟਰ ਨਸ਼ਾ ਵਿਰੋਧੀ ਮੁਹਿੰਮ ਦੀ ਅਗਵਾਈ ਹੇਠ ਲੱਗੇ ਇਸ ਕੈਂਪ ਵਿੱਚ 21 ਵਲੰਟੀਅਰਾਂ ਨੇ ਖ਼ੂਨ ਦਾਨ ਕੀਤਾ।ਵਲੰਟੀਅਰਾਂ ਨੂੰ ਸਰਟੀਫਿਕੇਟ



ਦੇ ਕੇ ਸਨਮਾਨਤ ਕਰਦਿਆਂ ਸਾਬਕਾ ਐੱਮ. ਪੀ. ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਅੰਤਿਮ ਅਰਦਾਸ ਸਮਾਗਮ ਮੌਕੇ ਖ਼ੂਨਦਾਨ ਕੈਂਪ ਲਗਾਉਣਾ ਸ਼ਲਾਘਾਯੋਗ ਕਾਰਜ ਹੈ ਤੇ ਨੌਜਵਾਨਾਂ ਵੱਲੋਂ ਖ਼ੂਨ ਦਾਨ ਕਰਕੇ ਕਿਸੇ ਲੋੜਵੰਦ ਮਰੀਜ਼ ਦੀ ਜਾਨ ਬਚਾਉਣ ਵਿੱਚ ਸਹਿਯੋਗ ਹੀ ਮਾਤਾ ਜੀ ਨੂੰ ਸੱਚੀ ਸ਼ਰਧਾਂਜਲੀ ਹੈ।ਇਸ ਮੌਕੇ ਜਥੇਦਾਰ ਜਰਨੈਲ ਸਿੰਘ ਕਰਤਾਰਪੁਰ, ਹਰਿੰਦਰਪਾਲ ਸਿੰਘ ਚੰਦੂਮਾਜਰਾ ਸਾਬਕਾ ਵਿਧਾਇਕ, ਹਰਿੰਦਰਪਾਲ ਸਿੰਘ ਟੌਹੜਾ, ਜਸਪਾਲ ਸਿੰਘ ਗੰਗਰੌਲੀ, ਕੁਮੇਰ ਸ਼ਰਮਾ ਪੰਜੋਲਾ, ਗੁਰਜੀਤ ਸਿੰਘ ਸਹਾਇਕ ਐੱਸ. ਡੀ. ਓ., ਲਾਭ ਸਿੰਘ, ਜੀਤ ਸਿੰਘ, ਅਜੈਬ ਸਿੰਘ ਤੇ ਕਾਕਾ ਸਿੰਘ (ਚਾਰੇ ਪੁੱਤਰ), ਵਲੈਤੀ ਰਾਮ ਡਾਇਰੈਕਟਰ ਕੋਆਪਰੇਟਿਵ ਬੈਂਕ, ਕਿਰਪਾਲ ਸਿੰਘ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ ਪੰਜੋਲਾ, ਗੁਰਵਿੰਦਰ ਸਿੰਘ, ਸੋਮ ਨਾਥ ਮੈਂਬਰ ਪੰਚਾਇਤ, ਭਾਈ ਸੁਖਵਿੰਦਰ ਸਿੰਘ ਹੈੱਡ ਗ੍ਰੰਥੀ, ਹਰਵਿੰਦਰ ਸਿੰਘ ਲਾਡੀ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਿਰਪਾਲ ਸਿੰਘ ਪੰਜੋਲਾ ਆਦਿ ਹਾਜ਼ਰ ਸਨ।

## ਮਾਊਂਟ ਲਿਟਰਾ ਜ਼ੀ ਸਕੂਲ ਨੇ ਯੋਗਾ 'ਚ ਮੈਡਲ ਜਿੱਤੇ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਸੈਂਟਰ ਪੱਧਰੀ ਪ੍ਰਾਇਮਰੀ ਸਕੂਲ ਖੇਡ ਮੁਕਾਬਲਿਆਂ ਵਿੱਚ ਮਾਊਂਟ ਲਿਟਰਾ ਜ਼ੀ ਸਕੂਲ ਰਾਮਪੁਰਾ ਦੇ ਵਿਦਿਆਰਥੀਆਂ ਨੇ ਯੋਗਾ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਗੋਲਡ ਮੈਡਲ ਪ੍ਰਾਪਤ ਕੀਤਾ।ਇਸ ਸਫਲਤਾ ਨੇ ਸਕੂਲ ਨੂੰ ਮਾਣ



ਦਿਵਾਇਆ ਹੈ ਅਤੇ ਵਿਦਿਆਰਥੀਆਂ ਨੇ ਸਕੂਲ ਦੇ ਨਾਲ-ਨਾਲ ਆਪਣਾ ਤੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ।ਇਸ ਮੌਕੇ ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ ਤੇ ਪ੍ਰਿੰਸੀਪਲ ਗੀਤਾ ਪਿੱਲੇ ਨੇ ਜੇਤੂ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਸਕੂਲ ਨੇ ਹਮੇਸ਼ਾ ਵਿਦਿਆਰਥੀਆਂ ਦੇ ਮਾਨਸਿਕ ਤੇ ਸਰੀਰਕ ਵਿਕਾਸ ਨੂੰ ਤਰਜੀਹ ਦਿੱਤੀ ਹੈ ਅਤੇ ਭਵਿੱਖ ਵਿੱਚ ਵੀ ਉਨ੍ਹਾਂ ਨੂੰ ਇਸੇ ਭਾਵਨਾ ਨਾਲ ਅਜਿਹੇ ਮੁਕਾਬਲਿਆਂ ਲਈ ਪ੍ਰੇਰਿਤ ਕਰਦਾ ਰਹੇਗਾ।

## ਛਾਜਲੀ 'ਚ ਰੁਕੀਆਂ ਸੜਕਾਂ ਦਾ ਨਿਰਮਾਣ ਕੰਮ ਸ਼ੁਰੂ

**ਦਿੜ੍ਹਬਾ (ਜਸਵੀਰ ਲਾਡੀ)**- ਵਿਧਾਨ ਸਭਾ ਹਲਕਾ ਦਿੜ੍ਹਬਾ ਦਾ ਸਭ ਤੋਂ ਵੱਡੇ ਪਿੰਡ ਛਾਜਲੀ ਵਿਖੇ ਰੁਕੀਆਂ ਸੜਕਾਂ ਦਾ ਕੰਮ ਸ਼ੁਰੂ ਹੋ ਗਿਆ ਹੈ।ਪਿੰਡ ਛਾਜਲੀ ਪੰਜਾਬ ਸਰਕਾਰ ਦੇ ਖਜ਼ਾਨਾ



ਮੰਤਰੀ ਹਰਪਾਲ ਸਿੰਘ ਚੀਮਾ ਦੇ ਵਿਧਾਨ ਸਭਾ ਹਲਕੇ ਦਾ ਪਿੰਡ ਹੈ, ਜਿਸ ਵੱਲ ਚੀਮਾ ਸਾਹਿਬ ਦੀ ਨਜ਼ਰ ਸਵੱਲੀ ਹੈ, ਜਿਸ ਕਰਕੇ ਗ੍ਰਾਂਟਾਂ ਦੇ ਗੱਫੇ ਦਿੱਤੇ ਜਾ ਰਹੇ ਹਨ।ਪਿੰਡ ਦੇ ਸਰਪੰਚ ਗੁਰਬਿਆਸ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਛਾਜਲੀ ਦੀ ਵਾਟਰ ਵਰਕਸ ਤੋਂ ਗੁਰਦੁਆਰਾ ਸ਼੍ਰੀ ਟਾਹਲੀ ਸਾਹਿਬ ਤੱਕ ਜੋ ਸੜਕ ਕਾਫ਼ੀ ਲੰਮੇ ਸਮੇਂ ਤੋਂ ਪੁੱਟੀ ਗਈ ਸੀ ਤੇ ਕੁਝ ਕਾਰਨਾਂ ਕਰਕੇ ਰੁਕੀ ਹੋਈ ਸੀ, ਜੋ ਹੁਣ ਬਨਣੀ ਸ਼ੁਰੂ ਹੋ ਚੁੱਕੀ ਹੈ।ਦੂਸਰੀ ਸੜਕ ਜੋ ਬਾਬਾ ਜੰਡਸਰ ਤੋਂ ਬਾਬਾ ਭਾਈ ਮੂਲ ਚੰਦ ਸਾਹਿਬ ਤੋਂ ਹੁੰਦੀ ਹੋਈ ਅੰਦਰਲੀ ਬਾਰਾਂਦਰੀ ਤੱਕ ਪਹਿਲਾਂ ਬਣਾਈ ਗਈ ਸੀ, ਪਰ ਉਸ ਦਾ ਲੇਬਲ ਉੱਚਾ ਹੋਣ ਕਰਕੇ ਲੋਕਾਂ ਦੇ ਘਰ ਨੀਵੇਂ ਹੋ ਗਏ ਸਨ, ਉਸ ਦਾ ਲੇਬਲ ਠੀਕ ਕਰਕੇ ਦੁਬਾਰਾ ਬਣਾਈ ਜਾ ਰਹੀ।ਇਹ ਦੋਵੇਂ ਸੜਕਾਂ ਧਾਰਮਿਕ ਸਥਾਨਾਂ ਨੂੰ ਆਉਣ-ਜਾਣ ਤੇ ਪਿੰਡ ਦਾ ਮੇਨ ਰਸਤੇ ਹਨ , ਜਿਸ ਕਰਕੇ ਲੋਕਾਂ ਨੂੰ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਸੀ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਅੰਤਰਰਾਸ਼ਟਰੀ ਬਾਲੜੀ ਦਿਵਸ ਮਨਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਮਾਨਯੋਗ ਕਾਰਜਕਾਰੀ ਚੇਅਰਮੈਨ-ਕਮ-ਜੱਜ, ਪੰਜਾਬ ਤੇ ਹਰਿਆਣਾ ਹਾਈ ਕੋਰਟ



ਚੰਡੀਗੜ੍ਹ ਦੀਆਂ ਹਦਾਇਤਾਂ ਤੇ ਸੁਮੀਤ ਮਲਹੋਤਰਾ ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਦੀ ਰਹਿਨੁਮਾਈ ਹੇਠ ਅਨੁਰਾਧਾ ਚੀਫ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ ਅੰਤਰਰਾਸ਼ਟਰੀ ਬਾਲੜੀ ਦਿਵਸ ਮਨਾਇਆ ਗਿਆ। ਇਸ ਮੌਕੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚੋਂ ਚੁਣੀਆਂ ਲੋੜਵੰਦ ਲੜਕੀਆਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਸਰਦੀਆਂ ਦੇ ਕੱਪੜੇ, ਜੁਰਾਬਾਂ, ਵਰਦੀਆਂ, ਬੂਟ, ਰਾਸ਼ਨ ਕਿੱਟਾਂ, ਜੂਸ ਤੇ ਸਫਾਈ ਸਾਮਾਨ ਦੀਆਂ ਕਿੱਟਾਂ ਵੰਡੀਆਂ। ਇਸ ਮੌਕੇ ਅਨੁਰਾਧਾ ਤੇ ਦਰਬਾਰੀ ਲਾਲ ਚੇਅਰਮੈਨ ਸਥਾਈ ਲੋਕ ਅਦਾਲਤ ਫਿਰੋਜ਼ਪੁਰ ਮੌਜੂਦ ਸਨ। ਇਸ ਦੇ ਨਾਲ ਹੀ ਅਮਿਤੇਜ ਸਿੰਘ, ਪੈਨਲ ਐਡਵੋਕੇਟ ਵੀ ਹਾਜ਼ਰ ਸਨ, ਜਿਨ੍ਹਾਂ ਨੇ ਪ੍ਰੋਗਰਾਮ ਵਿੱਚ ਹਾਜ਼ਰੀਨ ਨੂੰ ਇਸ ਦਿਨ ਦੀ ਵਧਾਈ ਦਿੱਤੀ ਅਤੇ ਇਸ ਦਿਵਸ ਨੂੰ ਮਨਾਉਣ ਦਾ ਕਾਰਨ ਦੱਸਿਆ। ਇਸ ਤੋਂ ਇਲਾਵਾ ਪੋਕਸੋ ਐਕਟ ਤੇ ਚਾਈਲਡ ਮੈਰਿਜ ਐਕਟ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

## ਸ਼ਹੀਦ ਪ੍ਰਿਥੀਪਾਲ ਸਿੰਘ ਦੀ ਬਰਸੀ ਸੰਗਰਾਮੀ ਜੋਸ਼ ਤੇ ਉਤਸ਼ਾਹ ਨਾਲ ਮਨਾਈ

**ਮਾਨਸਾ (ਆਤਮਾ ਸਿੰਘ ਪਮਾਰ)**- ਜ਼ਮੀਨ ਬਚਾਓ ਮੋਰਚੇ ਦੇ ਪਹਿਲੇ ਸ਼ਹੀਦ ਪ੍ਰਿਥੀਪਾਲ ਸਿੰਘ ਚੱਕ ਅਲੀ ਸ਼ੇਰ ਦੀ ਬਰਸੀ ਉਨ੍ਹਾਂ ਦੇ ਜੱਦੀ ਪਿੰਡ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਦੀ ਅਗਵਾਈ ਹੇਠ ਸੰਗਰਾਮੀ ਜੋਸ਼ ਤੇ ਉਤਸ਼ਾਹ ਨਾਲ ਮਨਾਈ ਗਈ।ਸ਼ਹੀਦੀ ਸਮਾਗਮ ਦੀ ਸ਼ੁਰੂਆਤ ਵਿੱਚ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਵੱਲੋਂ ਸ਼ਹੀਦੀ ਗੇਟ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦਾ ਨਵਾਂ ਝੰਡਾ ਲਹਿਰਾਇਆ ਗਿਆ।ਉਪਰੰਤ ਸ਼ਹੀਦ ਪ੍ਰਿਥੀਪਾਲ ਸਿੰਘ ਚੱਕ ਅਲੀ ਸ਼ੇਰ ਨੂੰ ਦੋ ਮਿੰਟ ਲਈ ਮੌਨ ਧਾਰਨ ਤੋਂ ਬਾਅਦ ਇਨਕਲਾਬੀ ਨਾਅਰਿਆਂ ਨਾਲ ਸ਼ਰਧਾਂਜਲੀ ਭੇਟ ਕੀਤੀ ਗਈ। ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਕਿਹਾ ਕਿ ਪਿਰਥੀਪਾਲ ਸਿੰਘ ਚੱਕ ਅਲੀ ਸ਼ੇਰ, ਸਦੀਆਂ ਤੋਂ ਜਾਰੀ ਜ਼ਮੀਨੀ ਜੰਗ ਦਾ ਸਿਰ ਕੱਢਵਾਂ ਸ਼ਹੀਦ ਹੈ।ਉਨ੍ਹਾਂ ਕਿਹਾ ਕਿ ਕਿਸਾਨਾਂ ਵੱਲੋਂ ਆਪਣੀਆਂ ਜ਼ਮੀਨਾਂ ਬਚਾਉਣ ਦੀ ਲੜਾਈ ਦੁੱਲੇ ਭੱਟੀ ਦੇ ਸਮੇਂ ਤੋਂ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ, ਪੈਪਸੂ ਮੁਜ਼ਾਰਾ ਲਹਿਰ, ਨਕਸਲਬਾੜੀ ਲਹਿਰ, ਤਿੰਨ ਕਾਲੇ ਖੇਤੀ ਕਾਨੂੰਨਾਂ ਖਿਲਾਫ ਇਤਿਹਾਸਿਕ ਦਿੱਲੀ ਘੋਲ ਅਤੇ ਲੈਂਡ ਪੂਲਿੰਗ ਵਿਰੋਧੀ ਘੋਲ ਰਾਹੀਂ ਹੁੰਦੀ ਹੋਈ ਅੱਜ ਵੀ ਲੜੀ ਜਾ ਰਹੀ ਹੈ।ਮੌਜੂਦਾ ਸਮੇਂ ਸਾਮਰਾਜੀ ਮੁਲਕਾਂ ਵੱਲੋਂ ਮੁਕਤ ਵਪਾਰ ਸਮਝੌਤਿਆਂ ਰਾਹੀਂ ਕਿਸਾਨਾਂ ਨੂੰ ਕੰਗਾਲ ਕਰਕੇ ਜ਼ਮੀਨਾਂ 'ਤੇ ਕਬਜ਼ਾ ਕਰਨ ਦੀਆਂ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ।ਆਗੂਆਂ ਨੇ ਕਿਹਾ ਕਿ ਲੋਕਾਂ ਦੇ ਜਥੇਬੰਦਕ ਸੰਘਰਸ਼ਾਂ ਨਾਲ ਹੀ ਜ਼ਮੀਨਾਂ ਦੀ ਰਾਖੀ ਕੀਤੀ ਜਾ ਸਕਦੀ ਹੈ।ਇਸ ਤਰ੍ਹਾਂ ਦੇ ਘੋਲਾਂ ਲਈ ਸ਼ਹੀਦ ਪਿਰਥੀ ਪਾਲ ਸਿੰਘ ਚੱਕ ਅਲੀ ਸ਼ੇਰ ਦੀ ਸ਼ਹਾਦਤ ਕਿਸਾਨਾਂ ਦਾ



ਰਾਹ ਰੁਸ਼ਨਾਉਂਦੀ ਰਹੇਗੀ। ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਅਮਨਦੀਪ ਸਿੰਘ ਲਲਤੋਂ ਤੇ ਸੂਬਾ ਜਥੇਬੰਦਕ ਸਕੱਤਰ [illegible] ਸਿੰਘ ਕਿਸ਼ਨਗੜ੍ਹ ਨੇ ਮਾਨਸਾ ਜ਼ਿਲ੍ਹੇ ਅੰਦਰ ਚੱਲ ਰਹੇ ਸੰਘਰਸ਼ਾਂ 'ਤੇ ਚਾਨਣਾ ਪਾਇਆ ਤੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਤੇ ਸੁਪਰੀਮ ਕੋਰਟ ਦੀਆਂ ਹਦਾਇਤਾਂ ਅਨੁਸਾਰ ਕਿਸਾਨਾਂ ਨੂੰ ਪਰਾਲ਼ੀ ਸਾਂਭਣ ਲਈ ਸੰਦ ਜਾਂ ਆਰਥਿਕ ਸਹਾਇਤਾ ਦਿੱਤੇ ਤੋਂ ਬਿਨਾਂ ਹੀ ਮਜਬੂਰੀ ਵੱਸ ਪਰਾਲ਼ੀ ਸਾੜਨ ਵਾਲੇ ਕਿਸਾਨਾਂ ਖਿਲਾਫ ਕੀਤੀ ਜਾਣ ਵਾਲੀ ਹਰ ਕਾਰਵਾਈ ਦਾ ਜਥੇਬੰਦੀ ਡੱਟਵਾਂ ਵਿਰੋਧ ਕਰੇਗੀ। ਸੂਬਾ ਕਮੇਟੀ ਵੱਲੋਂ ਸ਼ਹੀਦ ਪਿਰਥੀਪਾਲ ਸਿੰਘ ਚੱਕ ਅਲੀ ਸ਼ੇਰ ਦੀ ਧਰਮ ਪਤਨੀ ਸੁਖਜਿੰਦਰ ਕੌਰ, ਤਰਸੇਮ ਸਿੰਘ ਚੱਕ ਅਲੀ ਸ਼ੇਰ ਤੇ ਲਛਮਣ ਸਿੰਘ ਚੱਕ ਅਲੀ ਸ਼ੇਰ ਨੂੰ ਸਨਮਾਨਤ ਕੀਤਾ ਗਿਆ।ਲੋਕ ਕਲਾ ਮੰਚ ਮੁੱਲਾਂਪੁਰ ਦਾਖਾ ਵੱਲੋਂ ਸੁਰਿੰਦਰ ਸ਼ਰਮਾ ਦੀ ਨਿਰਦੇਸ਼ਨਾ ਹੇਠ ਨਾਟਕ 'ਕੰਮੀਆਂ ਦਾ ਵਿਹੜਾ' ਖੇਡਿਆ ਗਿਆ।ਸਟੇਜ ਸਕੱਤਰ ਦੀ ਜ਼ਿੰਮੇਵਾਰੀ ਮੱਖਣ ਸਿੰਘ ਭੈਣੀ ਬਾਘਾ ਨੇ ਨਿਭਾਈ।

## ਹੈਂਡਬਾਲ ਕੋਚਿੰਗ ਸੈਂਟਰ ਦੇ ਬੱਚਿਆਂ ਨੂੰ ਖੇਡ ਕਿੱਟਾਂ ਵੰਡੀਆਂ

**ਕੋਟਕਪੂਰਾ (ਰਛਪਾਲ ਭੁੱਲਰ)** : ਮਾਨਯੋਗ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਦੇ ਸਹਿਯੋਗ ਨਾਲ ਹਲਕੇ ਦੇ ਦਿਹਾਤੀ ਬਲਾਕ ਪ੍ਰਧਾਨ ਸੰਦੀਪ ਸਿੰਘ ਕੰਮੇਆਣਾ ਦੀ ਅਗਵਾਈ ਹੇਠ ਨੇੜਲੇ ਪਿੰਡ ਕੰਮੇਆਣਾ ਦੇ ਖੇਡ ਸਟੇਡੀਅਮ ਵਿਖੇ ਹੈਂਡਬਾਲ ਕੋਚਿੰਗ ਸੈਂਟਰ ਦੇ ਬੱਚਿਆਂ ਨੂੰ ਖੇਡ ਕਿੱਟਾਂ ਵੰਡੀਆਂ ਗਈਆਂ।ਇਸ ਮੌਕੇ ਸੰਦੀਪ ਸਿੰਘ ਕੰਮੇਆਣਾ ਨੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਉਹ ਖੇਡਾਂ ਦੇ ਖੇਤਰ ਵਿੱਚ ਅੱਗੇ ਵਧਣ, ਉਨ੍ਹਾਂ ਨੂੰ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਕਿਸੇ ਵੀ ਖੇਡ ਸਮੱਗਰੀ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਸ਼ੈਰੀ ਸ਼ਾਹ ਸੋਸ਼ਿਆਲਾਵਰ ਤੇ ਸਪੋਰਟਸ ਕਲੱਬ ਦੇ ਪ੍ਰਧਾਨ ਜਸਪਾਲ ਸਿੰਘ ਨੇ ਕਿਹਾ ਕਿ ਖੇਡਾਂ ਜਿੱਥੇ ਨੌਜਵਾਨਾਂ ਨੂੰ ਅਨੁਸ਼ਾਸਨ ਵਿੱਚ ਰਹਿਣਾ ਸਿਖਾਉਂਦੀਆਂ ਹਨ, ਉੱਥੇ ਹੀ ਖੇਡਾਂ ਦੇ ਖੇਤਰ ਵਿੱਚ ਆ ਕੇ ਸਾਡੀ ਨੌਜਵਾਨ ਪੀੜ੍ਹੀ ਨਸ਼ਿਆਂ ਤੇ ਹੋਰ ਸਮਾਜਿਕ ਅਲਾਮਤਾਂ ਤੋਂ ਬਚੇਗੀ।ਸੰਦੀਪ ਸਿੰਘ ਕੰਮੇਆਣਾ ਨੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਛੋਟੇ ਹੁੰਦਿਆਂ ਹੀ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵੱਲ ਪ੍ਰੇਰਿਤ ਜ਼ਰੂਰ ਕਰਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੋਨਾ ਜੌਹਲ, ਗੋਪੀ ਸਿੰਘ, ਨੈਸ਼ਨਲ ਖਿਡਾਰੀ ਹੁਸਨਦੀਪ ਸਿੰਘ, ਸੁਖਪ੍ਰੀਤ ਸਿੰਘ, ਮਹਿਕ ਸ਼ਰਮਾ ਸਮੇਤ ਸਮੂਹ ਹੈਂਡਬਾਲ ਖਿਡਾਰੀ ਹਾਜ਼ਰ ਸਨ।

## ਐਡਵੋਕੇਟ ਹੈਪੀ ਗਰਗ 'ਆਪ' ਦੇ ਉੱਪ ਮੀਡੀਆ ਕੋਆਰਡੀਨੇਟਰ ਨਿਯੁਕਤ

**ਧੂਰੀ (ਮੋਹਿਤ ਗਰਗ, ਵਿਨੀ ਗਰਗ)**- ਧੂਰੀ ਹਲਕੇ ਦੀ ਆਮ ਆਦਮੀ ਪਾਰਟੀ ਦੀ ਜਥੇਬੰਦਕ ਟੀਮ ਨੂੰ ਹੋਰ ਮਜ਼ਬੂਤ ਕਰਦੇ ਹੋਏ ਪਾਰਟੀ ਹਾਈਕਮਾਨ ਨੇ ਸਥਾਨਕ ਐਕਟੀਵਿਸਟ ਐਡਵੋਕੇਟ ਹੈਪੀ ਗਰਗ ਨੂੰ ਹਲਕਾ ਧੂਰੀ ਦਾ ਉੱਪ ਮੀਡੀਆ ਕੋਆਰਡੀਨੇਟਰ ਨਿਯੁਕਤ ਕੀਤਾ ਹੈ।ਉਨ੍ਹਾਂ ਦੀ ਇਹ ਨਿਯੁਕਤੀ ਪਾਰਟੀ ਦੀ ਮੀਡੀਆ ਟੀਮ ਵਿੱਚ ਨਵੀਂ ਊਰਜਾ ਤੇ ਜ਼ਿੰਮੇਵਾਰੀ ਭਰਭਾ ਕਦਮ ਮੰਨਿਆ ਜਾ ਰਿਹਾ ਹੈ।ਆਪਣੀ ਨਿਯੁਕਤੀ 'ਤੇ ਖ਼ੁਸ਼ੀ ਪ੍ਰਗਟ ਕਰਦੇ ਹੋਏ



ਐਡਵੋਕੇਟ ਹੈਪੀ ਗਰਗ ਨੇ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ, ਪ੍ਰਭਾਰੀ ਮਨੀਸ਼ ਸਿਸੋਦੀਆ, ਪੰਜਾਬ ਪ੍ਰਧਾਨ ਅਮਨ ਅਰੋੜਾ, ਪੰਜਾਬ ਲਘੂ ਉਦਯੋਗ ਵਿਕਾਸ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਤੇ ਮੁੱਖ ਮੰਤਰੀ ਕੈਂਪ ਦਫ਼ਤਰ ਧੂਰੀ ਦੇ ਇੰਚਾਰਜ ਰਾਜਵੰਤ ਸਿੰਘ ਘੁੱਲੀ ਦਾ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਪਾਰਟੀ ਨੇ ਜਿਹੜਾ ਭਰੋਸਾ ਉਨ੍ਹਾਂ 'ਤੇ ਜਤਾਇਆ ਹੈ, ਉਹ ਉਸ 'ਤੇ ਪੂਰੀ ਤਰ੍ਹਾਂ ਖਰਾ ਉਤਰਨਗੇ। ਹੈਪੀ ਗਰਗ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੇ ਵਿਚਾਰਾਂ ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਇਮਾਨਦਾਰ ਤੇ ਲੋਕਪੱਖੀ ਰਾਜਨੀਤੀ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਪੂਰੀ ਤਨਦੇਹੀ ਤੇ ਸਮਰਪਣ ਨਾਲ ਕੰਮ ਕਰਨਗੇ।ਇਸ ਮੌਕੇ ਉਨ੍ਹਾਂ ਦੇ ਸਹਿਯੋਗੀਆਂ ਤੇ ਸਮਾਜਸੇਵੀਆਂ ਨੇ ਵੀ ਉਨ੍ਹਾਂ ਨੂੰ ਵਧਾਈ ਦਿੱਤੀ।

## ਲੌਂਗੋਵਾਲ ਵਿਖੇ ਪੀ ਐੱਸ ਪੀ ਸੀ ਐੱਲ ਵੱਲੋਂ ਨਵੇਂ ਫੀਡਰ ਦਾ ਕੰਮ ਸ਼ੁਰੂ

**ਲੌਂਗੋਵਾਲ (ਪ੍ਰਦੀਪ ਸੱਪਲ)** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰ ਅੰਦੇਸ਼ੀ ਅਗਵਾਈ ਤੇ ਬਿਜਲੀ ਮੰਤਰੀ ਸੰਜੀਵ ਅਰੋੜਾ ਦੀ ਸਰਗਰਮ ਸੇਧ ਅਧੀਨ ਆਊਟੇਜ ਰਿਡਕਸ਼ਨ ਲਈ ਪੀ.ਐੱਸ.ਪੀ.ਸੀ.ਐੱਲ. ਵੱਲੋਂ ਪੰਜਾਬ ਭਰ ਵਿੱਚ 5000 ਕਰੋੜ ਦੇ ਕੰਮਕਾਜ ਸ਼ੁਰੂ ਕੀਤੇ ਗਏ



ਹਨ।ਇਸ ਤਹਿਤ ਸੰਗਰੂਰ ਜ਼ਿਲ੍ਹੇ ਵਿੱਚ 149 ਕਰੋੜ ਦੇ ਕੰਮ ਸ਼ੁਰੂ ਕੀਤੇ ਜਾ ਰਹੇ ਹਨ, ਜਿਸ ਵਿੱਚ ਨਵੇਂ ਫੀਡਰ, ਨਵੇਂ ਟਰਾਂਸਫਾਰਮਰ, ਛੋਟੇ ਟਰਾਂਸਫਾਰਮਾਂ ਨੂੰ ਵੱਡੇ ਕਰਨਾ, ਸਬ-ਸਟੇਸ਼ਨਾਂ ਦੇ ਪਾਵਰ ਟਰਾਂਸਫਾਰਮਰ ਵੱਡੇ ਕਰਨਾ, ਪੁਰਾਣੀਆਂ ਤਾਰਾਂ ਨੂੰ ਬਦਲੀ ਕਰਨਾ ਆਦਿ ਸ਼ਾਮਲ ਹੈ।ਇਸ ਲੜੀ ਤਹਿਤ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਓ.ਐੱਸ.ਡੀ. ਸੰਜੀਵ ਕੁਮਾਰ ਨੇ 66 ਕੇ.ਵੀ. ਗਰਿੱਡ ਲੌਂਗੋਵਾਲ ਵਿਖੇ 11 ਕੇ. ਵੀ. ਫੀਡਰ ਗੁਰਦੁਆਰਾ ਸਾਹਿਬ ਬਾਬਾ ਆਲੇ ਕੇ ਢਾਬ ਕੈਟਾਗਰੀ-1 ਦਾ ਕੰਮ ਸ਼ੁਰੂ ਕਰਵਾਇਆ।ਇਸ ਨਵੇਂ ਫੀਡਰ ਦੇ ਚਾਲੂ ਹੋਣ ਨਾਲ ਲੌਂਗੋਵਾਲ ਕੈਟਾਗਰੀ-1 ਫੀਡਰ ਤੇ ਗੁੱਗਾ ਮਾੜੀ ਕੈਟਾਗਰੀ-1 ਫੀਡਰ ਅੰਡਰਲੋਡ ਹੋ ਜਾਣਗੇ, ਜਿਸ ਨਾਲ ਇਨ੍ਹਾਂ ਫੀਡਰਾਂ ਤਹਿਤ ਏਰੀਏ ਵਿੱਚ ਬਿਜਲੀ ਸਪਲਾਈ ਦਾ ਸੁਧਾਰ ਹੋਵੇਗਾ।

## ਆਈ ਪੀ ਐੱਸ ਅਧਿਕਾਰੀ ਦੀ ਖੁਦਕਸ਼ੀ 'ਤੇ ਜਵਾਬ ਦੇਵੇ ਸਰਕਾਰ : ਕੁਮਾਰੀ ਸ਼ੈਲਜਾ

**ਸਿਰਸਾ (ਸੁਰਿੰਦਰ ਪਾਲ ਸਿੰਘ)** : ਸਾਬਕਾ ਕੇਂਦਰੀ ਮੰਤਰੀ ਤੇ ਸਿਰਸਾ ਤੋਂ ਕਾਂਗਰਸ ਸੰਸਦ ਮੈਂਬਰ ਕੁਮਾਰੀ ਸ਼ੈਲਜਾ ਨੇ ਸੀਨੀਅਰ ਆਈਪੀਐੱਸ ਅਧਿਕਾਰੀ ਵਾਈ. ਪੂਰਨ ਕੁਮਾਰ ਦੇ ਸਦੀਵੀ ਵਿਛੋੜੇ 'ਤੇ ਪਰਵਾਰ ਨੂੰ ਮਿਲਦਿਆਂ ਕਿਹਾ ਕਿ ਰਾਜ ਦੀ ਭਾਜਪਾ ਸਰਕਾਰ ਨੂੰ ਆਈਪੀਐੱਸ ਅਧਿਕਾਰੀ ਵਾਈ. ਪੂਰਨ ਕੁਮਾਰ ਦੀ ਖੁਦਕੁਸ਼ੀ ਲਈ ਜਵਾਬ ਦੇਣਾ ਪਵੇਗਾ। ਉਨ੍ਹਾਂ ਕਿਹਾ ਕਿ ਅਜਿਹਾ ਕਿਉਂ ਹੋਇਆ? ਵਾਰ-ਵਾਰ ਚੇਤਾਵਨੀਆਂ ਦੇਣ ਦੇ ਬਾਵਜੂਦ ਕਿਸੇ ਨੇ ਉਸ ਦੀ ਗੱਲ ਕਿਉਂ ਨਹੀਂ ਸੁਣੀ? ਕੁਮਾਰੀ ਸ਼ੈਲਜਾ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਇਹ ਕੋਈ ਇਕੱਲੀ ਘਟਨਾ ਨਹੀਂ ਹੈ। ਉਨ੍ਹਾਂ ਕਿਹਾ ਕਿ ਖੁਦਕੁਸ਼ੀ ਨੋਟ ਵਿੱਚ ਨਾਮਜ਼ਦ ਅਧਿਕਾਰੀਆਂ 'ਤੇ ਤੁਰੰਤ ਕਾਰਵਾਈ ਹੋਵੇ। ਇਹ ਸਿਰਫ ਇੱਕ



ਵਿਅਕਤੀ ਦੀ ਤ੍ਰਾਸਦੀ ਨਹੀਂ, ਇਹ ਪੂਰੇ ਸਿਸਟਮ ਦੀ ਨਾਕਾਮੀ ਹੈ। ਮੈਡਮ ਸੈਲਜ਼ਾ ਨੇ ਕਿਹਾ ਕਿ ਆਈਪੀਐੱਸ ਅਧਿਕਾਰੀ ਵਾਈ. ਪੂਰਨ ਕੁਮਾਰ ਦੀ ਪਤਨੀ ਅਮਨੀਤ, ਜੋ ਖੁਦ ਇੱਕ ਸੀਨੀਅਰ ਆਈਏਐੱਸ ਅਧਿਕਾਰੀ ਹੈ ਅਤੇ ਉਸ ਦੇ ਬੱਚਿਆਂ ਸਮੇਤ ਪੂਰੇ ਪਰਵਾਰ ਨੂੰ ਅੱਜ ਇਨਸਾਫ਼ ਮੰਗਣ ਲਈ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਕਿ ਸ਼ਰਮਨਾਕ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਨੂੰ ਇਸ ਦਾ ਜਵਾਬ ਦੇਣਾ ਚਾਹੀਦਾ ਹੈ।

## ਝਾੜ ਸਾਹਿਬ ਕਾਲਜ ਵਿਖੇ ਆਨਲਾਈਨ ਵੈਬੀਨਾਰ ਕਰਵਾਇਆ

**ਸਮਰਾਲਾ (ਸੁਰਜੀਤ ਸਿੰਘ)**- ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ ਝਾੜ ਸਾਹਿਬ ਵਿਖੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਅਗਵਾਈ ਹੇਠ ਕਾਮਰਸ ਵਿਭਾਗ ਵੱਲੋਂ ਪਲੂਟਸ ਐਜੂਕੇਸ਼ਨ ਦੇ ਸਹਿਯੋਗ ਨਾਲ ਵੱਡੀਆਂ ਪੇਸ਼ੇਵਰ ਕੰਪਨੀਆਂ ਤੇ ਮਲਟੀ ਨੈਸ਼ਨਲ ਕੰਪਨੀਆਂ ਵਿੱਚ ਉੱਚ ਪੱਧਰ ਵਾਲੇ ਰੁਜ਼ਗਾਰ ਨੂੰ ਹਾਸਲ ਕਰਨ ਦੇ ਵਿਸ਼ੇ 'ਤੇ ਆਨਲਾਈਨ ਵੈਬੀਨਾਰ ਕੀਤਾ ਗਿਆ।ਇਸ ਵੈਬੀਨਾਰ ਦਾ ਮੁੱਖ ਉਦੇਸ਼ ਵਿਦਿਆਰਥਣਾਂ ਨੂੰ ਆਪਣੇ ਭਵਿੱਖ ਮੁਖੀ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਸਪੱਸ਼ਟ ਮਾਰਗ ਦਰਸ਼ਨ ਦੇਣਾ ਸੀ।ਇਸ ਵੈਬੀਨਾਰ ਦੇ ਮੁੱਖ ਵਕਤਾ ਸੁਖਪ੍ਰੀਤ ਮੌਂਗਾ ਆਡੀਟਿੰਗ ਤੇ ਟੈਕਸ ਕਨਸਲਟੈਂਟ ਨੇ ਬੈਚਲਰ ਆਫ ਕਾਮਰਸ ਕੋਰਸ ਤੋਂ ਬਾਅਦ ਵੱਖ ਵੱਖ ਮੌਕਿਆਂ, ਜਿਨ੍ਹਾਂ ਵਿੱਚ ਚਾਰਟਡ ਅਕਾਊਂਟੈਂਟ, ਕੰਪਨੀ ਸੈਕਟਰੀ, ਏ.ਸੀ.ਸੀ.ਏ. ਤੇ ਹੋਰ ਰੁਜ਼ਗਾਰਾਂ ਬਾਰੇ ਦੱਸਿਆ ਅਤੇ ਨਾਲ ਹੀ ਉਪਰੋਕਤ ਪੇਸ਼ੇਵਰ ਖੇਤਰਾਂ ਵਿੱਚ ਦਾਖਲ ਹੋਣ ਦੀ ਪ੍ਰਕਿਰਿਆ ਬਾਰੇ ਵੀ ਜਾਣਕਾਰੀ ਦਿੱਤੀ।ਵਿਦਿਆਰਥਣਾਂ ਨੂੰ ਐਸੋਸੀਏਸ਼ਨ ਆਫ਼ ਚਾਰਟਡ



ਸਰਟੀਫਾਈਡ ਅਕਾਊਂਟੈਂਟਸ ਪੇਸ਼ੇਵਰ ਕੋਰਸ ਪੂਰਾ ਕਰਨ ਉਪਰੰਤ ਵਿਸ਼ਵ ਵਿਆਪੀ ਕਰੀਅਰ ਮੌਕਿਆਂ ਤੋਂ ਜਾਣੂ ਕਰਵਾਇਆ ਤੇ ਨਾਲ ਹੀ ਇਸ ਦੇ ਲਾਭ ਤੇ ਯੋਗਤਾ ਬਾਰੇ ਦੱਸਿਆ ਗਿਆ। ਵਿਦਿਆਰਥਣਾਂ ਨੂੰ ਪਲੂਟਸ ਐਜੂਕੇਸ਼ਨ ਦੁਆਰਾ ਈ ਸਰਟੀਫਿਕੇਟ ਵੀ ਪ੍ਰਦਾਨ ਕੀਤੇ ਗਏ।ਇਸ ਮੌਕੇ ਕਾਲਜ ਪ੍ਰਿੰਸੀਪਲ ਨੇ ਕਿਹਾ ਕਿ ਇਸ ਵੈਬੀਨਾਰ ਰਾਹੀਂ ਵਿਦਿਆਰਥਣਾਂ ਨੇ ਆਪਣੇ ਭਵਿੱਖ ਵਿੱਚ ਮਿੱਥੇ ਟੀਚਿਆਂ ਨੂੰ ਪ੍ਰਾਪਤ ਕਰਨ ਦਾ ਇੱਕ ਸਪੱਸ਼ਟ ਮਾਰਗ ਦਰਸ਼ਨ ਪ੍ਰਾਪਤ ਕੀਤਾ ਹੈ।ਕਾਲਜ ਦੇ ਵੱਖ ਵੱਖ ਵਿਭਾਗਾਂ ਵੱਲੋਂ ਅਜਿਹੇ ਸੈਮੀਨਾਰ ਤੇ ਵੈਬੀਨਾਰ ਸਮੇਂ ਸਮੇਂ 'ਤੇ ਕੀਤੇ ਜਾਂਦੇ ਹਨ ਤਾਂ ਜੋ ਵਿਦਿਆਰਥੀ ਸਮੇਂ ਦੇ ਹਾਣੀ ਬਣ ਸਕਣ।ਇਸ ਵੈਬੀਨਾਰ ਵਿੱਚ ਅਸਿ. ਪ੍ਰੋ. ਮਿਸ ਆਰਤੀ ਰਾਣੀ, ਅਸਿ. ਪ੍ਰੋ. ਮਿਸ ਅਮਨਦੀਪ ਕੌਰ ਤੇ ਅਸਿ. ਪ੍ਰੋ. ਮਿਸ ਸਿਮਰਨਪ੍ਰੀਤ ਕੌਰ ਮੌਜੂਦ ਸਨ।

## ਲਾਹੌਰ ਤੇ ਦਿੱਲੀ ਦੇ ਮਸਲੇ ਹੱਲ ਹੋਣੇ ਚਾਹੀਦੇ : ਡਾ. ਤੇਜਵੰਤ ਮਾਨ

**ਸੰਗਰੂਰ (ਪ੍ਰਵੀਨ ਸਿੰਘ)**- ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਤੇ ਸਮਜਿਕ ਸੰਦਰਭਾਂ ਬਾਰੇ ਗੰਭੀਰ ਸੰਵਾਦ ਰਚਾਉਣ ਲਈ ਪੰਜਾਬੀ ਸਾਹਿਤ ਸਭਾ ਸੰਗਰੂ (ਰਜਿ.) ਨੇ ਪੁਸਤਕ ਲੋਕ ਅਰਪਣ ਤੇ ਵਿਚਾਰ ਚਰਚਾ ਦਾ ਆਯੋਜਨ ਡਾ. ਤੇਜਵੰਤ ਮਾਨ ਸਾਹਿਤ ਰਤਨ ਦੀ ਪ੍ਰਧਾਨਗੀ ਹੇਠ ਮਾਨਭਵਨ ਸੰਗਰੂਰ ਵਿਖੇ ਕੀਤਾ ਗਿਆ।ਇਸ ਸਮਾਗਮ ਵਿੱਚ ਕੈਨੇਡਾ ਦੇ ਪ੍ਰੌੜ ਤੇ ਪ੍ਰਸਿੱਧ ਸਾਹਿਤਕਾਰ ਸੁਰਿੰਦਰ ਸਿੰਘ ਜੱਬਲ ਦੀ ਪੁਸਤਕ ਵਿਰਾਸਤ ਦੇ ਰੂਬਰੂ ਕਾਵਿ ਸੰਗ੍ਰਹਿ ਲੋਕ ਅਰਪਣ ਕੀਤਾ ਗਿਆ।ਡਾ. ਤੇਜਵੰਤ ਮਾਨ ਨੇ ਕਿਹਾ ਕਿ ਇਹ ਪੁਸਤਕ ਪੰਜਾਬੀ ਕੌਮੀਅਤ ਦੇ ਪ੍ਰਸੰਗ ਵਿੱਚ ਅਜੋਕੇ ਸਮੇਂ ਲਾਹੌਰ ਤੇ ਦਿੱਲੀ ਦੇ ਉਲਝੇ ਮਸਲਿਆਂ ਬਾਰੇ ਬਾਹਰਮੁਖੀ ਸੰਵਾਦ ਰਚਾਉਂਦੀ ਹੈ। ਇਸ ਪੁਸਤਕ ਦੀਆਂ ਰਚਨਾਵਾਂ ਜਿੱਥੇ ਗੁਰਮਤਿ ਆਸ਼ੇ ਅਨੁਸਾਰ ਮਾਨਵਤਾ ਦੀ ਭਲਾਈ ਦਾ ਉਦੇਸ਼ ਦਿੰਦੀਆਂ ਹਨ, ਉਥੇ ਹੀ ਰਾਜਸੀ ਸ਼ਕਤੀਆਂ ਵੱਲੋਂ ਉਲਝਾਈਆਂ ਜਾ ਰਹੀਆਂ ਤੰਦਾਂ ਨੂੰ ਸੁਲਝਾਉਣ ਦਾ ਠੋਸ ਉਪਰਾਲਾ ਹਨ।ਅਜੋਕੇ ਸਮੇਂ ਵਿੱਚ ਲਾਹੌਰ ਤੇ ਦਿੱਲੀ ਦੇ ਮਸਲੇ ਹੱਲ ਹੋਣੇ ਚਾਹੀਦੇ ਹਨ।ਅਮਰ ਗਰਗ ਕਲਮਦਾਨ ਨੇ ਮਿਥਿਹਾਸ ਦੇ ਸੰਦਰਭ ਵਿੱਚ ਪੁਸਤਕ ਬਾਰੇ



ਬਾਹਮੁਖੀ ਬ੍ਰਿਤਾਂਤ ਸਿਰਜਿਆ।ਡਾ. ਭਗਵੰਤ ਸਿੰਘ ਨੇ ਲੇਖਕ ਦੀ ਬੌਧਿਕ ਅਮੀਰੀ ਤੇ ਸੁਹਜਾਤਮਕ ਪੱਖਾਂ ਦੀ ਗੱਲ ਕਰਦੇ ਇਸ ਦੇ ਇਤਿਹਾਸਕ ਪ੍ਰਸੰਗਾਂ ਨੂੰ ਛੂਹਿਆ। ਗੁਰਨਾਮ ਸਿੰਘ ਨੇ ਜੱਬਲ ਦੀਆਂ ਕਵਿਤਾਵਾਂ ਦਾ ਬਹੁਤ ਵਧੀਆ ਗਾਇਨ ਕੀਤਾ।ਨਿਹਾਲ ਸਿੰਘ ਮਾਨ ਨੇ ਗੁਰਬਾਣੀ ਹਵਾਲੇ ਨਾਲ ਇਸ ਨੂੰ ਵਧੀਆ ਪੁਸਤਕ ਦਰਸਾਇਆ।ਜਗਦੀਪ ਸਿੰਘ ਨੇ ਪੁਸਤਕ ਦੀ ਬਿੰਬਾਵਲੀ, ਸ਼ੈਲੀ ਤੇ ਅਲੰਕ੍ਰਿਤ ਭਾਸ਼ਾ ਨੂੰ ਸਰਾਹਿਆ।ਬਲਜਿੰਦਰ ਈਲਵਾਲ ਨੇ ਕਵਿਤਾ ਦੇ ਸਮਾਜਕ ਪੱਖਾਂ ਦੀ ਕਾਵਿਮਈ ਗੱਲ ਕੀਤੀ। ਡਾ. ਰਾਜੀਵ ਪੁਰੀ ਨੇ ਇਸ ਦੇ ਮਾਨਵਤਾਵਾਦੀ ਪਸਾਰਾਂ ਨੂੰ ਪੇਸ਼ ਕੀਤਾ।ਇਸ ਮੌਕੇ ਸੰਦੀਪ ਸਿੰਘ, ਚਰਨਜੀਤ ਸਿੰਘ, ਮਹਿੰਦਰ ਸਿੰਘ, ਅਵਤਾਰ ਸਿੰਘ, ਹਰਪਾਲ ਸਿੰਘ ਚਰਨ ਆਦਿਕ ਅਨੇਕਾਂ ਸਾਹਿਤਕਾਰ ਹਾਜ਼ਰ ਸਨ।ਜਗਦੀਪ ਸਿੰਘ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।ਡਾ. ਭਗਵੰਤ ਸਿੰਘ ਨੇ ਸਮਾਗਮ ਬਾਰੇ ਗੱਲ ਕਰਦੇ ਹੋਏ ਭਵਿੱਖੀ ਪ੍ਰੋਗਰਾਮਾਂ ਦੀ ਜਾਣਕਾਰੀ ਦਿੱਤੀ।ਗੁਰਨਾਮ ਸਿੰਘ ਨੇ ਬਹੁਤ ਹੀ ਖ਼ੂਬਸੂਰਤੀ ਨਾਲ ਮੰਚ ਸੰਚਾਲਨਾ ਕੀਤੀ।ਇਸ ਸਮਾਗਮ ਵਿੱਚ ਜੈਤੇਗ ਸਿੰਘ ਆਨੰਤ ਦੇ ਪ੍ਰਵਾਸ ਵਿੱਚ ਪੰਜਾਬੀ ਭਾਸ਼ਾ ਲਈ ਕੀਤੇ ਜਾਂਦੇ ਉਪਰਾਲਿਆਂ ਬਾਰੇ ਵੀ ਗੰਭੀਰ ਚਰਚਾ ਕੀਤੀ।

## ਫਾਈਨਾਂਸ ਕੰਪਨੀ ਦਾ ਕਰਮਚਾਰੀ ਨਕਦੀ ਵਾਲੇ ਬੈਗ ਸਮੇਤ ਰੂਪੋਸ਼

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਇੱਕ ਫਾਈਨਾਂਸ ਕੰਪਨੀ ਦੇ ਮੈਨੇਜਰ ਵੱਲੋਂ ਆਪਣੀ ਕੰਪਨੀ ਦੇ ਇੱਕ ਫੀਲਡ ਅਫ਼ਸਰ ਵਿਰੁੱਧ ਨਕਦੀ ਸਮੇਤ ਜਾਣ ਬੁੱਝ ਕੇ ਰੂਪੋਸ਼ ਹੋ ਜਾਣ ਦਾ ਮਾਮਲਾ ਦਰਜ ਕਰਵਾਏ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਤਰਲੋਚਨ ਸਿੰਘ ਨਾਮਕ ਵਿਅਕਤੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਹ ਇੱਕ ਨਿੱਜੀ ਫਾਈਨਾਂਸ ਕੰਪਨੀ ਦੀ ਸਥਾਨਕ ਬ੍ਰਾਂਚ ਵਿੱਚ ਮੈਨੇਜਰ ਵਜੋਂ ਤਾਇਨਾਤ ਹੈ।ਉਹ ਆਪਣੀ ਕੰਪਨੀ ਦੇ ਫੀਲਡ ਅਫਸਰ ਰਣਜੀਤ ਸਿੰਘ ਸਮੇਤ ਇੱਕ ਸਥਾਨਕ ਬੈਂਕ ਦੀ ਬਰਾਂਚ ਵਿੱਚ ਨਕਦੀ ਜਮ੍ਹਾਂ ਕਰਾਉਣ ਗਏ ਸਨ ਤੇ ਨਕਦੀ ਵਾਲਾ ਬੈਗ, ਜਿਸ ਵਿੱਚ 1,76,875/- ਰੁਪਏ ਸਨ, ਉਸ ਨੇ ਫੀਲਡ ਅਫਸਰ ਰਣਜੀਤ ਸਿੰਘ ਨੂੰ ਫੜਾਇਆ ਹੋਇਆ ਸੀ।ਬੈਂਕ ਅੰਦਰ ਜਾ ਕੇ ਰਣਜੀਤ ਸਿੰਘ ਨੇ ਉਸ ਨੂੰ ਕਿਹਾ ਕਿ ਮੈਨੂੰ ਜ਼ਰੂਰੀ ਫੋਨ ਆਇਆ ਹੈ, ਮੈਂ ਬਾਹਰ ਖੜ੍ਹ ਕੇ ਫੋਨ ਸੁਣ ਲਵਾਂ, ਜਿਸ ਤੋਂ ਬਾਅਦ ਰਣਜੀਤ ਸਿੰਘ ਫੋਨ ਸੁਣਦਾ ਸੁਣਦਾ ਨਕਦੀ ਵਾਲਾ ਬੈਗ ਲੈ ਕੇ ਬੈਂਕ ਤੋਂ ਬਾਹਰ ਆ ਗਿਆ।ਜਦੋਂ 15/20 ਮਿੰਟ ਬਾਅਦ ਵੀ ਰਣਜੀਤ ਸਿੰਘ ਵਾਪਸ ਬੈਂਕ ਅੰਦਰ ਨਾ ਆਇਆ ਤਾਂ ਉਸ ਨੇ ਬਾਹਰ ਜਾ ਕੇ ਦੇਖਿਆ ਤਾਂ ਰਣਜੀਤ ਸਿੰਘ ਬਾਹਰ ਕਿਤੇ ਵੀ ਨਹੀਂ ਸੀ ਤੇ ਉਸ ਦਾ ਮੋਬਾਈਲ ਫੋਨ ਵੀ ਬੰਦ ਆ ਰਿਹਾ ਸੀ।ਤਰਲੋਚਨ ਸਿੰਘ ਨੇ ਦੋਸ਼ ਲਗਾਏ ਕਿ ਰਣਜੀਤ ਸਿੰਘ ਉਨ੍ਹਾਂ ਦੀ ਕੰਪਨੀ ਦਾ ਕੈਸ਼ ਲੈ ਕੇ ਕਿਧਰੇ ਰੂਪੋਸ਼ ਹੋ ਗਿਆ ਹੈ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਰਣਜੀਤ ਸਿੰਘ ਵਾਸੀ ਮੁਕਤਸਰ ਸਾਹਿਬ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

## ਕਿਡਜ਼ੀ ਪ੍ਰੀ ਸਕੂਲ ਵੱਲੋਂ ਬੱਚਿਆਂ ਲਈ ਫੀਲਡ ਟਰਿੱਪ

**ਬਾਘਾ ਪੁਰਾਣਾ (ਮਨੀ ਸਿੰਗਲਾ)**- ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਸਿਰਫ਼ ਪੜ੍ਹਾਈ ਹੀ ਕਾਫ਼ੀ ਨਹੀਂ ਹੈ, ਬੱਚਿਆਂ ਲਈ ਧੁੱਪ, ਖੁੱਲ੍ਹੀ ਹਵਾ, ਆਜ਼ਾਦੀ ਤੇ ਖੇਡਣ ਦਾ ਸਮਾਂ ਵੀ ਉਨਾ ਹੀ ਮਹੱਤਵਪੂਰਨ ਹੈ। ਕਿਡਜ਼ੀ ਪ੍ਰੀ ਸਕੂਲ ਵਿਖੇ ਅਸੀਂ ਪੜ੍ਹਾਈ, ਖੇਡਣ ਤੇ



ਬੱਚਿਆਂ ਦੇ ਸਰਵਪੱਖੀ ਵਿਕਾਸ ਨੂੰ ਬਰਾਬਰ ਮਹੱਤਵ ਦੇਣ ਵਿੱਚ ਵਿਸ਼ਵਾਸ ਰੱਖਦੇ ਹਾਂ।ਇਸੇ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਬੱਚਿਆਂ ਦੇ ਮਾਨਸਿਕ ਵਿਕਾਸ ਲਈ ਕਿਡਜ਼ੀ ਦੇ ਗ੍ਰੇਡ ਜੂਨੀਅਰ ਕੇਜੀ ਤੇ ਗ੍ਰੇਡ ਸੀਨੀਅਰ ਕੇਜੀ ਲਈ ਕ੍ਰੇਜ਼ੀ ਕਿਡਜ਼ਲੈਂਡ ਮੋਗ ਵਿਖੇ ਟਰਿੱਪ ਦਾ ਆਯੋਜਨ ਕੀਤਾ।ਇਸ ਵਿੱਚ ਸੌਫਟ ਪਲੇਅ ਏਰੀਆ, ਜਾਦੂਗਰ ਸ਼ੋਅ, ਕਾਰਨੀਵਲ ਗੇਮਜ਼, ਪੇਂਟ ਟੈਟੂ, ਰਿਡਮਸ਼ਨ-ਸਟਾਈਲ ਗੇਮ, ਕਾਰਟੂਨ ਕਰੈਕਟਰ ਨਾਲ ਫਨ ਕੀਤਾ।ਸਕੂਲ ਦੇ ਅਧਿਆਪਕਾਂ ਦੀ ਦੇਖ-ਰੇਖ ਹੇਠ ਨਿੱਕੇ-ਨਿੱਕੇ ਬੱਚਿਆਂ ਨੇ ਟਰਿੱਪ ਦਾ ਆਨੰਦ ਮਾਣਿਆ।ਮਾਤਾ-ਪਿਤਾ ਨੇ ਵੀ ਬੱਚਿਆਂ ਦੇ ਟਰਿੱਪ ਦੇ ਵਿਚਾਰ ਦੀ ਸ਼ਲਾਘਾ ਕੀਤੀ।ਸੰਸਥਾ ਦੇ ਬਾਨੀ ਪ੍ਰਿੰਸੀਪਲ ਸ੍ਰ. ਗੁਰਦੇਵ ਸਿੰਘ ਅਤੇ ਪ੍ਰਿੰਸੀਪਲ ਤੇ ਡਾਇਰੈਕਟਰ ਸ੍ਰੀ ਸੰਦੀਪ ਮਹਿਤਾ ਨੇ ਇਸ ਨੂੰ ਬੱਚਿਆਂ ਲਈ ਲਾਹੇਵੰਦ ਦੱਸਿਆ ਤੇ ਐਲਾਨ ਕੀਤਾ ਕਿ ਭਵਿੱਖ ਵਿੱਚ ਅਜਿਹੇ ਮਨੋਰੰਜਨ ਪ੍ਰੋਜੈਕਟ ਲਗਾਤਾਰ ਕੀਤੇ ਜਾਣਗੇ।ਸੈਂਟਰ ਹੈੱਡ ਮੈਡਮ ਪਰਮਿੰਦਰ ਕੌਰ ਨੇ ਕਿਹਾ ਕਿ ਸਰੀਰ ਦੇ ਵਿਕਾਸ ਲਈ ਬੱਚਿਆਂ ਦਾ ਪੜ੍ਹਾਈ ਦੇ ਨਾਲ ਮਨੋਰੰਜਨ ਤੇ ਖੇਡਾਂ ਵਿੱਚ ਸ਼ਾਮਲ ਹੋਣਾ ਅੱਜ ਦੇ ਸਮੇਂ ਦੀ ਲੋੜ ਬਣ ਚੁੱਕਾ ਹੈ।ਇਸ ਮੌਕੇ ਮੈਡਮ ਖੁਸ਼ਪ੍ਰੀਤ ਕੌਰ ਨੇ ਵੀ ਬੱਚਿਆਂ ਨੂੰ ਉਤਸ਼ਾਹਤ ਕੀਤਾ।ਕਿਡਜ਼ੀ ਕੋਆਰਡੀਨੇਟਰ ਮੈਡਮ ਗੁੰਜਨਦੀਪ ਢਿੱਲੋਂ ਨੇ ਕਿਹਾ ਕਿ ਵਿਦਿਆਰਥੀ ਬਹੁਤ ਉਤਸ਼ਾਹਤ ਨਜ਼ਰ ਆ ਰਹੇ ਸਨ ਤੇ ਵਿਦਿਆਰਥੀਆਂ ਦੀ ਖੁਸ਼ੀ ਉਨ੍ਹਾਂ ਦੇ ਚੇਹਰਿਆਂ ਤੋਂ ਝਲਕ ਰਹੀ ਸੀ।

## ਵਰਲਡ ਯੂਨੀਵਰਸਿਟੀ ਵੱਲੋਂ 'ਨਾਸਕਾਮ' ਨਾਲ ਸਮਝੌਤਾ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਵੱਲੋਂ ਭਾਰਤ ਦੀ ਆਈ.ਟੀ.-ਬੀ.ਪੀ.ਐੱਮ. ਇੰਡਸਟਰੀ ਦੀ ਸਰਵੋਚ ਸੰਸਥਾ ਨਾਸਕਾਮ (ਨੈਸ਼ਨਲ ਐਸੋਸੀਏਸ਼ਨ ਆਫ ਸਾਫਟਵੇਅਰ ਐਂਡ ਸਰਵਿਸ ਕੰਪਨੀਜ਼) ਨਾਲ ਇੱਕ ਮਹੱਤਵਪੂਰਨ ਸਮਝੌਤਾ ਕੀਤਾ ਗਿਆ ਹੈ।ਇਸ ਸਮਝੌਤੇ ਦਾ ਉਦੇਸ਼ ਵਿਦਿਆਰਥੀਆਂ ਦੀ ਰੋਜ਼ਗਾਰ ਯੋਗਤਾ ਨੂੰ ਮਜ਼ਬੂਤ ਕਰਨਾ, ਡਿਜੀਟਲ ਹੁਨਰਾਂ ਦਾ ਵਿਕਾਸ ਕਰਨਾ ਅਤੇ ਉਦਯੋਗ ਤੇ ਅਕਾਦਮਿਕ ਖੇਤਰਾਂ ਵਿੱਚ ਸਹਿਯੋਗ ਨੂੰ ਵਧਾਉਣਾ ਹੈ।ਸਮਝੌਤਾ ਸਮਾਰੋਹ ਦੌਰਾਨ ਵਾਈਸ-ਚਾਂਸਲਰ ਡਾ. ਪਰਿਤ ਪਾਲ ਸਿੰਘ, ਡਾ. ਸੁਖਵਿੰਦਰ ਸਿੰਘ ਬਿਲਿੰਗ ਡੀਨ ਅਕਾਦਮਿਕ ਮਾਮਲੇ, ਡਾ. ਤੇਜਬੀਰ ਸਿੰਘ ਰਜਿਸਟਰਾਰ ਤੇ ਡਾ. ਕਮਲਜੀਤ ਕੌਰ ਇੰਚਾਰਜ ਟ੍ਰੇਨਿੰਗ ਐਂਡ ਪਲੇਸਮੈਂਟ ਸੈੱਲ ਹਾਜ਼ਰ ਸਨ।ਨਾਸਕਾਮ ਵੱਲੋਂ ਸ੍ਰੀ ਅਭਿਸ਼ੇਕ ਤੇ ਸ੍ਰੀ ਸੰਕਲਪ ਨੇ ਹਾਜ਼ਰੀ ਭਰੀ। ਇਸ ਮੌਕੇ ਡਾ. ਪਰਿਤ ਪਾਲ ਸਿੰਘ ਵਾਈਸ-ਚਾਂਸਲਰ ਨੇ ਕਿਹਾ ਕਿ ਇਹ ਪਹਿਲ ਵਿਦਿਆਰਥੀਆਂ ਨੂੰ ਤਕਨੀਕੀ ਗਿਆਨ ਤੇ ਪੇਸ਼ੇਵਰ ਹੁਨਰਾਂ ਦਾ ਸੁਮੇਲ ਪ੍ਰਦਾਨ ਕਰੇਗੀ, ਜੋ ਗਲੋਬਲ ਮਾਰਕੀਟ ਵਿੱਚ ਸਫਲਤਾ ਲਈ ਅਤਿ-ਜ਼ਰੂਰੀ ਹੈ।

## ਅਜ਼ਾਦੀ ਦੇ 78 ਸਾਲ ਬਾਅਦ ਵੀ ਦੇਸ਼ ਭਗਤਾਂ ਦੇ ਸੁਪਨੇ ਅਧੂਰੇ : ਕੌਸ਼ਲ

### ● ਸਰਕਾਰੀ ਸਕੂਲ ਔਲਖ ਦੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ

**ਕੋਟਕਪੂਰਾ (ਰਛਪਾਲ ਭੁੱਲਰ)**- ਦੇਸ਼ ਨੂੰ ਬਰਤਾਨਵੀ ਸਾਮਰਾਜ ਤੋਂ ਅਜ਼ਾਦੀ ਹਾਸਲ ਕੀਤੇ ਭਾਵੇਂ ਪੌਣੀ ਸਦੀ ਤੋਂ ਵੱਧ ਸਮਾਂ ਬੀਤ ਗਿਆ ਹੈ, ਪਰ ਦੇਸ਼ ਭਗਤਾਂ ਦੇ ਇਕ ਮਜ਼ਬੂਤ ਤੇ ਖੁਸ਼ਹਾਲ ਭਾਰਤ ਦੀ ਸਥਾਪਨਾ ਦੇ ਸੁਪਨੇ ਅਜੇ ਪੂਰੇ ਨਹੀਂ ਹੋਏ, ਜਿਨ੍ਹਾਂ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਹੁਣ ਨੌਜਵਾਨਾਂ ਤੇ ਵਿਦਿਆਰਥੀਆਂ ਸਿਰ ਹੈ।ਇਹ ਸ਼ਬਦ ਰਾਮ ਮੁਹੰਮਦ ਸਿੰਘ ਅਜ਼ਾਦ ਵੈੱਲਫੇਅਰ ਸੁਸਾਇਟੀ ਕੋਟਕਪੂਰਾ ਦੇ ਪ੍ਰਧਾਨ ਅਸ਼ੋਕ ਕੌਸ਼ਲ ਨੇ ਸਰਕਾਰੀ ਹਾਈ ਸਕੂਲ ਔਲਖ ਦੇ ਹੋਣਹਾਰ ਵਿਦਿਆਰਥੀਆਂ ਦੇ ਸਨਮਾਨ ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਕਹੇ।ਇਹ ਸਮਾਰੋਹ ਔਲਖ ਵਾਸੀ ਸਵਰਨ ਸਿੰਘ ਕੈਨੇਡਾ ਨੇ ਆਪਣੇ ਸਵਰਗਵਾਸੀ ਮਾਤਾ-ਪਿਤਾ ਦੀ ਯਾਦ ਵਿੱਚ ਕਰਵਾਇਆ। ਸਮਾਗਮ ਨੂੰ ਸੁਸਾਇਟੀ ਦੇ ਅਹੁਦੇਦਾਰਾਂ ਕੁਲਵੰਤ ਸਿੰਘ ਚਾਨੀ, ਸੋਮ ਨਾਥ ਅਰੋੜਾ, ਮਨਦੀਪ ਸਿੰਘ ਗਿੱਲ, ਇਕਬਾਲ ਸਿੰਘ ਮੰਘੇੜਾ ਤੇ ਸਮਾਜ ਸੇਵੀ ਅਮਰ ਸਿੰਘ ਮਠਾੜੂ ਨੇ ਵੀ ਸੰਬੋਧਨ ਕਰਦੇ ਹੋਏ ਵਿਦਿਆਰਥੀਆਂ ਨੂੰ ਹੁਣ ਤੋਂ ਹੀ ਚੰਗੀ ਸੋਚ ਨਾਲ ਜੁੜ ਕੇ ਵਧ ਤੋਂ ਵੱਧ ਗਿਆਨ ਹਾਸਲ ਕਰਨ ਦੀ ਪ੍ਰੇਰਨਾ ਦਿੱਤੀ।ਇਸ ਮੌਕੇ ਸਾਰੀਆਂ ਜਮਾਤਾਂ ਦੇ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਲੈ ਕੇ ਪਾਸ ਵਿਦਿਆਰਥੀਆਂ ਨੂੰ ਮੈਡਲ, ਸਰਟੀਫਿਕੇਟ ਤੇ ਸਟੇਸ਼ਨਰੀ ਆਦਿ ਦੇ ਕੇ ਸਨਮਾਨਤ ਕਰਨ ਤੋਂ ਇਲਾਵਾ ਪੰਜਵੀਂ, ਅੱਠਵੀਂ ਤੇ ਦਸਵੀਂ ਦੇ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਲੈਣ ਵਾਲੇ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ ਸਵਰਨ ਸਿੰਘ ਵੱਲੋਂ ਨਕਦ ਇਨਾਮ ਵੀ ਦਿੱਤੇ ਗਏ।ਇਸ ਮੌਕੇ ਸਕੂਲ ਦੀ ਸਾਬਕਾ ਅਧਿਆਪਕਾ ਅੰਗਰੇਜ਼ ਕੌਰ ਨੇ ਵੀ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਉਣ ਲਈ 5100 ਰੁਪਏ ਦਿੱਤੇ ਤੇ ਉਨ੍ਹਾਂ ਤੋਂ ਪ੍ਰਦੂਸ਼ਣ ਰਹਿਤ ਦਿਵਾਲੀ ਮਨਾਉਣ ਦਾ ਪ੍ਰਣ ਲਿਆ।ਅੰਤ 'ਚ ਸਕੂਲ ਦੇ ਮੁੱਖ ਅਧਿਆਪਕ ਜਗਜੀਵਨ ਸਿੰਘ ਨੇ ਮੁੱਖ ਮਹਿਮਾਨ ਤੇ ਸੁਸਾਇਟੀ ਦੇ ਅਹੁਦੇਦਾਰਾਂ ਦਾ ਧੰਨਵਾਦ ਕੀਤਾ।ਇਸ ਮੌਕੇ ਮੈਡਮ ਗੁਰਚਰਨ ਕੌਰ, ਹਰਜਿੰਦਰ ਕੌਰ ਸਮੇਤ ਸਾਰਾ ਸਟਾਫ ਹਾਜ਼ਰ ਸੀ।

## ਵਰਲਡ ਪੰਜਾਬੀ ਸੈਂਟਰ ਵਿਖੇ ਪੁਸਤਕ ਰਿਲੀਜ਼ ਸਮਾਰੋਹ ਤੇ ਵਿਚਾਰ ਗੋਸ਼ਟੀ ਕਰਵਾਈ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਵਰਲਡ ਪੰਜਾਬੀ ਸੈਂਟਰ ਪੰਜਾਬੀ ਯੂਨੀਵਰਸਿਟੀ ਤੇ ਸਵਪਨ ਫਾਊਂਡੇਸ਼ਨ ਪਟਿਆਲਾ ਵੱਲੋਂ ਡਾ. ਵੀਰਪਾਲ ਕੌਰ ਸਿੱਧੂ ਦੁਆਰਾ ਸੰਪਾਦਿਤ ਕਿਤਾਬ 'ਸਕ੍ਰਿਪਟ ਲੇਖਣ' ਦੇ ਰਿਲੀਜ਼ ਸਮਾਰੋਹ ਤੇ ਵਿਚਾਰ ਗੋਸ਼ਟੀ ਹਿੱਤ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਉੱਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਕੀਤੀ ਅਤੇ ਉੱਘੇ ਫਿਲਮ ਨਿਰਦੇਸ਼ਕ ਤੇ ਲੇਖਕ ਡਾ. ਹਰਜੀਤ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਉੱਘੇ ਨਾਟਕਕਾਰ ਸ੍ਰੀ ਕੇਵਲ ਧਾਲੀਵਾਲ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਡਾ. ਵੀਰਪਾਲ ਕੌਰ ਸਿੱਧੂ ਦੁਆਰਾ ਲਿਖੀ ਇਹ ਕਿਤਾਬ ਹੋਰਨਾਂ ਲਈ ਵੀ ਪ੍ਰੇਰਨਾ ਸਰੋਤ ਬਣੇਗੀ।ਉਨ੍ਹਾਂ ਕਿਹਾ ਕਿ ਅਜੋਕੇ ਮੀਡੀਆ ਦੇ ਦੌਰ ਵਿੱਚ ਅਜਿਹੇ ਵਿਸ਼ੇ 'ਤੇ ਕਿਤਾਬਾਂ ਲਿਖੀਆਂ ਜਾਣੀਆਂ ਸਮੇਂ ਦੀ ਲੋੜ ਹੈ। ਉਨ੍ਹਾਂ ਕਲਾ ਤੇ ਮਾਨਸਿਕ ਸਿਹਤ ਸੰਬੰਧੀ ਕੁੱਝ ਵਿਸ਼ਿਆਂ ਉੱਤੇ ਨਵੇਂ ਸਰਟੀਫਿਕੇਟ ਕੋਰਸ ਸ਼ੁਰੂ ਕਰਨ ਦੀ ਗੱਲ ਵੀ ਕੀਤੀ। ਜਲੰਧਰ ਦੂਰਦਰਸ਼ਨ ਦੇ ਸਾਬਕਾ ਪ੍ਰੋਡਿਊਸਰ ਤੇ ਉੱਘੇ ਨਿਰਦੇਸ਼ਕ ਡਾ. ਹਰਜੀਤ ਸਿੰਘ ਨੇ ਕਿਤਾਬ ਦੀ ਬਣਤਰ ਤੇ ਬੁਣਤਰ ਦੀ ਵਡਿਆਈ ਕੀਤੀ ਅਤੇ ਫ਼ਿਲਮ ਲੇਖਣ ਸੰਬੰਧੀ ਆਪਣੇ ਅਨੁਭਵ ਸਾਂਝੇ




ਕੀਤੇ।ਨਾਟਕਕਾਰ ਕੇਵਲ ਧਾਲੀਵਾਲ ਨੇ ਕਿਹਾ ਕਿ ਕਹਾਣੀ, ਨਾਟਕ ਜਾਂ ਫਿਲਮ ਸਮਾਜ ਵਿੱਚੋਂ ਹੀ ਉਪਜਦੀ ਹੈ ਤੇ ਮਨੁੱਖੀ ਮਨ ਦੀ ਬਾਤ ਪਾਉਂਦੀ ਹੈ।ਉਨ੍ਹਾਂ ਕਿਹਾ ਕਿ ਜਿਹੜਾ ਵੀ ਲੇਖਕ ਸੱਭਿਆਚਾਰ ਤੇ ਆਪਣੇ ਸਹਿਤ ਨਾਲ ਜੁੜ ਕੇ ਰਹੇਗਾ, ਉਹ ਹੀ ਕੋਈ ਸ਼ਾਹਕਾਰ ਰਚਨਾ ਲਿਖ ਸਕਦਾ ਹੈ। ਉਨ੍ਹਾਂ ਕਿਹਾ ਕਿ ਸੰਪਾਦਕ ਦੇ ਫ਼ਿਕਰ 'ਚੋਂ ਉਪਜੀ ਹੋਈ ਇਹ ਕਿਤਾਬ ਇੱਕ ਮਹੱਤਵਪੂਰਨ ਕੰਮ ਹੈ। ਉਨ੍ਹਾਂ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਤੋਂ ਇਸ ਕਿਤਾਬ ਨੂੰ ਯੂਨੀਵਰਸਿਟੀ ਵਿੱਚ ਬੀ ਏ ਲੈਵਲ ਤੋਂ ਹੀ ਸਿਲੇਬਸ ਵਿੱਚ ਲਗਾਉਣ ਦੀ ਮੰਗ ਵੀ ਕੀਤੀ। ਇਸ ਤੋਂ ਪਹਿਲਾਂ ਵਰਲਡ ਪੰਜਾਬੀ ਸੈਂਟਰ ਦੇ ਡਾਇਰੈਕਟਰ ਡਾ. ਭੀਮਇੰਦਰ ਸਿੰਘ ਨੇ ਆਪਣੇ ਸਵਾਗਤੀ ਭਾਸ਼ਣ ਵਿੱਚ ਕਿਹਾ ਕਿ ਸਮਕਾਲ ਵਿੱਚ ਲਿਖੀਆਂ ਜਾ ਰਹੀਆਂ ਕਿਤਾਬਾਂ ਵਿੱਚ ਇਹ ਕਿਤਾਬ ਆਪਣੇ ਵਿਸ਼ਾ ਵਸਤੂ ਕਾਰਨ ਵਿਲੱਖਣ ਹੈ।ਪੰਜਾਬੀ ਫ਼ਿਲਮਾਂ ਦੇ ਲੇਖਕ ਜਗਦੀਪ ਵੜਿੰਗ ਨੇ ਕਿਤਾਬ 'ਤੇ ਚਰਚਾ ਦੀ ਸ਼ੁਰੂਆਤ ਕਰਦੇ ਹੋਏ ਕਿਹਾ ਕਿ ਇਹ ਕਿਤਾਬ ਇੱਕ ਵਿਸ਼ੇ ਵਿੱਚ ਕਈ ਵਿਸ਼ੇ ਸਮੇਟਦੀ ਹੈ, ਉਨ੍ਹਾਂ 'ਸਕ੍ਰਿਪਟ ਲੇਖਣ' ਪੁਸਤਕ ਦੇ ਵੱਖ-ਵੱਖ ਲੇਖਾਂ ਵਿੱਚੋਂ ਕਈ ਨੁਕਤੇ ਸਾਂਝੇ ਕਰਦੇ ਹੋਏ ਕਿਹਾ ਕਿ ਇਹ ਕਿਤਾਬ ਫਿਲਮ ਲੇਖਣ ਤੇ ਡਾਇਰੈਕਸ਼ਨ ਦੇ ਮਹੱਤਵਪੂਰਨ ਪਹਿਲੂਆ ਨੂੰ ਉਜਾਗਰ ਕਰਦੀ ਹੈ। ਇਸ ਸਮਾਗਮ ਦਾ ਮੰਚ ਸੰਚਾਲਨ ਡਾ. ਜਸਵੀਰ ਕੌਰ ਵੱਲੋਂ ਕੀਤਾ ਗਿਆ।ਅਖੀਰ ਵਿੱਚ ਸਵਪਨ ਫਾਊਂਡੇਸ਼ਨ ਦੇ ਪ੍ਰਧਾਨ ਡਾ. ਕੁਲਪਿੰਦਰ ਸ਼ਰਮਾ ਨੇ ਆਏ ਹੋਏ ਪਤਵੰਤੇ ਸੱਜਣਾਂ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

## ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਵਸ ਯਾਦਗਾਰੀ ਸਾਬਿਤ ਹੋਵੇਗਾ : ਹਰਜੋਤ ਬੈਂਸ

### ਸ਼ਹੀਦੀ ਸਮਾਰੋਹ ਨੂੰ ਸਮਰਪਤ ਵਿਸ਼ਾਲ ਨਗਰ ਕੀਰਤਨ 20 ਨਵੰਬਰ ਨੂੰ ਮੋਗਾ 'ਚੋਂ ਗੁਜ਼ਰੇਗਾ

**ਮੋਗਾ (ਇਕਬਾਲ ਸਿੰਘ ਖਹਿਰਾ)**- ਪੰਜਾਬ ਸਰਕਾਰ ਵੱਲੋਂ ਹਿੰਦ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਤ ਸਮਾਰੋਹਾਂ ਨੂੰ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ।ਪੰਜਾਬ ਸਰਕਾਰ ਇਸ ਨੂੰ ਵਿਸ਼ਵ ਪੱਧਰੀ ਸਮਾਰੋਹ ਦੇ ਤੌਰ 'ਤੇ ਮਨਾ ਰਹੀ ਹੈ।ਪੰਜਾਬ ਦੇ ਸਿੱਖਿਆ ਮੰਤਰੀ ਸ੍ਰ. ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਕੈਬਨਿਟ ਟੀਮ ਨੇ ਮੋਗਾ ਦੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਮੀਟਿੰਗ ਕਰਕੇ ਇਸ ਸਮਾਰੋਹ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ। ਸਿੱਖਿਆ ਮੰਤਰੀ ਸ੍ਰ. ਹਰਜੋਤ ਸਿੰਘ ਬੈਂਸ, ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਤੇ ਟੂਰਿਜ਼ਮ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਮੋਗਾ ਵਿਖੇ ਮੀਟਿੰਗ ਦੌਰਾਨ ਤਿਆਰੀਆਂ ਦੀ ਸਮੀਖਿਆ ਕੀਤੀ।ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਮੋਗਾ ਡਾ. ਅਮਨਦੀਪ ਕੌਰ ਅਰੋੜਾ, ਵਿਧਾਇਕ ਬਾਘਾ ਪੁਰਾਣਾ ਅੰਮ੍ਰਿਤਪਾਲ ਸਿੰਘ ਸੁਖਾਨੰਦ, ਵਿਧਾਇਕ ਧਰਮਕੋਟ ਦਵਿੰਦਰ ਜੀਤ ਸਿੰਘ ਲਾਡੀ ਢੋਸ, ਡਿਪਟੀ ਕਮਿਸ਼ਨਰ ਸਾਗਰ ਸੇਤੀਆ, ਐੱਸ.ਐੱਸ.ਪੀ. ਮੋਗਾ ਅਜੈ ਗਾਂਧੀ, ਵਧੀਕ ਡਿਪਟੀ ਕਮਿਸ਼ਨਰ ਚਾਰੂਮਿਤਾ, ਵਧੀਕ ਡਿਪਟੀ ਕਮਿਸ਼ਨਰ ਜਗਵਿੰਦਰਜੀਤ ਸਿੰਘ



ਗਰੇਵਾਲ, ਐੱਸ.ਡੀ.ਐੱਮ. ਸਾਰੰਗਪ੍ਰੀਤ ਸਿੰਘ ਤੋਂ ਇਲਾਵਾ ਮੋਗਾ ਦੇ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।ਕੈਬਨਿਟ ਮੰਤਰੀ ਬੈਂਸ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਕਈ ਮਹੀਨਿਆਂ ਤੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਉਨ੍ਹਾਂ ਦੇ ਅਟੱਲ ਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਯਾਲਾ ਜੀ ਦੀ ਅਦੁੱਤੀ ਸ਼ਹੀਦੀ ਨੂੰ ਯੋਗ ਸ਼ਰਧਾਂਜਲੀ ਦੇਣ ਲਈ ਵਿਆਪਕ ਤਿਆਰੀ ਕਰ ਰਹੀ ਹੈ।ਮੀਟਿੰਗ ਦੌਰਾਨ ਸ੍ਰ. ਬੈਂਸ ਨੇ ਡਿਪਟੀ ਕਮਿਸ਼ਨਰ ਤੇ ਹੋਰ ਸਬੰਧਤ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਬੁਨਿਆਦੀ ਢਾਂਚੇ, ਸਫਾਈ, ਰੋਸ਼ਨੀ, ਸੰਗਤ ਦੇ ਟਿਕਾਣੇ, ਟ੍ਰੈਫਿਕ ਤੇ ਸੁਰੱਖਿਆ ਨਾਲ ਸਬੰਧਤ ਸਾਰੇ ਪ੍ਰਬੰਧ ਸਮੇਂ ਤੋਂ ਪਹਿਲਾਂ ਪੂਰੇ ਕਰ ਲਏ ਜਾਣ।ਉਨ੍ਹਾਂ ਧਾਰਮਿਕ ਸੰਸਥਾਵਾਂ ਤੇ ਸਥਾਨਕ ਗੁਰਦੁਆਰਾ ਕਮੇਟੀਆਂ ਨਾਲ ਨਿਕਟ ਸਹਿਯੋਗ ਬਣਾਈ ਰੱਖਣ ਲਈ ਵੀ ਕਿਹਾ।ਸਿੱਖਿਆ ਮੰਤਰੀ ਨੇ ਪੀ ਡਬਲਯੂ ਡੀ, ਪੇਂਡੂ ਵਿਕਾਸ, ਸਥਾਨਕ ਸਰਕਾਰ ਤੇ ਟੂਰਿਜ਼ਮ ਵਿਭਾਗਾਂ ਨੂੰ ਪੂਰੀ ਤਾਲਮੇਲ ਨਾਲ ਕੰਮ ਕਰਨ ਦੇ ਆਦੇਸ਼ ਦਿੱਤੇ, ਤਾਂ ਜੋ ਨਗਰ ਕੀਰਤਨਾਂ ਦੇ ਰੂਟਾਂ ਦੀ ਸੁੰਦਰਤਾ, ਸੜਕਾਂ ਦੀ ਮੁਰੰਮਤ, ਸਟਰੀਟ ਲਾਈਟਾਂ ਦੀ ਸੁਧਾਰ, ਸਫਾਈ ਪ੍ਰਬੰਧ ਤੇ ਪੀਣ ਵਾਲੇ ਪਾਣੀ ਅਤੇ ਪਾਰਕਿੰਗ ਦੀ ਉਚਿਤ ਸਹੂਲਤ ਯਕੀਨੀ ਬਣਾਈ ਜਾ ਸਕੇ। ਮੀਟਿੰਗ ਤੋਂ ਬਾਅਦ ਉਨ੍ਹਾਂ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਹਰ ਹੰਭਲਾ ਕਰ ਰਹੀ ਹੈ ਕਿ ਇਹ ਸ਼ਤਾਬਦੀ ਇੱਕ ਯਾਦਗਾਰ ਹੋਵੇ।ਗੁਰੂ ਸਾਹਿਬ ਦੀ ਕੁਰਬਾਨੀ ਸ਼ਹਾਦਤ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਕੁੱਲ ਜਹਾਨ ਤੱਕ ਪਹੁੰਚਾਇਆ ਜਾਵੇਗਾ।ਇਸ ਤਹਿਤ ਵੱਖਰੇ ਵੱਖਰੇ ਸਮਾਗਮ ਰੱਖੇ ਗਏ ਹਨ, ਇਨ੍ਹਾਂ ਸਮਾਗਮਾਂ ਦੀ ਸ਼ੁਰੂਆਤ ਦਿੱਲੀ ਤੋਂ ਹੋਵੇਗੀ।ਉਨ੍ਹਾਂ ਦੱਸਿਆ ਕਿ ਦਿੱਲੀ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਅਰਦਾਸ ਕਰਕੇ ਸ਼ਾਮੀ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਵਿਖੇ ਕੀਰਤਨ ਦਰਬਾਰ ਹੋਣਗੇ।1 ਨਵੰਬਰ ਤੋਂ ਲੈ ਕੇ 18 ਨਵੰਬਰ ਤੱਕ ਪੰਜਾਬ ਦੇ ਸਮੂਹ ਜ਼ਿਲ੍ਹਿਆਂ ਵਿੱਚ ਲਾਈਟ ਐਂਡ ਸਾਊਂਡ ਸ਼ੋਅ ਕੀਤੇ ਜਾਣਗੇ, ਮੋਗਾ ਵਿਖੇ ਵੀ ਅਲੌਕਿਕ ਲਾਈਟ ਐਂਡ ਸਾਊਂਡ ਸ਼ੋਅ ਹੋਵੇਗਾ, ਜਿਸ ਵਿੱਚ ਗੁਰੂ ਸਾਹਿਬ ਦੇ ਜੀਵਨ ਬਾਰੇ ਉਨ੍ਹਾਂ ਦੀ ਸ਼ਹਾਦਤ ਬਾਰੇ ਦੱਸਿਆ ਜਾਵੇਗਾ। ਇਸ ਦੇ ਨਾਲ ਹੀ ਵੱਖ ਵੱਖ ਥਾਵਾਂ ਤੋਂ ਚਾਰ ਨਗਰ ਕੀਰਤਨ ਕਰਵਾਏ ਜਾਣਗੇ ਤੇ ਇਹ ਚਾਰੋਂ ਨਗਰ ਕੀਰਤਨ 22 ਨਵੰਬਰ ਨੂੰ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਪਹੁੰਚਣਗੇ।23, 24, 25 ਨਵੰਬਰ ਨੂੰ ਸ਼੍ਰੀ ਆਨੰਦਪੁਰ ਸਾਹਿਬ ਵਿਖੇ ਵਿਸ਼ਵ ਪੱਧਰੀ ਸਮਾਗਮ ਹੋਣਗੇ।

# ਪੈਨਸ਼ਨਰਾਂ ਨੇ ਹੱਕੀ ਮੰਗਾਂ ਨੂੰ ਲੈ ਕੇ ਕੈਬਨਿਟ ਮੰਤਰੀ ਭੁੱਲਰ ਨੂੰ ਸੌਂਪਿਆ ਮੰਗ ਪੱਤਰ

ਪੱਟੀ (ਬਲਦੇਵ ਸਿੰਘ ਸੰਧੂ)-ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਲਾਲਜੀਤ ਸਿੰਘ ਭੁੱਲਰ ਨੂੰ ਰੋਸ ਪੱਤਰ ਕਮ ਮੰਗ ਪੱਤਰ ਦਿੱਤਾ ਗਿਆ।ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੇ ਕਨਵੀਨਰ ਜਰਮਨਜੀਤ ਸਿੰਘ ਛੱਜਲਵੱਡੀ ਦੀ ਅਗਵਾਈ ਹੇਠ ਲੰਮੇ ਸਮੇਂ ਤੋਂ ਲਟਕ ਰਹੀਆਂ ਪੈਨਸ਼ਨਰ ਅਤੇ ਮੁਲਾਜ਼ਮਾਂ ਦੀਆਂ ਮੰਗਾਂ ਮਨਵਾਉਣ ਲਈ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਮੰਗ ਪੱਤਰ ਕਮ ਰੋਸ ਪੱਤਰ ਦਿੱਤਾ ਗਿਆ। ਵੱਡੀ ਗਿਣਤੀ ਵਿੱਚ ਪੈਨਸ਼ਨਰ ਅਤੇ ਮੁਲਾਜ਼ਮ ਲਾਲਜੀਤ ਸਿੰਘ ਭੁੱਲਰ ਦੇ ਘਰ ਅੱਗੇ ਇਕੱਠੇ ਹੋਏ। ਮੋਗਾ, ਫਿਰੋਜ਼ਪੁਰ, ਅੰਮ੍ਰਿਤਸਰ ਅਤੇ ਤਰਨਤਾਰਨ ਜ਼ਿਲ੍ਹਿਆਂ ਤੋਂ ਸਾਥੀ ਪੱਟੀ ਪਹੁੰਚੇ। ਰੈਲੀ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਸੱਤਪਾਲ ਸ਼ਰਮਾ, ਜਗਤਾਰ ਸਿੰਘ ਆਸਲ, ਧਰਮ ਸਿੰਘ ਪੱਟੀ ਨੇ ਸਾਂਝੇ ਰੂਪ ਵਿੱਚ ਪੰਜਾਬ ਸਰਕਾਰ ਦੀਆਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਪ੍ਰਤੀ ਨੀਤੀਆਂ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ। ਮੁੱਖ ਮੰਗਾਂ 'ਚ 16% ਪੈਂਡਿੰਗ ਡੀਏ ਤੁਰੰਤ ਜਾਰੀ ਕੀਤਾ ਜਾਵੇ, ਹਰ ਤਰ੍ਹਾਂ ਦੇ ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣ, ਮਾਣ ਭੱਤਾ ਦੁੱਗਣਾ ਕੀਤਾ ਜਾਵੇ, ਕੱਟੇ ਭੱਤੇ ਬਹਾਲ ਕੀਤੇ ਜਾਣ, ਕੈਸ਼ਲੈੱਸ ਮੈਡੀਕਲ ਸਹੂਲਤ ਜਾਰੀ ਕੀਤੀ ਜਾਵੇ। ਉਪਰੋਕਤ ਮੰਗਾਂ ਦੀ ਪ੍ਰਾਪਤੀ ਲਈ ਸੂਬਾ ਕਨਵੀਨਰ ਜਰਮਨਜੀਤ ਸਿੰਘ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਦੀ ਏਕਤਾ ਸਮੇਂ ਦੀ ਲੋੜ ਹੈ। ਸਾਂਝੇ ਸੰਘਰਸ਼ ਤੋਂ ਬਗੈਰ ਮੰਗਾਂ ਦੀ ਪ੍ਰਾਪਤੀ ਅਸੰਭਵ ਹੈ। ਮੰਗ ਪੱਤਰ ਪ੍ਰਾਪਤ ਕਰਦੇ ਹੋਏ ਕੈਬਨਿਟ ਮੰਤਰੀ ਨੇ ਵਿਸ਼ਵਾਸ ਦਿਵਾਇਆ ਕਿ ਮੈਂ ਪਹਿਲ ਦੇ ਆਧਾਰ 'ਤੇ ਇਹ ਮੰਗਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਵਿਚਾਰ ਕੇ ਪੂਰੀਆਂ ਕਰਨ ਦੀ ਵੱਧ ਤੋਂ ਵੱਧ ਕੋਸ਼ਿਸ਼ ਕਰਾਂਗਾ। ਮੰਗ ਪੱਤਰ ਦੇਣ ਲਈ ਪਹੁੰਚੇ ਪੈਨਸ਼ਨਰ ਅਤੇ ਮੁਲਾਜ਼ਮ ਆਗੂਆਂ ਵਿੱਚ ਕਾਰਜ ਸਿੰਘ ਕੈਰੋਂ, ਜੈਮਲ ਸਿੰਘ ਬਾਠ, ਸੁਬੇਗ ਸਿੰਘ, ਕੇਹਰ ਸਿੰਘ, ਦਰਸ਼ਨ ਸਿੰਘ, ਗੁਰਵਿੰਦਰ ਸਿੰਘ ਖਹਿਰਾ, ਅੰਮ੍ਰਿਤਸਰ, ਫਿਰੋਜ਼ਪੁਰ ਤੋਂ ਅਜੀਤ ਸਿੰਘ ਸੋਢੀ, ਤਰਨ ਤਾਰਨ ਤੋਂ ਬਲਦੇਵ ਸਿੰਘ, ਸ਼ਿੰਗਾਰਾ ਸਿੰਘ, ਚੋਲਾ ਸਾਹਿਬ ਤੋਂ ਦਲਬੀਰ ਸਿੰਘ, ਬਲਬੀਰ ਸਿੰਘ, ਸੁਰਜੀਤ ਸਿੰਘ, ਅਵਤਾਰ ਸਿੰਘ, ਗੁਰਨਾਮ ਸਿੰਘ, ਪੱਟੀ ਤੋਂ ਰਸ਼ਪਾਲ ਸਿੰਘ ਬਾਠ, ਗੋਪਾਲ ਸਿੰਘ, ਬੀਰ ਮਸੀਹ, ਦੀਪ ਸਿੰਘ, ਕੁਲਦੀਪ ਸਿੰਘ, ਹਰਜਿੰਦਰ ਸਿੰਘ ਜੰਡ, ਗੁਰਮੀਤ ਸਿੰਘ ਮਾਨ, ਬਲਵਿੰਦਰ ਸਿੰਘ ਸਰਹਾਲੀ, ਕਸ਼ਮੀਰ ਸਿੰਘ ਤੇ ਨਿਰਮਲ ਸਿੰਘ ਬੁਰਜ, ਦਰਸ਼ਨ ਸਿੰਘ, ਰੋਡਵੇਜ਼ ਆਗੂ ਦੀਦਾਰ ਸਿੰਘ, ਬਿਜਲੀ ਬੋਰਡ ਦੇ ਆਗੂ ਰਸ਼ਪਾਲ ਸਿੰਘ, ਅਮਨਦੀਪ ਸ਼ਰਮਾ, ਲਵਪ੍ਰੀਤ ਸਿੰਘ, ਰਜਿੰਦਰ ਕੁਮਾਰ ਜੋਸ਼ੀ, ਦਰਸ਼ਨ ਸਿੰਘ, ਕਮੇਟੀ ਘਰ ਤੋਂ ਬਲਵੰਤ ਰਾਏ, ਰਾਮ ਨਾਥ, ਮੋਗਾ ਤੋਂ ਔਰਤਾਂ ਦੀ ਆਗੂ ਰਣਜੀਤ ਕੌਰ ਆਦਿ ਸ਼ਾਮਿਲ ਹੋਏ। ਮੰਗ ਪੱਤਰ ਦੇਣ ਤੋਂ ਬਾਅਦ ਸਤਪਾਲ ਸ਼ਰਮਾ ਪੱਟੀ ਨੇ ਆਏ ਪੈਨਸ਼ਨਰ ਸਾਥੀਆਂ ਦਾ ਧੰਨਵਾਦ ਕੀਤਾ।



# ਜਥੇਦਾਰ ਗੜਗੱਜ ਵੱਲੋਂ ਮੁੰਬਈ ਵਿਖੇ ਸ਼ਹੀਦੀ ਨਗਰ ਕੀਰਤਨ 'ਚ ਸ਼ਮੂਲੀਅਤ

## ਕਿਹਾ: ਖ਼ਾਲਸਾ ਪੰਥ ਇਕਜੁੱਟਤਾ ਨਾਲ ਮਨਾਏਗਾ ਸ਼ਤਾਬਦੀ ਸਮਾਗਮ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਮੁੰਬਈ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਧੋਬੜੀ ਸਾਹਿਬ ਅਸਾਮ ਤੋਂ ਸਜਾਏ ਗਏ ਇਤਿਹਾਸਕ ਨਗਰ ਕੀਰਤਨ ਵਿੱਚ ਸ਼ਮੂਲੀਅਤ ਕੀਤੀ।ਸ੍ਰੀ ਗੁਰੂ ਨਾਨਕ ਖ਼ਾਲਸਾ ਕਾਲਜ ਮਾਟੂੰਗਾ ਮੁੰਬਈ ਤੋਂ ਰਾਤਰੀ ਪੜਾਅ ਤੋਂ ਬਾਅਦ ਨਗਰ ਕੀਰਤਨ ਦੀ ਅਰੰਭਤਾ ਮੌਕੇ ਪੰਜੇ ਤਖ਼ਤਾਂ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਸਿੰਘ ਸਾਹਿਬਾਨ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਦਲ ਪੰਥ ਤੇ ਸਥਾਨਕ ਸੰਗਤਾਂ ਨੇ ਭਰਵੀਂ ਸ਼ਮੂਲੀਅਤ ਕੀਤੀ।ਆਰੰਭਤਾ ਤੋਂ ਪਹਿਲਾਂ ਕਾਲਜ ਵਿੱਚ ਸਥਿਤ ਗੁਰਦੁਆਰਾ ਸਾਹਿਬ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ ਅਤੇ ਸੰਪੂਰਨਤਾ ਦੀ ਅਰਦਾਸ ਜਥੇਦਾਰ ਗੜਗੱਜ ਨੇ ਕੀਤੀ ਤੇ ਸੰਗਤ ਨੂੰ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਨੇ ਸਰਵਣ ਕਰਵਾਇਆ।ਜਥੇਦਾਰ ਗੜਗੱਜ ਨੇ ਕਿਹਾ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਸਮੁੱਚੇ ਖ਼ਾਲਸਾ ਪੰਥ ਸਹਿਯੋਗ ਨਾਲ ਗੁਰਦੁਆਰਾ ਧੋਬੜੀ ਸਾਹਿਬ ਅਸਾਮ ਤੋਂ ਸਜਾਏ ਗਏ ਨਗਰ ਕੀਰਤਨ ਰਾਹੀਂ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਦਾ ਸੰਦੇਸ਼ ਪੂਰੇ ਦੇਸ਼ ਵਿੱਚ ਪਹੁੰਚਾਇਆ ਗਿਆ ਹੈ ਅਤੇ ਇਸ ਨੇ ਸਿੱਖ ਕੌਮ ਨੂੰ ਇੱਕ ਲੜੀ ਵਿੱਚ ਜੋੜਣ ਦਾ ਕੰਮ ਕੀਤਾ ਹੈ। ਇਹ ਸ਼ਹੀਦੀ ਸ਼ਤਾਬਦੀ ਸਾਰਾ ਹੀ ਖ਼ਾਲਸਾ ਪੰਥ ਇੱਕ ਮੰਚ ਉਤੇ ਇਕਜੁੱਟਤਾ ਨਾਲ ਮਨਾਏਗਾ।ਉਨ੍ਹਾਂ ਕਿਹਾ ਕਿ ਸ਼ਤਾਬਦੀ ਸਮਾਗਮਾਂ ਵਿੱਚ ਦਲ ਪੰਥ, ਸਾਡੀਆਂ ਟਕਸਾਲਾਂ, ਸਮੂਹ ਸੰਪਰਦਾਵਾਂ, ਜਥੇਬੰਦੀਆਂ, ਸਿੰਘ ਸਭਾਵਾਂ ਤੇ ਸੰਸਥਾਵਾਂ ਇਸੇ ਤਰ੍ਹਾਂ ਹੀ ਇੱਕ ਮੰਚ ਉਤੇ ਨਜ਼ਰ ਆਉਣਗੀਆਂ।ਉਨ੍ਹਾਂ ਕਿਹਾ ਕਿ ਖ਼ਾਲਸਾ ਪੰਥ ਨਿਆਰਾ ਤੇ ਵੱਖਰਾ ਹੈ ਅਤੇ ਹਮੇਸ਼ਾ ਵੱਖਰਾ ਤੇ ਚੜ੍ਹਦੀ ਕਲਾ ਵਿੱਚ ਰਹੇਗਾ।ਉਨ੍ਹਾਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਕਿ ਮਹਾਰਾਸ਼ਟਰ ਵਿੱਚ ਲੰਮੀ ਜੱਦੋਜਹਿਦ ਤੋਂ ਬਾਅਦ ਤਖ਼ਤ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਨਾਂਦੇੜ ਦਾ ਪ੍ਰਬੰਧਕੀ ਬੋਰਡ ਫਿਰ ਤੋਂ ਬਹਾਲ ਹੋ ਗਿਆ ਹੈ।ਉਨ੍ਹਾਂ ਕਿਹਾ ਕਿ ਇਹ ਮਹਾਰਾਸ਼ਟਰ ਤੇ ਨਾਂਦੇੜ ਦੇ ਹਜ਼ੂਰੀ ਸਿੰਘਾਂ ਦੀ ਵੱਡੀ ਜਿੱਤ ਹੈ ਕਿ ਇੱਥੇ ਸਥਿਤ ਸਾਡੇ ਤਖ਼ਤ ਸਾਹਿਬ ਦਾ ਕੇਸ ਸਿੱਖਾਂ ਨੇ ਜਿੱਤ ਲਿਆ ਹੈ।ਉਨ੍ਹਾਂ ਕਿਹਾ ਕਿ ਪੰਜੇ ਹੀ ਤਖ਼ਤ ਸਾਹਿਬ ਖ਼ਾਲਸਾ ਪੰਥ ਦੇ ਹਨ ਤੇ ਪੰਥ ਦੇ ਹੀ ਰਹਿਣਗੇ, ਇਨ੍ਹਾਂ ਦੇ ਪ੍ਰਬੰਧ ਵਿੱਚ ਦਖ਼ਲਅੰਦਾਜ਼ੀ ਕਰਨ ਦਾ ਅਧਿਕਾਰ ਕਿਸੇ ਨੂੰ ਨਹੀਂ ਹੈ।

# ਪੰਜਾਬ ਇਸਤਰੀ ਸਭਾ ਨੇ ਹੋਰ ਜਥੇਬੰਦੀਆਂ ਨਾਲ ਮਿਲ ਕੇ ਹੜ੍ਹ ਪੀੜਤਾਂ ਨੂੰ ਵੰਡੀ ਰਾਹਤ ਸਮੱਗਰੀ

ਅੰਮ੍ਰਿਤਸਰ (ਨਜ਼ਸ)-ਪੰਜਾਬ ਇਸਤਰੀ ਸਭਾ ਵੱਲੋਂ ਸੂਬਾ ਪ੍ਰਧਾਨ ਰਜਿੰਦਰ ਪਾਲ ਕੌਰ ਅਤੇ ਡਾਕਟਰ ਇੰਦਰਾ ਵਿਰਕ ਦੀ ਅਗਵਾਈ ਵਿੱਚ ਹੋਰ ਦੋ ਜਥੇਬੰਦੀਆਂ ਅਖੰਡ ਪਰਮ ਧਾਮ, ਨਾਮਧਾਰੀ ਸੰਸਥਾ ਨਾਲ ਜ਼ਿਲਾ ਅੰਮ੍ਰਿਤਸਰ ਦੇ ਅਜਨਾਲਾ ਇਲਾਕਾ ਦੇ ਪਿੰਡ ਰੂੜੇਵਾਲ ਵਿਖੇ 150 ਦੇ ਕਰੀਬ ਬਿਸਤਰੇ, ਇੰਨੇ ਹੀ ਸੂਟ ਅਤੇ ਇੰਨੇ ਹੀ ਕੰਬਲ ਲੋੜਵੰਦ ਲੋਕਾਂ ਨੂੰ ਦਿੱਤੇ।



ਪੰਜਾਬ ਇਸਤਰੀ ਸਭਾ ਨੇ ਆਪਣਾ ਬਣਦਾ ਹਿੱਸਾ ਇਸ ਵਿਚ ਪਾਇਆ।ਪ੍ਰੋਗਰਾਮ ਦਾ ਪ੍ਰਬੰਧ ਸੁਖਪਾਲ ਸਿੰਘ ਲੈਕਚਰਾਰ ਪੋਲੀਟੀਕਲ ਸਾਇੰਸ ਛੇਹਰਟਾ ਨੇ ਕੀਤਾ।ਉਨ੍ਹਾਂ ਦੇ ਨਾਲ ਅਧਿਆਪਕ ਕਰਨੈਲ ਸਿੰਘ ਵੀ ਸਨ।ਰੂੜੇਵਾਲ ਸਕੂਲ ਦੇ ਪ੍ਰਾਇਮਰੀ ਸਕੂਲ 'ਚ ਇਹ ਪ੍ਰਬੰਧ ਕੀਤੇ ਗਏ। ਐੱਨਸੀਸੀ ਕੈਡਿਟਾਂ ਨੇ ਵੀ ਸਾਥ ਦਿੱਤਾ।ਨਾਮਧਾਰੀ ਸੰਸਥਾ ਦੇ ਇਸਤਰੀ ਵਿੰਗ ਦੇ ਪ੍ਰਧਾਨ ਭੈਣ ਭੁਪਿੰਦਰ ਕੌਰ ਦੀ ਅਗਵਾਈ ਵਿੱਚ ਔਰਤਾਂ ਨੇ ਬੜੇ ਸੁਚੱਜੇ ਢੰਗ ਨਾਲ ਸਾਮਾਨ ਵੰਡਿਆ। ਰਿਟਾਇਰਡ ਡਿਪਟੀ ਡੀਈਓ ਸਤੀਸ਼ ਕੁਮਾਰ ਦਾ ਇਸ ਸਹਾਇਤਾ ਦੇ ਚੁੱਕੇ ਬੀੜੇ ਪਿੱਛੇ ਪੂਰਾ-ਪੂਰਾ ਸਾਥ ਹੈ ਅਤੇ ਸੁਖਪਾਲ ਸਿੰਘ ਵੀ ਸ਼ਾਬਾਸ਼ ਦੇ ਹੱਕਦਾਰ ਹਨ।

ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ ਅਤੇ ਹੈੱਡਮਾਸਟਰ ਮਹਿੰਦਰ ਸਿੰਘ ਦੀ ਅਗਵਾਈ ਵਿੱਚ ਇਹ ਸਾਮਾਨ ਵੰਡ ਸਮਾਗਮ ਸਿਰੇ ਚੜ੍ਹਿਆ। ਹੋਰ ਪਿੰਡਾਂ ਵਿੱਚ ਵੀ ਇਸ ਤਰ੍ਹਾਂ ਦੇ ਉਪਰਾਲੇ ਜਾਰੀ ਰਹਿਣਗੇ।

## ਭਲਕ ਤੱਕ 1 ਲੱਖ 69 ਹਜ਼ਾਰ ਬੱਚਿਆਂ ਨੂੰ ਪਲਸ ਪੋਲੀਓ ਰੋਕੂ ਬੂੰਦਾਂ ਪਿਲਾਉਣ ਦਾ ਟੀਚਾ: ਡਾ. ਭਾਵਨਾ


ਗੁਰਦਾਸਪੁਰ (ਦਿਨੇਸ਼ ਕੁਮਾਰ)-ਪਲਸ ਪੋਲੀਓ ਮੁਹਿੰਮ ਦੌਰਾਨ ਜ਼ਿਲਾ ਗੁਰਦਾਸਪੁਰ ਵਿਖੇ ਵੱਖ-ਵੱਖ ਥਾਈਂ 5 ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ।ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਰਮਨ ਬਹਿਲ ਨੇ ਅਰਬਨ ਸੀਐੱਚਸੀ ਗੁਰਦਾਸਪੁਰ ਵਿਖੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾ ਕੇ ਮੁਹਿੰਮ ਦਾ ਆਗਾਜ਼ ਕੀਤਾ।ਸ੍ਰੀ ਬਹਿਲ ਨੇ ਪਲਸ ਪੋਲੀਓ ਮੁਹਿੰਮ ਵਿੱਚ ਸਿਹਤ ਵਿਭਾਗ ਨੂੰ ਦਿੱਤੇ ਯੋਗਦਾਨ ਲਈ ਰੋਟਰੀ ਕਲੱਬ ਦਾ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਨੇ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਦੇਸ਼ ਨੂੰ ਪੋਲੀਓ ਮੁਕਤ ਕੀਤਾ ਹੈ।ਗੁਆਂਢੀ ਮੁਲਕਾਂ ਕਾਰਨ ਭਾਰਤ ਨੂੰ ਪੋਲੀਓ ਦਾ ਖ਼ਤਰਾ ਬਣਿਆ ਹੋਇਆ ਹੈ।ਇਸ ਲਈ ਮੁਹਿੰਮ ਜਾਰੀ ਹੈ।ਭਾਰਤ ਨੂੰ ਪੋਲੀਓ ਮੁਕਤ ਰੱਖਿਆ ਜਾਵੇਗਾ।ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਜ਼ਿਲੇ ਵਿੱਚ ਮੁਹਿੰਮ ਦੇ ਪਹਿਲੇ ਦਿਨ 93667 ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ ਹਨ।13 ਅਤੇ 14 ਨੂੰ ਘਰ-ਘਰ ਜਾ ਕੇ ਟੀਮਾਂ ਵੱਲੋਂ ਬੱਚਿਆਂ ਨੂੰ ਇਹ ਬੂੰਦਾਂ ਪਿਲਾਈਆਂ ਜਾਣਗੀਆਂ।ਜ਼ਿਲ੍ਹਾ ਟੀਕਾਕਰਣ ਅਫਸਰ ਡਾ. ਭਾਵਨਾ ਸ਼ਰਮਾ ਨੇ ਸਮੂਹ ਟੀਮਾਂ ਦੇ ਕੰਮ ਦੀ ਸ਼ਲਾਘਾ ਕੀਤੀ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ 4056 ਵੈਕਸੀਨੇਟਰ 14 ਅਕਤੂਬਰ ਤੱਕ ਕਰੀਬ 1 ਲੱਖ 69 ਹਜ਼ਾਰ ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਉਣਗੇ।



# ਮਨਿਸਟੀਰੀਅਲ ਕਾਮੇ 16 ਨੂੰ ਮੁਹਾਲੀ ਵਿਖੇ ਕਰਨਗੇ ਸੂਬਾ ਪੱਧਰੀ ਰੋਸ ਰੈਲੀ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਨਰਿੰਦਰਪਾਲ ਸ਼ਰਮਾ ਪੀਐੱਸਐੱਮਐੱਸਯੂ (ਪੰਜਾਬ ਦੇ 52 ਵਿਭਾਗਾਂ) ਦੀ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਨਾਮ ਸਿੰਘ ਵਿਰਕ, ਸੂਬਾ ਜਨਰਲ ਸਕੱਤਰ ਤਰਸੇਮ ਭੱਠਲ ਅਤੇ ਰਘਬੀਰ ਸਿੰਘ ਬਡਵਾਲ ਚੇਅਰਮੈਨ ਦੀ ਅਗਵਾਈ ਵਿੱਚ ਸੂਬਾ ਪੱਧਰੀ ਮੀਟਿੰਗ ਹੋਈ। ਮੀਟਿੰਗ ਵਿੱਚ ਲਏ ਫ਼ੈਸਲੇ ਅਨੁਸਾਰ 9 ਅਕਤੂਬਰ ਨੂੰ ਸਾਰੇ ਪੰਜਾਬ ਵਿੱਚ ਜ਼ਿਲ੍ਹਾ ਹੈੱਡ ਕੁਆਰਟਰਾਂ 'ਤੇ ਜ਼ਿਲ੍ਹਾ ਲੀਡਰਸ਼ਿਪ ਦੀ ਅਗਵਾਈ ਵਿੱਚ ਇਕੱਠੇ ਹੋ ਕੇ ਮੁੱਖ ਮੰਤਰੀ ਪੰਜਾਬ ਦੇ ਨਾਂ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਦਿੱਤੇ ਗਏ।14 ਅਕਤੂਬਰ ਨੂੰ ਜ਼ਿਲ੍ਹਾ ਪੱਧਰੀ ਰੋਸ ਰੈਲੀਆਂ ਅਤੇ 16 ਅਕਤੂਬਰ ਨੂੰ ਮੁਹਾਲੀ ਵਿਖੇ ਕੀਤੀ ਜਾਣ ਵਾਲੀ ਸੂਬਾ ਪੱਧਰੀ ਰੋਸ ਰੈਲੀ ਸਬੰਧੀ ਨੋਟਿਸ ਅਤੇ ਪੈਂਡਿੰਗ ਚਲੀਆਂ ਆ ਰਹੀਆਂ ਮੰਗਾਂ ਸਬੰਧੀ ਪੱਤਰ ਦਿੱਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮਨਿਸਟੀਰੀਅਲ ਸਟਾਫ਼ ਯੂਨੀਅਨ ਸਿੱਖਿਆ ਵਿਭਾਗ ਪੰਜਾਬ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਖੱਟੜਾ ਅਤੇ ਸੀਨੀਅਰ ਮੀਤ ਪ੍ਰਧਾਨ ਨਰਿੰਦਰ ਸ਼ਰਮਾ ਪਠਾਨਕੋਟ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਮੁਲਾਜ਼ਮ ਮੰਗਾਂ ਨੂੰ ਬਿਲਕੁਲ ਅੱਖੋਂ ਪਰੋਖੇ ਕਰ ਦਿੱਤਾ ਗਿਆ।ਸ੍ਰੀ ਖੱਟੜਾ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਆਪਣੇ ਪੌਣੇ ਚਾਰ ਸਾਲ ਦੇ ਕਾਰਜਕਾਲ ਦੌਰਾਨ ਮੁਲਾਜ਼ਮਾਂ ਦੀ ਕੋਈ ਮੰਗ ਵੀ ਪੂਰੀ ਨਹੀਂ ਕੀਤੀ।ਪੁਰਾਣੀ ਪੈਨਸ਼ਨ ਸਕੀਮ ਦਾ ਅਧੂਰਾ ਨੋਟੀਫਿਕੇਸ਼ਨ ਜਾਰੀ ਕੀਤੇ ਨੂੰ ਤੀਸਰੀ ਦੀਵਾਲੀ ਆਉਣ ਵਾਲੀ ਹੈ ਪ੍ਰੰਤੂ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਨਹੀਂ ਹੋਈ। [illegible] ਮੰਤਰੀ ਨਾਲ ਮੀਟਿੰਗ ਨਹੀਂ ਹੋਈ।ਕਾਫ਼ੀ ਸਮੇਂ ਤੋਂ ਕੈਬਨਿਟ ਸਬ ਕਮੇਟੀ ਵੱਲੋਂ ਜਥੇਬੰਦੀ ਨਾਲ ਕੋਈ ਮੀਟਿੰਗ ਨਹੀਂ ਕੀਤੀ ਗਈ।ਜਿਸ ਕਾਰਨ ਮੁਲਾਜ਼ਮ ਵਰਗ ਵਿੱਚ ਭਾਰੀ ਨਰਾਜ਼ਗੀ ਹੈ। [illegible] ਇਸ ਕਾਰਨ ਸੰਘਰਸ਼ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। [illegible] ਪੰਜਾਬ ਸਰਕਾਰ ਦੀ ਹੋਵੇਗੀ।ਉਨ੍ਹਾਂ ਅੱਗੇ ਕਿਹਾ ਕਿ ਮੁਲਾਜ਼ਮ ਆਪਣੀਆਂ ਮੰਗਾਂ ਮਨਵਾਏ ਬਿਨਾਂ ਚੁੱਪ ਨਹੀਂ ਬੈਠਣਗੇ।





## ਗਲੌਕ ਪਿਸਟਲ ਤੇ ਡਰੋਨ ਸਮੇਤ ਦੋ ਗ੍ਰਿਫ਼ਤਾਰ

ਛੇਹਰਟਾ, (ਮਨੋਜ ਕੁਮਾਰ) : ਅੰਮ੍ਰਿਤਸਰ ਦਿਹਾਤੀ ਪੁਲਿਸ ਦੇ ਸੀਨੀਅਰ ਕਪਤਾਨ ਪੁਲਿਸ ਮਨਿੰਦਰ ਸਿੰਘ (ਆਈ.ਪੀ.ਐਸ.) ਤੇ ਡੀ.ਐਸ.ਪੀ (ਡੀ) ਗੁਰਿੰਦਰਪਾਲ ਸਿੰਘ ਦੀ ਅਗਵਾਈ ਵਿਚ ਸੀ.ਆਈ.ਏ ਸਟਾਫ ਨੇ ਇਕ ਗਲੌਕ ਪਿਸਤੌਲ, 02 ਜ਼ਿੰਦਾ ਰੌਂਦ, ਇਕ ਛੋਟਾ ਡਰੋਨ ਤੇ ਇਕ ਐਕਟੀਵਾ ਸਮੇਤ ਦੋ ਮੁਲਜ਼ਮਾਂ ਨੂੰ ਕਾਬੂ ਕੀਤਾ ਹੈ। ਅੰਮ੍ਰਿਤਸਰ ਦਿਹਾਤੀ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸੀ.ਆਈ.ਏ ਸਟਾਫ ਦੀ ਟੀਮ ਨੂੰ ਗੁਪਤ ਸੂਚਨਾ ਮਿਲੀ ਕਿ ਰੋਹਿਤ ਤੇ ਸਾਜਨ ਵਾਸੀਆਨ ਅਟਾਰੀ ਪਾਕਿਸਤਾਨ ਤੋਂ ਡਰੋਨ ਰਾਹੀਂ ਹਥਿਆਰ ਮੰਗਵਾ ਕੇ ਅੱਗੇ ਸਪਲਾਈ ਕਰਦੇ ਹਨ। ਅੰਮ੍ਰਿਤਸਰ ਦਿਹਾਤੀ ਪੁਲਿਸ ਅਨੁਸਾਰ ਅੱਜ ਵੀ ਦੋਵੇਂ ਹਥਿਆਰ ਸਪਲਾਈ ਕਰਨ ਲਈ ਅਟਾਰੀ ਤੋਂ ਐਕਟਿਵਾ ਉੱਤੇ ਸਵਾਰ ਹੋ ਕੇ ਅੰਮ੍ਰਿਤਸਰ ਵਾਲੇ ਪਾਸਿਓਂ ਆ ਰਹੇ ਹਨ। ਇਸ ਉਤੇ ਤੁਰੰਤ ਕਾਰਵਾਈ ਕਰਦਿਆਂ ਸੀ.ਆਈ.ਏ ਸਟਾਫ ਦੀ ਟੀਮ ਵੱਲੋਂ ਖਾਸਾ ਅੱਡਾ ਤੋਂ ਥੋੜ੍ਹ ਅੱਗੇ ਨਵੇਂ ਬਣ ਰਹੇ ਪੁੱਲ ਉਪਰ ਨਾਕਾਬੰਦੀ ਕਰਕੇ ਉਕਤ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਬੰਧੀ ਉਕਤ ਮੁਲਜ਼ਮਾਂ ਖਿਲਾਫ ਥਾਣਾ ਘਰਿੰਡਾ ਵਿਚ ਮਾਮਲਾ ਦਰਜ ਕਰਕੇ ਤਫਤੀਸ਼ ਕੀਤੀ ਜਾ ਰਹੀ ਹੈ।

# ਪਲਸ ਪੋਲੀਓ ਮੁਹਿੰਮ ਦੇ ਪਹਿਲੇ ਦਿਨ 86034 ਬੱਚਿਆਂ ਨੂੰ ਪਿਲਾਈਆਂ ਪੋਲੀਓ ਰੋਕੂ ਬੂੰਦਾਂ: ਸਿਵਲ ਸਰਜਨ ਰਾਏ

ਪੱਟੀ (ਬਲਦੇਵ ਸਿੰਘ ਸੰਧੂ)-ਡਾਇਰੈਕਟਰ ਸਿਹਤ ਸੇਵਾਵਾਂ ਪੰਜਾਬ ਅਤੇ ਡਿਪਟੀ ਕਮਿਸ਼ਨਰ ਰਾਹੁਲ ਦੇ ਦਿਸ਼ਾ ਨਿਰਦੇਸ਼ਾਂ ਤੇ ਜ਼ਿਲਾ ਤਰਨਤਾਰਨ ਦੇ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਦੀ ਅਗਵਾਈ ਅਤੇ ਜ਼ਿਲ੍ਹਾ ਟੀਕਾਕਰਨ ਅਫਸਰ ਡਾਕਟਰ ਵਰਿੰਦਰ ਪਾਲ ਕੌਰ ਦੀ ਦੇਖ-ਰੇਖ ਹੇਠ ਐਤਵਾਰ ਨੂੰ ਪਲਸ ਪੋਲੀਓ ਮੁਹਿੰਮ ਦੀ ਸ਼ੁਰੂਆਤ ਹੋਈ।ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਨੇ ਕਿਹਾ ਕਿ ਪੋਲੀਓ ਰੋਕੂ ਮੁਹਿੰਮ 0 ਤੋਂ 5 ਸਾਲਾਂ ਦੇ ਬੱਚਿਆਂ ਲਈ ਵਰਦਾਨ ਹੈ ਅਤੇ ਇਸ ਮੁਹਿੰਮ ਦਾ ਯੋਗ ਬੱਚਿਆਂ ਦੇ ਮਾਤਾ-ਪਿਤਾ ਪੂਰਾ ਲਾਭ ਲੈਣ।ਉਨ੍ਹਾਂ ਕਿਹਾ ਕਿ ਸਿਹਤ ਕਰਮੀ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਕੋਈ ਵੀ ਯੋਗ ਬੱਚਾ ਪੋਲੀਓ ਰੋਕੂ ਬੂੰਦਾਂ ਪੀਣ ਤੋਂ ਵਾਂਝਾ ਨਾ ਰਹੇ।ਉਨ੍ਹਾਂ ਦੱਸਿਆ ਕਿ ਮੁਹਿੰਮ ਦੇ ਪਹਿਲੇ ਦਿਨ ਸਿਹਤ ਕਰਮੀਆਂ ਵੱਲੋਂ ਜ਼ਿਲ੍ਹੇ ਦੇ ਵਿੱਚ 86034 ਬੱਚਿਆਂ ਨੂੰ ਪੋਲੀਓ ਰੋਕ ਬੂੰਦਾਂ ਪਿਲਾਈਆਂ ਗਈਆਂ। ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਤਿੰਨ ਦਿਨਾਂ ਲਈ ਚੱਲਣ ਵਾਲੀ ਇਸ ਮੁਹਿੰਮ ਦੇ ਪਹਿਲੇ ਦਿਨ ਸਿਹਤ ਕਰਮੀਆਂ ਵੱਲੋਂ ਪਿੰਡਾਂ ਦੇ ਵਿੱਚ ਬੂਥ ਲਗਾ ਕੇ 0 ਤੋਂ 5 ਸਾਲਾਂ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ।ਉਨ੍ਹਾਂ ਕਿਹਾ ਕਿ ਸਿਹਤ ਕਰਮੀਆਂ ਵੱਲੋਂ ਸੋਮਵਾਰ ਅਤੇ ਮੰਗਲਵਾਰ ਨੂੰ ਘਰ-ਘਰ ਜਾ ਕੇ ਯੋਗ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾਣਗੀਆਂ।ਜ਼ਿਲਾ ਟੀਕਾਕਰਨ ਅਫਸਰ ਡਾ. ਵਰਿੰਦਰ ਪਾਲ ਕੌਰ ਨੇ ਦੱਸਿਆ ਕਿ ਜ਼ਿਲ੍ਹੇ ਦੇ ਵਿੱਚ 580 ਪੋਲੀਓ ਬੂਥ ਅਤੇ 32 ਟਰਾਂਜ਼ਿਟ ਬੂਥ ਤਿਆਰ ਕੀਤੇ ਗਏ ਹਨ। ਪੋਲੀਓ ਬੂਥਾਂ ਉਤੇ ਬੱਚਿਆਂ ਨੂੰ ਬੂੰਦਾਂ ਪਿਲਾਈਆਂ ਗਈਆਂ। ਉਨ੍ਹਾਂ ਦੱਸਿਆ ਕਿ ਵਿੱਚ ਯੋਗ ਬੱਚਿਆਂ ਨੂੰ ਬੂੰਦਾਂ ਪਿਲਾਉਣ ਲਈ 40 ਮੋਬਾਈਲ ਟੀਮਾਂ ਦਾ ਗਠਨ ਕੀਤਾ ਹੈ ਅਤੇ 111 ਸੁਪਰਵਾਈਜ਼ਰਾਂ ਵੱਲੋਂ ਪਲਸ ਪੋਲੀਓ ਗੱਡ ਦੀ ਨਿਗਰਾਨੀ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਤਿੰਨ ਦਿਨਾਂ ਲਈ ਵੈਕਸੀਨੇਟਰਾਂ ਵੱਲੋਂ ਘਰ-ਘਰ ਪੋਲੀਓ ਰੋਕੂ ਬੂੰਦਾਂ ਪਿਲਾਉਣ ਦੇ ਨਾਲ ਨਾਲ ਇੱਟਾਂ ਦੇ ਭੱਠਿਆਂ ਅਤੇ ਹਾਈ ਰਿਸਕ ਆਬਾਦੀ ਵਾਲੀਆਂ ਸਾਈਟਾਂ ਤੇ ਜਾ ਕੇ ਇਹ ਬੂੰਦਾਂ ਪਿਲਾਈਆਂ ਜਾਣਗੀਆਂ।ਜ਼ਿਲ੍ਹਾ ਟੀਕਾਕਰਨ ਅਫਸਰ ਡਾਕਟਰ ਵਰਿੰਦਰ ਪਾਲ ਕੌਰ ਨੇ ਦੱਸਿਆ ਕਿ ਜ਼ਿਲਾ ਦਫਤਰ ਤੋਂ ਗਠਿਤ ਕੀਤੀਆਂ ਗਈਆਂ ਨਿਗਰਾਨ ਟੀਮਾਂ ਵੱਲੋਂ ਵੱਖ-ਵੱਖ ਲੋਕਾਂ ਦਾ ਦੌਰਾ ਕਰਕੇ ਮੁਹਿੰਮ ਦਾ ਜਾਇਜ਼ਾ ਲਿਆ।ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਜਸਪ੍ਰੀਤ ਸਿੰਘ, ਸੀਨੀਅਰ ਮੈਡੀਕਲ ਅਫਸਰ ਡਾ. ਸੁਰਿੰਦਰ ਕੁਮਾਰ, ਪ੍ਰੋਗਰਾਮ ਅਫਸਰ ਡਾ. ਅਵਲੀਨ ਕੌਰ, ਜ਼ਿਲਾ ਮਾਸ ਮੀਡੀਆ ਅਫਸਰ ਸੁਖਵੰਤ ਸਿੰਘ ਸਿੱਧੂ, ਸਹਾਇਕ ਮਲੇਰੀਆ ਅਫਸਰ ਕੰਵਲ ਬਲਰਾਜ ਸਿੰਘ, ਹੈਲਥ ਸੁਪਰਵਾਈਜ਼ਰ ਭੁਪਿੰਦਰ ਸਿੰਘ, ਜਸਪਿੰਦਰ ਸਿੰਘ, ਕੰਪਿਊਟਰ ਸਹਾਇਕ ਸੰਦੀਪ ਸਿੰਘ ਆਦਿ ਮੌਜੂਦ ਰਹੇ।



## ਕਮਿਸ਼ਨ ਫਾਰ ਏਅਰ ਕੁਆਲਟੀ ਮੈਨੇਜਮੈਂਟ ਦੀ ਟੀਮ ਨੇ ਪਰਾਲੀ ਨਾਲ ਹੋਣ ਵਾਲੇ ਪ੍ਰਦੂਸ਼ਣ ਦਾ ਲਿਆ ਜਾਇਜ਼ਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਕਮਿਸ਼ਨ ਫਾਰ ਏਅਰ ਕੁਆਲਟੀ ਮੈਨੇਜਮੈਂਟ ਭਾਰਤ ਸਰਕਾਰ ਦੀਆਂ ਟੀਮਾਂ ਵੱਲੋਂ ਝੋਨੇ ਦੀ ਪਰਾਲੀ ਨਾਲ ਹੋਣ ਵਾਲੇ ਪ੍ਰਦੂਸ਼ਣ ਦਾ ਜਾਇਜ਼ਾ ਲੈਣ ਸੰਬੰਧੀ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦਾ ਦੌਰਾ ਕੀਤਾ ਜਾ ਰਿਹਾ ਹੈ।ਇਸੇ ਤਹਿਤ ਆਬਜ਼ਰਵਰ ਡਾ. ਯਸ਼ਪਾਲ ਯਾਦਵ ਅਤੇ ਐੱਸਡੀਓ ਪ੍ਰਦੂਸ਼ਣ ਬੋਰਡ ਅੰਮ੍ਰਿਤਸਰ ਅਧਾਰਿਤ ਟੀਮ ਵੱਲੋਂ ਖੇਤੀਬਾੜੀ ਬਲਾਕ ਬਾਬਾ ਬਕਾਲਾ ਦੇ ਪਿੰਡ ਰਈਆ ਅਤੇ ਨਿੱਜਰ ਦਾ ਦੌਰਾ ਕੀਤਾ ਗਿਆ।ਇਸ ਦੌਰੇ ਦੌਰਾਨ ਸੀਏਕਿਊਐੱਮ ਦੇ ਆਬਜ਼ਰਵਰ ਨੇ ਖੇਤਰ ਦੇ ਵੱਖ-ਵੱਖ ਬੇਲਰ ਆਪਰੇਟਰਾਂ ਅਤੇ ਸਥਾਨਕ ਕਿਸਾਨਾਂ ਨਾਲ ਗੱਲਬਾਤ ਕੀਤੀ ਅਤੇ ਬਿਹਤਰ ਪਰਾਲੀ ਪ੍ਰਬੰਧਨ ਪ੍ਰਕਿਰਿਆ ਨੂੰ ਲਾਗੂ ਕਰਨ ਲਈ ਉਨ੍ਹਾਂ ਨਾਲ ਚਰਚਾ ਕੀਤੀ ਅਤੇ ਉਨ੍ਹਾਂ ਨੂੰ ਖੇਤ ਪੱਧਰ ਤੇ ਦਰਪੇਸ਼ ਸਮੱਸਿਆਵਾਂ ਬਾਰੇ ਜਾਣਕਾਰੀ ਹਾਸਿਲ ਕੀਤੀ।ਡਾ. ਰਸ਼ਪਾਲ ਸਿੰਘ ਬਲਾਕ ਖੇਤੀਬਾੜੀ ਅਫ਼ਸਰ ਬਾਬਾ ਬਕਾਲਾ ਸਾਹਿਬ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਲਾਕ ਬਾਬਾ ਬਕਾਲਾ ਵੱਲੋਂ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਕੀਤੀਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ ਅਤੇ ਉਪਰਾਲਿਆਂ ਬਾਬਤ ਜਾਣੂੰ ਕਰਵਾਇਆ ਗਿਆ।ਇਸ ਮੌਕੇ ਆਈ ਟੀਮ ਨੂੰ ਖੇਤਾਂ ਵਿੱਚ ਬੇਲਰ ਰਾਹੀਂ ਕੀਤੇ ਜਾ ਰਹੇ ਪਰਾਲੀ ਪ੍ਰਬੰਧਨ ਦਾ ਮੌਕਾ ਦਿਖਾਇਆ ਗਿਆ।ਸੀਏਕਿਊਐੱਮ ਦੇ ਆਬਜ਼ਰਵਰ ਨੇ ਖੇਤੀਬਾੜੀ ਮਸ਼ੀਨਰੀ ਕਸਟਮ ਹਾਇਰਿੰਗ ਸੈਂਟਰਾਂ, ਬਲਾਕ ਦੇ ਵਿਅਕਤੀਗਤ ਸਬਸਿਡੀ ਵਾਲੀ ਮਸ਼ੀਨਰੀ ਦੇ ਕੰਮਕਾਜ ਅਤੇ ਝੋਨੇ ਦੀ ਪਰਾਲੀ ਪ੍ਰਬੰਧਨ ਲਈ ਉਪਲਬਧ ਮਸ਼ੀਨਰੀ ਅਤੇ ਹੋਰ ਸਥਾਨਕ ਸਰੋਤਾਂ ਦੀ ਸਹੀ ਵਰਤੋਂ ਬਾਰੇ ਸੰਤੁਸ਼ਟੀ ਪ੍ਰਗਟ ਕੀਤੀ ਗਈ।ਬਲਾਕ ਖੇਤੀਬਾੜੀ ਦਫਤਰ ਵੱਲੋਂ ਪ੍ਰਭਜੋਤ ਸਿੰਘ ਏਈਓ ਵਡਾਲਾ ਕਲਾਂ, ਸਤਵੰਤ ਕੌਰ ਏਈਓ ਖਲਚੀਆਂ, ਤਨਵੀਰ ਸਿੰਘ, ਤਰਸੇਮ ਸਿੰਘ, ਬਲਦੇਵ ਸਿੰਘ ਅਤੇ ਮਨਬੀਰ ਸਿੰਘ ਆਦਿ ਹਾਜ਼ਰ ਸਨ।





## ਚੇਅਰਮੈਨ ਡਾ. ਵਿਜੇ ਸਤਬੀਰ ਸਿੰਘ ਦੀ ਨਿਯੁਕਤੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ) ਸਿੱਖ ਗੁਰੂ ਸਾਹਿਬਾਨਾਂ ਦੇ ਕੁਰਬਾਨੀ ਭਰੇ ਇਤਿਹਾਸ, ਨਿਰਸਵਾਰਥਤਾ, ਸਿੱਖਿਆਵਾਂ ਅਤੇ ਸਾਰੇ ਧਰਮਾਂ ਦੇ ਪ੍ਰਤਿ ਪ੍ਰੇਮਭਾਵ ਤੇ ਭਾਈਚਾਰੇ ਤੋਂ ਪ੍ਰਭਾਵਿਤ ਹੋ ਕੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ 350 ਵੇਂ ਸ਼ਹੀਦੀ ਗੁਰਪੁਰਬ ਅਤੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ 350 ਵੇਂ ਗੁਰਿਆਈ ਗੁਰਪੁਰਬ ਮਹਾਰਾਸ਼ਟਰ ਸਰਕਾਰ ਵੱਲੋਂ ਵੱਡੇ ਪੱਧਰ ਤੇ ਮਨਾਏ ਜਾ ਰਹੇ ਹਨ। ਜਿਸ ਵਿੱਚ ਖਾਸ ਤੌਰ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਚਰਨਛੋਹ ਪ੍ਰਾਪਤ ਅਸਥਾਨ ਤਖ਼ਤ ਸੱਚਖੰਡ ਸਾਹਿਬ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਸ਼ਾਮਿਲ ਹੈ ਇਸ ਸਮਾਗਮ ਦੇ ਪ੍ਰਬੰਧ ਨੂੰ ਮੁੱਖ ਰਖਦੇ ਹੋਏ ਮਾਨਯੋਗ ਸ੍ਰੀ ਦੇਵਿੰਦਰ ਫੜਨਵੀਸ, ਮੁੱਖ ਮੰਤਰੀ ਸਹਾਰਾਸ਼ਟਰ ਸਰਕਾਰ ਵੱਲੋਂ 13 ਜੂਨ 2025 ਨੂੰ ਇੱਕ ਵਿਸ਼ੇਸ਼ ਬੈਠਕ ਆਯੋਜਿਤ ਕੀਤੀ ਗਈ, ਜਿਸ ਉਪਰੰਤ ਸਮਾਗਮ ਦੇ ਸਮੁੱਚੇ ਪ੍ਰਬੰਧ ਲਈ ਇੱਕ ਵਿਸ਼ੇਸ਼ ਸੰਮਤੀ ਤਿਆਰ ਕੀਤੀ ਗਈ ਜਿਸ ਦੇ ਚੈਅਰਮਨ ਪਦ ਤੇ ਗੁਰਦੁਆਰਾ ਸੱਚਖੰਡ ਬੋਰਡ ਦੇ ਮੁੱਖ ਪ੍ਰਬੰਧਕ ਡਾ. ਸ੍. ਵਿਜੇ ਸਤਬੀਰ ਸਿੰਘ ਦੀ ਨਿਯੁਕਤੀ ਕੀਤੀ ਗਈ। ਸ੍ਰੀ ਹਜ਼ੂਰ ਸਾਹਿਬ ਨਾਂਦੇੜ, ਨਾਗਪੁਰ ਅਤੇ ਨਵੀ ਮੁੰਬਈ ਵਿੱਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਗੁਰਿਆਈ ਗੁਰਪੁਰਬ ਮੌਕੇ ਵਿਸ਼ੇਸ਼ ਸਮਾਗਮ ਆਯੋਜਿਤ ਕੀਤੇ ਜਾਣਗੇ। ਇਸ ਲਈ ਗੁਰਦੁਆਰਾ ਸੱਚਖੰਡ ਬੋਰਡ ਦੇ ਮੁੱਖ ਪ੍ਰਬੰਧਤ ਅਤੇ ਵਿਸ਼ੇਸ਼ ਸਮਤੀ ਦੇ ਚੈਅਰਮਨ ਡਾ. ਸ੍. ਵਿਜੇ ਸਤਬੀਰ ਸਿੰਘ ਨੇ ਮਹਾਰਾਸ਼ਟਰ ਸਰਕਾਰ ਅਤੇ ਖਾਸ ਤੌਰ ਤੇ ਮਹਾਰਾਸ਼ਟਰ ਸਰਕਾਰ ਦੇ ਮੁੱਖ ਮੰਤਰੀ ਦੇਵਿੰਦਰ ਫੜਨਵੀਸ ਦਾ ਤਹੇ ਦਿਲੋਂ ਧੰਨਵਾਦ ਕੀਤਾ।



*ਐਤਵਾਰ ਨੂੰ ਮਜੀਠੇ ਦੀ 88 ਫੁੱਟ ਰੋਡ ਉੱਤੇ ਭਗਵਾਨ ਵਾਲਮੀਕਿ ਪ੍ਰਗਟ ਦਿਵਸ ਸਬੰਧੀ ਲੰਗਰ ਲਗਾਇਆ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਐੱਸੀ ਵਿੰਗ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਡਾ. ਇੰਦਰ ਪਾਲ ਤੇ ਜਨਕ ਰਾਜ ਗੁਮਟਾਲਾ ਨੇ ਵਿਸ਼ੇਸ਼ ਰੂਪ ਵਿੱਚ ਸ਼ਿਰਕਤ ਕੀਤੀ। ਪ੍ਰਬੰਧਕਾਂ ਵੱਲੋਂ ਦੋਹਾਂ ਆਗੂਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਲਵਿੰਦਰ ਸਿੰਘ ਕਾਲਾ ਹਲਕਾ ਇੰਚਾਰਜ, ਸੁਮੀਤ ਕਾਲੀ, ਸ਼ਬੀਰ ਦ੍ਰਾਵਿੜ, ਭਗਵੰਤ ਗਿੱਲ, ਦੀਪਕ ਸ਼ੈਲੀ, ਕਰਨ ਗਿੱਲ ਤੇ ਮੁਹੱਲਾ ਵਾਸੀ ਹਾਜ਼ਰ ਸਨ। (ਫੋਟੋ ਤੇ ਵੇਰਵਾ: ਮਨੋਜ ਕੁਮਾਰ ਛੇਹਰਟਾ)*

# ਹੜ੍ਹ ਦੇ ਮਾਰੇ ਪੀੜਤ ਕਿਸਾਨਾਂ ਨੂੰ ਕਣਕ ਬੀਜਣ ਲਈ ਬੀਜ ਦੇ ਪੰਜ ਸੌ ਤੋੜੇ ਵੰਡੇ

ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)-ਜਨਤਕ ਜਥੇਬੰਦੀਆਂ, ਕਿਸਾਨ ਸਗੰਠਨ ਅਤੇ ਹੋਰ ਬਹੁਤ ਸਾਰੀਆਂ ਸਵੈ ਸੇਵਕ ਜਥੇਬੰਦੀਆਂ ਵੱਲੋਂ ਲਗਾਤਾਰ ਹੜ੍ਹ ਪੀੜਤਾਂ ਦੀ ਮਦਦ ਕੀਤੀ ਜਾ ਰਹੀ ਹੈ ਪ੍ਰੰਤੂ ਬੜੇ ਦੁੱਖ ਨਾਲ ਕਹਿਣ ਪੈ ਰਿਹਾ ਹੈ ਕਿ ਪੰਜਾਬ ਅਤੇ ਕੇਂਦਰ ਸਰਕਾਰਾਂ ਵੱਲੋਂ ਕਿਸੇ ਪ੍ਰਕਾਰ ਦੀ ਅਜੇ ਤੱਕ ਮਦਦ ਨਹੀਂ ਕੀਤੀ ਜਾ ਰਹੀ, ਸਿਰਫ ਲਾਰੇ ਲੱਪੇ ਲਾਏ ਜਾ ਰਹੇ ਹਨ ਜਦੋਂਕਿ ਮੌਜੂਦਾ ਹੜ੍ਹ ਕੋਈ ਕੁਦਰਤੀ ਕਰੋਪੀ ਨਹੀਂ ਸਗੋਂ ਪੰਜਾਬ ਤੇ ਕੇਂਦਰ ਸਰਕਾਰਾਂ ਅਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਅਤੇ ਥੀਨ ਡੈਮ ਦੀ ਪ੍ਰਬੰਧਕੀ ਬੋਰਡ ਟੀਮ ਮੁੱਖ ਤੌਰ ਤੇ ਜ਼ਿੰਮੇਵਾਰ ਹਨ ! ਡਿਆਲ ਭੱਟੀ ਵਿਖੇ ਸਮਾਜ ਸੇਵਕ ਕਿਸਾਨ ਆਗੂ ਬਖ਼ਤਾਵਰ ਸਿੰਘ ਲਾਧੂਪੁਰ ਦੀ ਅਗਵਾਈ 'ਚ ਆਲ ਇੰਡੀਆ ਫਰੀਡਮ ਫਾਈਟਰ ਫੈਮਲੀਜ਼ ਐਸੋਸੀਏਸ਼ਨ ਦੀ ਟੀਮ ਸੂਬੇਦਾਰ ਮੇਜਰ ਦਲਬੀਰ ਸਿੰਘ ਡੁਗਰੀ, ਸੂਬੇਦਾਰ ਮੇਜਰ ਸਵਰਨ ਸਿੰਘ ਦੋਰਾਂਗਲਾ, ਜਸਵੰਤ ਸਿੰਘ ਅਲੀਵਾਲ ਤੇ ਅਵਤਾਰ ਸਿੰਘ ਰੰਧਾਵਾ ਅਤੇ ਪੱਗੜੀ ਸੰਭਾਲ ਜੱਟਾ ਹਰਿਆਨਾ ਦੇ ਪ੍ਰਧਾਨ ਮਨਦੀਪ ਸਿੰਘ ਨਥਵਾਨ ਨੇ ਪੰਜ ਸੌ ਤੋੜੇ ਕਣਕ ਬੀਜ ਦੇ ਹੜ੍ਹ ਪੀੜਤਾਂ ਲੋੜਵੰਦ ਕਿਸਾਨਾਂ ਨੂੰ ਵੰਡੇ ਅਤੇ ਵਾਅਦਾ ਕੀਤਾ ਕਿ ਹੋਰ ਵੀ ਬੀਜ ਅਤੇ ਖਾਦ ਲਿਆਵਾਂਗੇ! ਉਨ੍ਹਾਂ ਦਾ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂ ਤੇ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਦੀ ਅਗਵਾਈ ਵਿੱਚ ਇਲਾਕੇ ਭਰ ਵਿੱਚੋਂ ਇਕੱਠੇ ਹੋਏ ਕਿਸਾਨਾਂ ਨੇ ਉਨ੍ਹਾਂ ਦਾ ਭਰਪੂਰ ਸਵਾਗਤ ਕਰਦਿਆਂ ਕਿਹਾ ਕਿ ਜਿਹੜੀ ਰਾਹਤ ਦਾ ਐਲਾਨ ਪੰਜਾਬ ਤੇ ਕੇਂਦਰ ਸਰਕਾਰ ਨੇ ਕੀਤਾ ਉਹ ਬਹੁਤ ਘੱਟ ਹੈ ਅਤੇ ਹੜ੍ਹਾਂ ਨਾਲ ਮਾਰੀਆਂ ਗਈਆਂ ਫਸਲਾਂ ਦਾ ਪ੍ਰਤੀ ਏਕੜ 70 ਹਜ਼ਾਰ ਰੁਪਏ ਤੇ ਮਜ਼ਦੂਰਾਂ ਨੂੰ ਵੀ ਏਕੜ ਪਿੱਛੇ 10 ਹਜ਼ਾਰ ਰੁਪਏ ਦਿੱਤੇ ਜਾਣ। ਮੁਆਵਜ਼ਾ ਜ਼ਮੀਨ ਦੀ ਮਾਲਕੀ ਗਿਰਦਾਵਰੀ ਹੀ ਨਾ ਗਿਣੀ ਜਾਵੇ ਅਤੇ ਹਰੇਕ ਕਾਸ਼ਤਕਾਰ ਨੂੰ ਮੁਆਵਜ਼ਾ ਦਿੱਤਾ ਜਾਵੇ! ਡਾ. ਅਜਨਾਲਾ ਨੇ ਕਿਸਾਨਾਂ, ਮਜ਼ਦੂਰਾਂ ਨੂੰ ਹੋਕਾ ਦਿੱਤਾ ਕਿ ਇਹ ਮੰਗਾਂ ਪੂਰੀਆਂ ਕਰਵਾਉਣ ਲਈ ਆਉ ਇਕੱਠੇ ਹੋ ਕੇ ਸਰਕਾਰ 'ਤੇ ਬਣਦਾ ਦਬਾਅ ਪਾਈਏ।



# ਬੇਰੁਜ਼ਗਾਰ ਸਾਂਝਾ ਮੋਰਚਾ ਵੱਲੋਂ 2 ਨਵੰਬਰ ਨੂੰ ਜ਼ਬਰਦਸਤ ਪ੍ਰਦਰਸ਼ਨ ਕਰਨ ਦੀ ਚੇਤਾਵਨੀ

ਵਲਟੋਹਾ (ਰਣਜੀਤ ਸਿੰਘ ਵਲਟੋਹਾ)-ਬੇਰੁਜ਼ਗਾਰ ਸਾਂਝਾ ਮੋਰਚਾ ਜ਼ਿਲ੍ਹਾ ਤਰਨਤਾਰਨ ਦੀ ਮੀਟਿੰਗ ਸੂਬਾ ਕਨਵੀਨਰ ਰਮਨ ਕੁਮਾਰ ਦੀ ਅਗਵਾਈ ਹੇਠ ਗਾਂਧੀ ਪਾਰਕ ਤਰਨ ਤਾਰਨ ਵਿਖੇ ਹੋਈ।ਮੀਟਿੰਗ ਵਿੱਚ ਤਰਨ ਤਾਰਨ ਦੀ ਜ਼ਿਮਨੀ ਚੋਣ ਮੌਕੇ ਸਰਕਾਰ ਦੀ ਪੋਲ ਖੋਲ੍ਹਣ ਅਤੇ ਪਿਛਲੇ ਲਗਭਗ ਸਾਢੇ ਤਿੰਨ ਸਾਲਾਂ ਦੌਰਾਨ ਮਾਸਟਰ ਕੇਡਰ ਤੇ ਲੈਕਚਰਾਰ ਦੀ ਇੱਕ ਵੀ ਭਰਤੀ ਨਾ ਕਰਨ ਤੇ ਜ਼ਬਰਦਸਤ ਵਿਰੋਧ ਕਰਨ ਦੀ ਚੇਤਾਵਨੀ ਦਿੱਤੀ ਗਈ।ਬੇਰੁਜ਼ਗਾਰਾਂ ਦੱਸਿਆ ਕਿ ਸਿੱਖਿਆ ਅਤੇ ਸਿਹਤ ਵਿਭਾਗ ਵਿੱਚ ਮਿਆਰੀ ਸੁਧਾਰ ਦਾ ਵਾਅਦਾ ਕਰਕੇ ਸੱਤਾ ਹਾਸਲ ਕਰਨ ਤੋਂ ਬਾਅਦ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਿਛਲੇ ਕਰੀਬ ਸਾਢੇ ਤਿੰਨ ਸਾਲਾਂ ਦੇ ਆਪਣੇ ਸ਼ਾਸਨ ਕਾਲ ਸਮੇਂ ਮਾਸਟਰ ਕੇਡਰ ਅਤੇ ਲੈਕਚਰਾਰ ਦੀ ਇੱਕ ਵੀ ਨਵੀਂ ਭਰਤੀ ਜਾਰੀ ਨਹੀਂ ਕੀਤੀ।ਉਨ੍ਹਾਂ ਦੱਸਿਆ ਕਿ ਬੇਰੁਜ਼ਗਾਰਾਂ ਵੱਲੋਂ ਲਗਾਤਾਰ ਧਰਨੇ ਮੁਜ਼ਾਹਰੇ ਕੀਤੇ ਜਾ ਰਹੇ ਹਨ ਪਰ ਸਰਕਾਰ ਲਗਾਤਾਰ ਲਾਰੇ ਲੱਪਿਆਂ ਵਿੱਚ ਸਮਾਂ ਲੰਘਾ ਰਹੀ ਹੈ।ਆਗੂਆਂ ਵੱਲੋਂ ਮਾਸਟਰ ਕੇਡਰ ਦੀ ਭਰਤੀ ਲਈ ਬੇਤੁਕੀ 55% ਸ਼ਰਤ ਰੱਦ ਕਰਨ, ਰੁਜ਼ਗਾਰ ਲਈ ਉਮਰ ਹੱਦ ਵਿੱਚ ਛੋਟ ਦੇਣ ਅਤੇ ਲੈਕਚਰਾਰ ਅਤੇ ਮਾਸਟਰ ਕੇਡਰ ਲਈ ਵੱਧ ਤੋਂ ਵੱਧ ਭਰਤੀ ਦਾ ਇਸ਼ਤਿਹਾਰ ਜਾਰੀ ਕਰਨ ਲਈ ਕਿਹਾ। ਬੇਰੁਜ਼ਗਾਰਾਂ ਨੇ ਕਿਹਾ ਕਿ ਜੇਕਰ ਸਰਕਾਰ 1 ਨਵੰਬਰ ਤੱਕ ਬੇਰੁਜ਼ਗਾਰਾਂ ਦੀਆਂ ਮੰਗਾਂ ਵੱਲ ਧਿਆਨ ਦੇ ਕੇ ਕੋਈ ਹੱਲ ਨਹੀਂ ਕਰਦੀ ਤਾਂ ਪੂਰੇ ਹਲਕੇ ਵਿੱਚ ਰੋਸ ਮਾਰਚ ਕਰਕੇ ਸਰਕਾਰ ਦੀ ਪੋਲ ਖੋਲ੍ਹੀ ਜਾਵੇਗੀ।ਇੱਥੇ ਜ਼ਿਕਰਯੋਗ ਹੈ ਕਿ ਮਾਸਟਰ ਕੇਡਰ ਦੇ ਸਾਰੇ ਵਿਸ਼ਿਆਂ ਦੀਆਂ ਅਸਾਮੀਆਂ ਉਤੇ ਉਮਰ ਹੱਦ ਛੋਟ ਦੇ ਕੇ ਭਰਤੀ ਕਰਨ, ਮਾਸਟਰ ਕੇਡਰ ਵਿੱਚ ਥੋਪੀ ਬੇਤੁਕੀ 55 ਪ੍ਰਤੀਸ਼ਤ ਲਾਜ਼ਮੀ ਅੰਕਾਂ ਦੀ ਸ਼ਰਤ ਰੱਦ ਕਰਵਾਉਣ, ਲੈਕਚਰਾਰ ਦੀਆਂ ਰੱਦ ਕੀਤੀਆਂ 343 ਪੋਸਟਾਂ ਵਿੱਚ ਬਾਕੀ ਸਾਰੇ ਵਿਸ਼ਿਆਂ ਦੀਆਂ ਅਸਾਮੀਆਂ ਜੋੜ ਕੇ ਉਮਰ ਹੱਦ ਛੋਟ ਸਮੇਤ ਇਸ਼ਤਿਹਾਰ ਜਾਰੀ ਕਰਵਾਉਣ, ਆਰਟ ਐਂਡ ਕਰਾਫਟ ਦੀ 250 ਭਰਤੀ ਦਾ ਪੇਪਰ ਜਲਦੀ ਲਿਆ ਜਾਵੇ ਅਤੇ ਮਲਟੀਪਰਪਜ਼ ਮੇਲ ਦੀਆ 270 ਪੋਸਟਾਂ ਵਿੱਚ ਉਮਰ ਹੱਦ ਛੋਟ ਦੇਣ ਦੀਆਂ ਮੰਗਾਂ ਲਈ ਮੋਰਚਾ ਲਗਾਤਾਰ ਸੰਘਰਸ਼ ਕਰ ਰਿਹਾ ਹੈ।ਮੋਰਚੇ ਦੇ ਆਗੂਆਂ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਅਤੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਮੰਗਾਂ ਤੋਂ ਜਾਣੂ ਕਰਵਾਇਆ ਤੇ ਮੰਗ ਪੱਤਰ ਵੀ ਦਿੱਤਾ।ਮੋਰਚੇ ਦੇ ਆਗੂਆਂ ਨੇ ਦੱਸਿਆ ਕਿ ਜੇ ਇੱਕ ਨਵੰਬਰ ਤੱਕ ਸਰਕਾਰ ਵੱਲੋਂ ਕੋਈ ਹੱਲ ਨਹੀਂ ਕੀਤਾ ਜਾਂਦਾ ਤਾਂ ਚੋਣਾਂ ਤੱਕ ਪੱਕਾ ਮੋਰਚਾ ਵੀ ਲਗਾਇਆ ਜਾਵੇਗਾ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਹਰਨੰਦ ਸਿੰਘ ਬੱਲਿਆਂਵਾਲਾ, ਸੂਬਾ ਕਮੇਟੀ ਮੈਂਬਰ ਬਖਸ਼ੀਸ਼ ਸਿੰਘ ਉਧੋਕੇ, ਮੀਤ ਪ੍ਰਧਾਨ ਨਰਿੰਦਰਪਾਲ ਸ਼ਰਮਾ, ਕਰਨਬੀਰ ਸਿੰਘ ਖਜ਼ਾਨਚੀ, ਪ੍ਰੈੱਸ ਸਕੱਤਰ ਦੇਵਰਾਜ ਸਿੰਘ, ਮੀਡੀਆ ਸਲਾਹਕਾਰ ਗੁਰਪ੍ਰੀਤ ਸਿੰਘ ਬਾਗੜੀਆ, ਸਕੱਤਰ ਸਤਨਾਮ ਸਿੰਘ ਪੱਟੀ ਤੋਂ ਇਲਾਵਾ ਅਮਨਦੀਪ ਸਿੰਘ ਦਿਆਲਪੁਰਾ, ਜਗਰੂਪ ਸਿੰਘ ਬੁਰਜ, ਅੰਮ੍ਰਿਤਪਾਲ ਸਿੰਘ, ਇੰਦਰਜੀਤ ਸਿੰਘ, ਜਗਰੂਪ ਸਿੰਘ ਦੂਹਲ, ਸਿਮਰਨਜੀਤ ਕੌਰ, ਸ਼ਮਸ਼ੇਰ ਸਿੰਘ ਅਤੇ ਜਤਿੰਦਰ ਕੌਰ ਆਦਿ ਹਾਜ਼ਰ ਸਨ।



# ਪੰਜਾਬ ਸਰਕਾਰ ਕੇਂਦਰ ਦੇ 12 ਹਜ਼ਾਰ ਕਰੋੜ ਰੁਪਏ ਦਾ ਹਿਸਾਬ ਦੇਵੇ: ਤੀਕਸ਼ਣ ਸੂਦ

**ਬਟਾਲਾ (ਤਰਲੋਕ ਬੱਗਾ)**-ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਵਿਧਾਇਕ ਤੀਕਸ਼ਣ ਸੂਦ ਦਾ ਬਟਾਲਾ ਵਿਖੇ ਭਾਜਪਾ ਦਫਤਰ ਵਿਖੇ ਜ਼ਿਲ੍ਹਾ ਪ੍ਰਧਾਨ ਹਰਸਿਮਰਨ ਸਿੰਘ ਹੀਰਾ ਵਾਲੀਆ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਗੁਲਦਸਤਾ ਭੇਟ ਕਰਕੇ ਸਵਾਗਤ ਕੀਤਾ ਗਿਆ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਜਪਾ ਆਗੂ ਤੀਕਸ਼ਣ ਸੂਦ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਕੇਂਦਰ ਵੱਲੋਂ ਮਿਲੇ ਐੱਸਡੀਆਰਐੱਫ ਰਾਸ਼ੀ 12500 ਕਰੋੜ ਰੁਪਏ ਦਾ ਪਹਿਲਾਂ ਹਿਸਾਬ ਦੇਵੇ ਅਤੇ ਫਿਰ ਕੇਂਦਰ ਸਰਕਾਰ ਕੋਲੋਂ ਕਿਸਾਨਾਂ ਲਈ ਹੋਰ ਰਾਹਤ ਰਾਸ਼ੀ ਦੀ ਮੰਗ ਕਰੇ।ਭਾਜਪਾ ਆਗੂ ਸੂਦ ਨੇ ਅੱਗੇ ਕਿਹਾ ਕਿ ਕੇਂਦਰ ਸਰਕਾਰ ਨੇ ਹਮੇਸ਼ਾ ਹੀ ਪੰਜਾਬ ਦੇ ਕਿਸਾਨਾਂ ਦੀ ਬਾਂਹ ਫੜੀ ਹੈ। ਉਨ੍ਹਾਂ ਕਿਹਾ ਕਿ ਹੜ੍ਹ ਦੇ ਨਾਲ ਪੰਜਾਬ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹੋਏ ਨੁਕਸਾਨ ਦੀ ਪੂਰਤੀ ਲਈ 1600 ਕਰੋੜ ਰੁਪਏ ਦੀ ਰਾਹਤ ਰਾਸ਼ੀ ਦਿੱਤੀ ਸੀ।

ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਹੜ੍ਹ ਪੀੜਤ ਅਤੇ ਕਿਸਾਨਾਂ ਨੂੰ ਵੀ ਸਤੰਬਰ ਤੱਕ ਪ੍ਰਤੀ ਏਕੜ 20 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਸੀ ਜੋ ਅਜੇ ਤੱਕ ਪੂਰਾ ਨਹੀਂ ਹੋ ਸਕਿਆ।ਉਨ੍ਹਾਂ ਕਿਹਾ ਕਿ ਪੰਜਾਬ 'ਚ ਆਏ ਹੜ੍ਹਾਂ ਪਿੱਛੇ ਪੰਜਾਬ ਸਰਕਾਰ ਦੀ ਹੀ ਨਾਲਾਇਕੀ ਹੈ, ਜਿਸਨੇ ਮੌਸਮ ਵਿਭਾਗ ਵੱਲੋਂ ਚਿਤਾਵਨੀਆਂ ਦੇ ਬਾਵਜੂਦ ਵੀ ਹੜ੍ਹਾਂ ਨਾਲ ਨਜਿੱਠਣ ਲਈ ਕੋਈ ਪੁਖਤਾ ਪ੍ਰਬੰਧ ਨਹੀਂ ਕੀਤੇ ਸਨ।

ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਪਹਿਲਾਂ ਹੀ ਜਾਗ ਪੈਂਦੀ ਤਾਂ ਪੰਜਾਬ ਦਾ ਇੰਨਾ ਵੱਡਾ ਨੁਕਸਾਨ ਨਹੀਂ ਹੋਣਾ ਸੀ।ਤੀਕਸ਼ਣ ਸੂਦ ਨੇ ਬਟਾਲਾ 'ਚ ਬੀਤੇ ਦਿਨੀਂ ਵਾਪਰੇ ਗੋਲੀਕਾਂਡ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਦੇ ਵਿਗੜ ਰਹੇ ਹਾਲਾਤ ਨੂੰ ਕਾਬੂ ਕਰਨ 'ਚ ਬੁਰੀ ਤਰ੍ਹਾਂ ਨਾਲ ਨਾਕਾਮਯਾਬ ਹੋਈ ਹੈ।ਉਨ੍ਹਾਂ ਕਿਹਾ ਕਿ ਲਾਅ ਐਂਡ ਆਰਡਰ ਦੀ ਸਥਿਤੀ ਬਹੁਤ ਭਿਆਨਕ ਹੋ ਗਈ।ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹੀਰਾ ਵਾਲੀਆਂ ਨੇ ਕਿਹਾ ਕਿ ਬਟਾਲਾ ਅੰਦਰ ਦਿਨੋਂ ਦਿਨ ਫਰੌਤੀਆਂ ਅਤੇ ਗੋਲੀ ਚੱਲਣ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਪੰਜਾਬ ਚ ਗੈਂਗਸਟਰਾਂ ਦਾ ਬੋਲਬਾਲਾ ਵੱਧ ਗਿਆ ਹੈ।ਪੰਜਾਬ ਸਰਕਾਰ ਨੂੰ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਹੜ੍ਹ ਪੀੜਿਤ ਖੇਤਰਾਂ 'ਚ ਭਾਜਪਾ ਰਾਹਤ ਸਮੱਗਰੀ ਅਤੇ ਸਿਹਤ ਸੇਵਾਵਾਂ ਦੇਣ ਲਈ ਵੱਡੇ ਪੱਧਰ ਤੇ ਕੰਮ ਕਰ ਰਹੀ ਹੈ।

ਇਸ ਮੌਕੇ ਮਹਿਲਾ ਮੋਰਚਾ ਪੰਜਾਬ ਤੋਂ ਅੰਬਿਕਾ ਖੰਨਾ, ਜ਼ਿਲ੍ਹਾ ਜਨਰਲ ਸੈਕਟਰੀ ਰੋਸ਼ਨ ਲਾਲ, ਸਿਟੀ ਮੰਡਲ ਪ੍ਰਧਾਨ ਬਲਵਿੰਦਰ ਕੁਮਾਰ ਮਹਿਤਾ, ਗੁਰਿੰਦਰ ਸਿੰਘ, ਪੰਕਜ ਸ਼ਰਮਾ, ਸ਼ਮੀ ਭੱਟੀ, ਅਮਨਜੋਤ ਸਿੰਘ, ਦੀਪਕ ਜੋਸ਼ੀ, ਵਿਜੇ ਭਾਟੀਆ, ਅੰਮ੍ਰਿਤਪਾਲ ਸਿੰਘ ਮਠਾਰੂ, ਮੁਖਤਿਆਰ ਸਿੰਘ ਅਤੇ ਹੋਰ ਵੀ ਕਈ ਸੀਨੀਅਰ ਲੀਡਰ ਮੌਜੂਦ ਸਨ !





# ਰਵਿੰਦਰ ਸਰਨਾ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਥਾਨਕ ਕਸਬੇ ਦੇ ਨਾਮਵਰ ਕਾਰੋਬਾਰੀ ਸਰਨਾ ਟੈਲੀਕਾਮ ਦੇ ਮਾਲਕ ਰੋਹਿਤ ਸਰਨਾ ਅਤੇ ਐੱਚਡੀਐੱਫਸੀ ਬੈਂਕ ਡੇਰਾ ਬਾਬਾ ਨਾਨਕ ਦੇ ਮੈਨੇਜਰ ਮੋਹਿਤ ਸਰਨਾ ਦੇ ਪਿਤਾ ਕਰਿਆਨੇ ਦੇ ਕਾਰੋਬਾਰੀ ਰਵਿੰਦਰ ਕੁਮਾਰ ਸਰਨਾ (72) ਜੋ ਸਵੇਰੇ ਹਾਰਟ ਅਟੈਕ ਆਉਣ ਕਾਰਨ ਅਕਾਲ ਚਲਾਣਾ ਕਰ ਗਏ ਸਨ , ਦਾ ਅੰਤਿਮ ਸੰਸਕਾਰ ਸਥਾਨਕ ਕਸਬੇ ਦੇ ਸ਼ਮਸ਼ਾਨਘਾਟ ਵਿਖੇ ਕਰ ਦਿੱਤਾ ਗਿਆ।ਰਵਿੰਦਰ ਕੁਮਾਰ ਸਰਨਾ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਰੋਹਿਤ ਸਰਨਾ, ਮੋਹਿਤ ਸਰਨਾ, ਲਵ ਸਰਨਾ ਤੇ ਕੁਸ਼ ਸਰਨਾ ਵੱਲੋਂ ਸਾਂਝੇ ਤੌਰ 'ਤੇ ਦਿਖਾਈ ਗਈ।ਇਸ ਅੰਤਿਮ ਯਾਤਰਾ ਮੌਕੇ ਵੱਡੀ ਗਿਣਤੀ ਵਿੱਚ ਸਿਆਸੀ, ਧਾਰਮਿਕ ਤੇ ਸਮਾਜ ਸੇਵੀ ਆਗੂਆਂ ਤੋਂ ਇਲਾਵਾ ਪਾਵਰਕਾਮ ਦੇ ਮੁਲਾਜ਼ਮ, ਆੜ੍ਹਤੀ ਯੂਨੀਅਨ ਦੇ ਆਗੂਆ ਨੇ ਸ਼ਾਮਲ ਹੋ ਕੇ ਰਵਿੰਦਰ ਕੁਮਾਰ ਸਰਨਾ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਈ ਦਿੱਤੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਪ੍ਰਗਟ ਕੀਤਾ।ਇਸ ਮੌਕੇ ਆਰਐੱਸਐੱਸ ਦੇ ਸੇਵਾ ਪ੍ਰਮੁੱਖ ਜ਼ਿਲ੍ਹਾ ਬਟਾਲਾ ਨਗੇਸ਼ ਕੁਮਾਰ,ਪ੍ਰਧਾਨ ਰਾਜੇਸ਼ ਕੁਮਾਰ ਬਿੱਟਾ, ਵਾਈਸ ਪ੍ਰਧਾਨ ਨਗਰ ਕੌਂਸਲ ਕੁਲਵਿੰਦਰ ਸਿੰਘ ਜੁਗਨੂੰ, ਕੌਂਸਲਰ ਸਤਪਾਲ ਸ਼ੌਂਕੀ, ਵਧੀਕ ਐੱਸਡੀਓ ਪਾਵਰਕਾਮ ਡੇਰਾ ਬਾਬਾ ਨਾਨਕ ਬਲਵਿੰਦਰ ਸਿੰਘ, ਸਾਬਕਾ ਜੇਈ ਜਸਪਾਲ ਸਿੰਘ ਬੇਦੀ, ਭਾਜਪਾ ਆਗੂ ਰਾਜੂ ਪੰਡਿਤ, ਕਾਂਗਰਸੀ ਆਗੂ ਮਹਿੰਗਾ ਰਾਮ ਗਰੀਬ, ਦਵਿੰਦਰ ਪਾਲ ਸਿੰਘ ਬੇਦੀ, ਰਾਜਨ ਡੋਗਰਾ, ਸੱਜਣ ਸਿੰਘ ਖਲੀਲਪੁਰ, ਸਤਿੰਦਰ ਸਿੰਘ ਖਲੀਲਪੁਰ, ਪ੍ਰਿੰਸੀਪਲ ਪਰਮਿੰਦਰ ਸਿੰਘ ਬੇਦੀ, ਐਡਵੋਕੇਟ ਰਾਜਨ ਬੇਦੀ, ਜਨਕ ਰਾਜ ਮਹਾਜਨ, ਅਸ਼ੋਕ ਮਰਵਾਹਾ, ਰਿੰਕੂ ਮਰਵਾਹਾ, ਰਿੰਪੂ ਮਰਵਾਹਾ, ਜਰਨੈਲ ਸਿੰਘ ਠੇਠਰਕੇ, ਬਲਦੇਵ ਰਾਜ ਜੇਈ, ਹੀਰਾ ਲਾਲ ਜੇਈ, ਰੁਪਿੰਦਰ ਕੁਮਾਰ ਜੇਈ, ਜਸਬੀਰ ਸਿੰਘ ਜੇਈ, ਲਾਈਨਮੈਨ ਗੁਰਵਿੰਦਰ ਸਿੰਘ, ਕਿਸ਼ਨ ਸਿੰਘ ਆੜ੍ਹਤੀ, ਰਾਜਨ ਮਹਾਜਨ, ਬਿੱਟੂ ਕੋਹਲੀ, ਗੋਗਾ ਮਹਾਜਨ, ਸੰਜੀਵ ਸੋਨੀ, ਲਾਈਨਮੈਨ ਰਣਜੀਤ ਸਿੰਘ ਰਾਣਾ, ਗੁਰਚਰਨ ਸਿੰਘ ਰੰਧਾਵਾ, ਵਜ਼ੀਰ ਸਿੰਘ ਰੰਧਾਵਾ, ਵਿਪਨ ਕੁਮਾਰ ਸ਼ਰਮਾ, ਗੁਰਮੀਤ ਸਿੰਘ, ਵਿਜੇ ਕੁਮਾਰ, ਤੇਜਿੰਦਰ ਸਿੰਘ ਪੂੰਨੀ, ਗਗਨਦੀਪ ਸਿੰਘ ਬੇਦੀ, ਕਪਲ ਧਵਨ, ਸੋਨੂੰ ਮਹਾਜਨ, ਰਮੇਸ਼ ਢਿੱਲੋਂ ਤੋਂ ਇਲਾਵਾ ਇਲਾਕੇ ਦੇ ਲੋਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



# ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਅੱਗੇ ਆਈ ਦਿੱਲੀ ਦੀ ਸਕਰਨੀ ਪੇਂਟ ਕੰਪਨੀ

## * 50 ਘਰਾਂ ਦੀ ਮੁਰੰਮਤ ਤੇ 10 ਨਵੇਂ ਘਰਾਂ ਦੇ ਇਲਾਵਾ ਸਕੂਲਾਂ ਦੀ ਮੁਰੰਮਤ ਦਾ ਕੰਮ ਸ਼ੁਰੂ

ਦੀਨਾਨਗਰ-(ਬਲਵਿੰਦਰ ਸਿੰਘ ਬਿੱਲਾ)-ਪੰਜਾਬ ਅੰਦਰ ਆਏ ਹੜ੍ਹਾਂ ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਲੋਕਾਂ ਦੀ ਜ਼ਿੰਦਗੀ ਮੁੜ ਲੀਹਾਂ 'ਤੇ ਲਿਆਉਣ ਦੇ ਮੰਤਵ ਨਾਲ ਦਿੱਲੀ ਦੀ ਸਕਰਨੀ ਪੇਂਟ ਕੰਪਨੀ ਦੀਨਾਨਗਰ ਹਲਕੇ ਅੰਦਰ ਹੜ੍ਹ ਪ੍ਰਭਾਵਿਤਾਂ ਦੀ ਮਦਦ ਲਈ ਅੱਗੇ ਆਈ ਹੈ।ਕੰਪਨੀ ਵੱਲੋਂ ਦੀਨਾਨਗਰ ਹਲਕੇ ਦੇ ਪੰਜ ਪਿੰਡਾਂ ਅੰਦਰ ਹੜ੍ਹ ਪ੍ਰਭਾਵਿਤਾਂ ਨੂੰ ਨਵੇਂ ਘਰ, ਨੁਕਸਾਨੇ ਘਰਾਂ ਦੀ ਮੁਰੰਮਤ ਅਤੇ ਸਕੂਲਾਂ ਦੀ ਮੁਰੰਮਤ ਕਰਨ ਦਾ ਜ਼ਿੰਮਾ ਚੁੱਕਿਆ ਗਿਆ ਹੈ।ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਅਸ਼ੋਕ ਗੁਪਤਾ ਨੇ ਦੱਸਿਆ ਕਿ ਹੜ੍ਹਾਂ ਦੀ ਕੁਦਰਤੀ ਕਰੋਪੀ ਨੇ ਜਿੱਥੇ ਦੇਸ਼ ਦੇ ਅਨੇਕਾਂ ਹਿੱਸਿਆਂ ਅੰਦਰ ਤਬਾਹੀ ਮਚਾਈ ਹੈ ਉਥੇ ਹੀ ਪੰਜਾਬ ਅੰਦਰ ਵੀ ਹੜ੍ਹਾਂ ਨੇ ਵੱਡਾ ਨੁਕਸਾਨ ਕੀਤਾ ਹੈ। ਅਸ਼ੋਕ ਗੁਪਤਾ ਨੇ ਕਿਹਾ ਕਿ ਪੰਜਾਬ ਜੋ ਕਿ ਹਮੇਸ਼ਾ ਦੂਜਿਆਂ ਦੀ ਮਦਦ ਲਈ ਤਤਪਰ ਰਹਿੰਦਾ ਹੈ, ਅੱਜ ਜੇਕਰ ਪੰਜਾਬ ਉਤੇ ਸੰਕਟ ਆਇਆ ਹੈ ਤਾਂ ਸਾਡਾ ਸਾਰਿਆਂ ਦਾ ਇਹ ਫਰਜ਼ ਬਣਦਾ ਹੈ ਕਿ ਪੰਜਾਬ ਦੇ ਲੋਕਾਂ ਦੀ ਮਦਦ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਹਾਲਾਂਕਿ ਪੰਜਾਬ ਦੇ ਲੋਕਾਂ ਨੇ ਹੀ ਇਕ ਦੂਜੇ ਦੀ ਇਸ ਸੰਕਟ ਦੀ ਘੜੀ ਵਿੱਚ ਦਿਲ ਖੋਲ੍ਹ ਕੇ ਸਹਾਇਤਾ ਕੀਤੀ ਹੈ ਪਰ ਫਿਰ ਵੀ ਉਨ੍ਹਾਂ ਦੀ ਕੰਪਨੀ ਨੇ ਦੀਨਾਨਗਰ ਹਲਕੇ ਦੇ ਪੰਜ ਪਿੰਡਾਂ ਅੰਦਰ 10 ਨਵੇਂ ਘਰ, 50 ਦੇ ਕਰੀਬ ਨੁਕਸਾਨੇ ਗਏ ਘਰਾਂ ਦੀ ਪੂਰੀ ਤਰ੍ਹਾਂ ਮੁਰੰਮਤ ਅਤੇ ਪੇਂਟ ਦਾ ਕੰਮ ਕਰਨ ਦੇ ਇਲਾਵਾ ਕੁਝ ਸਰਕਾਰੀ ਸਕੂਲਾਂ ਦੀ ਮੁਰੰਮਤ ਦਾ ਕੰਮ ਨੇਪਰੇ ਚਾੜ੍ਹਣ ਦਾ ਜ਼ਿੰਮਾ ਚੁੱਕਿਆ ਹੈ।ਉਨ੍ਹਾਂ ਕਿਹਾ ਕਿ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਦਿੱਤੀ ਗਈ ਸੂਚੀ ਅਨੁਸਾਰ ਘਰਾਂ ਦੇ ਨੁਕਸਾਨ ਦਾ ਸਰਵੇ ਕਰ ਲਿਆ ਗਿਆ ਹੈ ਅਤੇ ਇਕ ਦੋ ਦਿਨਾਂ ਦੇ ਅੰਦਰ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ, ਜੋ ਜਲਦੀ ਹੀ ਮੁਕੰਮਲ ਕਰਕੇ ਲੋਕਾਂ ਦੇ ਸਪੁਰਦ ਕਰ ਦਿੱਤੇ ਜਾਣਗੇ।ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਸਕਰਨੀ ਪੇਂਟ ਕੰਪਨੀ ਦਾ ਦੀਨਾਨਗਰ ਹਲਕੇ ਦੇ ਲੋਕਾਂ ਦੀ ਸਹਾਇਤਾ ਲਈ ਧੰਨਵਾਦ ਕਰਦਿਆਂ ਨਾਲ ਹੀ ਪੰਜਾਬ ਤੋਂ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਦਾ ਵੀ ਧੰਨਵਾਦ ਕੀਤਾ ਹੈ।ਉਨ੍ਹਾਂ ਕਿਹਾ ਕਿ ਜਦੋਂ ਕੁਝ ਦਿਨ ਪਹਿਲਾਂ ਰਾਜ ਸਭਾ ਮੈਂਬਰ ਦੀਨਾਨਗਰ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਜਾਇਜਾ ਲੈਣ ਆਏ ਸਨ ਤਾਂ ਉਨ੍ਹਾਂ ਨੇ ਘਰਾਂ ਦੇ ਨੁਕਸਾਨ ਬਾਰੇ ਉਨ੍ਹਾਂ ਨੂੰ ਦੱਸਿਆ ਸੀ ਜਿਸ ਉਪਰੰਤ ਉਨ੍ਹਾਂ ਨੇ ਇਸ ਕੰਮ ਵਿੱਚ ਵੱਡਾ ਯੋਗਦਾਨ ਪਾਇਆ ਹੈ।ਸ਼ਮਸ਼ੇਰ ਸਿੰਘ ਨੇ ਦਿੱਲੀ ਅਤੇ ਪੰਜਾਬ ਦੇ ਆਮ ਆਦਮੀ ਪਾਰਟੀ ਨਾਲ ਸਬੰਧਤ ਵਿਧਾਇਕਾਂ, ਹੋਰਨਾਂ ਆਗੂਆਂ ਅਤੇ ਪੰਜਾਬ ਹਿਤੈਸ਼ੀਆਂ ਦਾ ਧੰਨਵਾਦ ਵੀ ਕੀਤਾ ਜਿਨ੍ਹਾਂ ਨੇ ਇਸ ਸੰਕਟ ਦੀ ਘੜੀ ਵਿੱਚ ਦੀਨਾਨਗਰ ਹਲਕੇ ਦੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਬਾਂਹ ਫੜੀ ਹੈ।ਇਸ ਮੌਕੇ ਬਲਜੀਤ ਸਰਕਨੀ ਪੇਂਟ ਦੀਨਾਨਗਰ ਦੇ ਮਾਲਕ ਬਲਜੀਤ ਸਿੰਘ, ਸਰਪੰਚ ਰਣਜੀਤ ਸਿੰਘ ਜੀਵਨਚੱਕ, ਸੰਨੀ ਭੋਗਲ ਅਤੇ ਰੁਦਰਾ ਦੇ ਇਲਾਵਾ ਕੰਪਨੀ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।





## ਵੱਖ-ਵੱਖ ਥਾਵਾਂ 'ਤੇ ਨਿੱਕੜਿਆਂ ਨੂੰ ਪਿਲਾਈਆਂ ਪੋਲੀਓ ਦੀਆਂ ਦੋ ਬੂੰਦਾਂ

ਝਬਾਲ (ਹਰਜਿੰਦਰ ਸਿੰਘ ਸੋਨੀ)-ਸਿਵਲ ਸਰਜਨ ਤਰਨਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ. ਰਾਜੂ ਚੌਹਾਨ ਸੀਨੀਅਰ ਮੈਡੀਕਲ ਅਫ਼ਸਰ ਸੀਐੱਚਸੀ ਝਬਾਲ ਦੀ ਰਹਿਨੁਮਾਈ ਸੀਐੱਚਸੀ ਝਬਾਲ ਦੇ ਵੱਖ-ਵੱਖ ਥਾਵਾਂ ਤੇ ਨੈਸ਼ਨਲ ਪਲਸ ਪੋਲੀਓ ਪ੍ਰੋਗਰਾਮ ਤਹਿਤ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪੋਲੀਓ ਦੀਆਂ ਦੋ ਬੂੰਦਾਂ ਪਿਲਾਈਆਂ ਗਈਆਂ।ਇਸ ਮੌਕੇ ਸਿਹਤ ਟੀਮ ਨੇ ਦੱਸਿਆ ਕਿ ਪੋਲੀਓ ਦੀਆਂ ਦੋ ਬੂੰਦਾਂ ਪਿਲਾਉਣ ਦਾ ਮਕਸਦ ਇਹ ਹੈ ਕਿ ਪੋਲੀਓ ਜਿਹੀ ਨਾਮੁਰਾਦ ਬਿਮਾਰੀ ਨੂੰ ਜੜ੍ਹ ਤੋਂ ਖਤਮ ਕੀਤਾ ਜਾਂ ਸਕੇ। ਇਹ ਪੋਲੀਓ ਰੋਕੂ ਦੋ ਬੂੰਦਾਂ 5 ਸਾਲ ਤੋਂ ਘੱਟ ਉਮਰ ਦੇ ਸਾਰੇ ਬੱਚਿਆਂ ਨੂੰ ਪਿਲਾਈਆਂ ਜਾਣੀਆਂ ਚਾਹੀਦੀਆਂ, ਬੱਚਾ ਚਾਹੇ ਇੱਕ ਦਿਨ ਦਾ ਹੀ ਕਿਉਂ ਨਾ ਹੋਵੇ।ਨਾਲ ਹੀ ਸਿਹਤ ਵਿਭਾਗ ਦੀ ਟੀਮ ਨੇ ਦੱਸਿਆ ਕਿ ਪੋਲੀਓ ਸੰਬੰਧੀ ਕੁੱਝ ਲੋਕਾਂ ਦੀਆਂ ਗਲਤ ਧਾਰਨਾਵਾਂ ਵੀ ਹਨ। ਇਨ੍ਹਾਂ ਧਾਰਨਾਵਾਂ ਅਤੇ ਅਫਵਾਹਾਂ ਤੋਂ ਸੁਚੇਤ ਰਹਿਣਾ ਚਾਹੀਦਾ। ਇਸ ਨਾਲ ਸਿਹਤ ਵਿਭਾਗ ਦੀ ਕਾਫੀ ਮੱਦਦ ਹੁੰਦੀ ਹੈ।ਇਸ ਮੌਕੇ ਹੈਲਥ ਸੁਪਰਵਾਈਜ਼ਰ ਰਾਮ ਰਸ਼ਪਾਲ, ਵਿਕਰਮ ਸਿੰਘ, ਕੁਲਵਿੰਦਰ ਸਿੰਘ ਮਲਟੀਪਰਪਜ਼ ਹੈਲਥ ਵਰਕਰ ਆਦਿ ਹਾਜ਼ਰ ਸਨ।



# ਸੀਟੂ ਅੰਮ੍ਰਿਤਸਰ ਵੱਲੋਂ ਜਥੇਬੰਦਕ ਅਜਲਾਸ

## ਨਰਿੰਦਰਪਾਲ ਚਮਿਆਰੀ ਪ੍ਰਧਾਨ, ਸੁੱਚਾ ਸਿੰਘ ਜਨਰਲ ਸਕੱਤਰ ਤੇ ਤਰਸੇਮ ਟਪਿਆਲਾ ਵਿੱਤ ਸਕੱਤਰ ਚੁਣੇ ਗਏ

ਛੇਹਰਟਾ, (ਮਨੋਜ ਕੁਮਾਰ): ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨ (ਸੀਟੂ) ਜ਼ਿਲ੍ਹਾ ਅੰਮ੍ਰਿਤਸਰ ਦਾ ਜੱਥੇਬੰਦਕ ਅਜਲਾਸ ਪੁਤਲੀਘਰ ਸਥਿਤ ਦਫ਼ਤਰ ਵਿਚ ਭਗਵੰਤ ਸਿੰਘ ਤੇ ਗੁਰਮਿੰਦਰ ਕੌਰ ਦੀ ਪ੍ਰਧਾਨਗੀ ਹੇਠ ਹੋਇਆ। ਝੰਡਾ ਝਲਾਉਣ ਦੀ ਰਸਮ ਸੀਨੀਅਰ ਆਗੂ ਕਾਮਰੇਡ ਕਿਰਪਾ ਰਾਮ ਵੱਲੋਂ ਨਿਭਾਈ ਗਈ। ਅਜਲਾਸ ਦੀ ਆਰੰਭਤਾ ਵਿਚ ਕਾਮਰੇਡ ਚਰਨਜੀਤ ਸਿੰਘ ਮਜੀਠਾ ਨੇ ਵਿਛੜੇ ਸਾਥੀਆਂ ਦੀ ਯਾਦ ਵਿਚ ਸ਼ੋਕ ਮਤਾ ਪੇਸ਼ ਕੀਤਾ ਜਿਸ 'ਤੇ ਹਾਜ਼ਰ ਡੈਲੀਗੇਟਾਂ ਨੇ ਦੋ ਮਿੰਟ ਦਾ ਮੌਨ ਧਾਰ ਕੇ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਅਜਲਾਸ ਦਾ ਉਦਘਾਟਨ ਸੂਬਾ ਸਕੱਤਰ ਕਾਮਰੇਡ ਜਤਿੰਦਰ ਪਾਲ ਵੱਲੋਂ ਕੀਤਾ ਗਿਆ। ਉਨ੍ਹਾਂ ਸਮੂਹ ਡੈਲੀਗੇਟਾਂ ਦਾ ਸਵਾਗਤ ਕਰਦਿਆਂ ਸੀਟੂ ਦੇ ਇਤਿਹਾਸ ਅਤੇ ਇਸ ਵੱਲੋਂ ਲੜੇ ਸੰਘਰਸ਼ਾਂ ਤੇ ਪ੍ਰਾਪਤੀਆਂ ਬਾਰੇ ਦੱਸਿਆ। ਇਸ ਉਪਰੰਤ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਸੁੱਚਾ ਸਿੰਘ ਅਜਨਾਲਾ ਵੱਲੋਂ ਬੀਤੇ ਵਰ੍ਹਿਆਂ ਦੀ ਰਿਪੋਰਟ ਪੇਸ਼ ਕੀਤੀ ਗਈ, ਜਿਸ ਨੂੰ ਹਾਜ਼ਰ ਡੈਲੀਗੇਟਾਂ ਨੇ ਭਰਵੀਂ ਬਹਿਸ ਉਪਰੰਤ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ। ਸੂਬਾਈ ਜਨਰਲ ਸਕੱਤਰ ਕਾਮਰੇਡ ਚੰਦਰ ਸ਼ੇਖਰ ਨੇ ਨਵੀਂ ਇਕਾਈ ਲਈ ਪੈਨਲ ਪੇਸ਼ ਕੀਤਾ ਜਿਸ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਇਸ ਦੌਰਾਨ 31 ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ, ਜਿਸ ਅਨੁਸਾਰ ਨਰਿੰਦਰਪਾਲ ਚਮਿਆਰੀ ਪ੍ਰਧਾਨ, ਸੁੱਚਾ ਸਿੰਘ ਅਜਨਾਲਾ ਜਰਨਲ ਸੱਕਤਰ, ਤਰਸੇਮ ਟਪਿਆਲਾ ਵਿੱਤ ਸੱਕਤਰ ਚੁਣੇ ਗਏ। ਚਰਨਜੀਤ ਸਿੰਘ ਮਜੀਠਾ, ਗੁਰਮਿੰਦਰ ਕੌਰ, ਸਰੋਜ ਬਾਲਾ, ਵਿਜੈ ਕੁਮਾਰ, ਭਗਵੰਤ ਸਿੰਘ, ਪ੍ਰਤਾਪ ਸਿੰਘ, ਪ੍ਰਭਜੀਤ ਸਿੰਘ ਤੇ ਮਨਦੀਪ ਸਿੰਘ ਨੂੰ ਮੀਤ ਪ੍ਰਧਾਨ, ਗੁਰਦੀਪ ਸਿੰਘ ਬੁਤਾਲਾ, ਰਘਬੀਰ ਕੌਰ, ਸੁਮਨ ਰਾਣੀ, ਕਿਰਪਾ ਰਾਮ, ਵਾਸੂ ਦੇਵ, ਧਰਮਪਾਲ, ਕੁਲਬੀਰ ਸਿੰਘ ਤੇ ਮਹਿੰਦਰ ਸਿੰਘ ਖੈਹਰਾ ਨੂੰ ਸਕੱਤਰ, ਪ੍ਰੇਮ ਬਿਲਾਸ, ਮਨਜੀਤ ਸਿੰਘ, ਰਾਕੇਸ਼ ਕੁਮਾਰ, ਰਾਜਾ ਰਾਮ, ਪੂਜਾ, ਸੂਰਜ, ਕੇਵਲ ਕ੍ਰਿਸ਼ਨ ਨੂੰ ਮੈਂਬਰ ਚੁਣ ਲਿਆ ਗਿਆ, ਜਦਕਿ ਪੰਜ ਅਹੁਦੇ ਖਾਲੀ ਰੱਖ ਲਏ ਗਏ। ਇਸ ਮੌਕੇ ਸੂਬਾਈ ਜਨਰਲ ਸਕੱਤਰ ਕਾਮਰੇਡ ਚੰਦਰ ਸ਼ੇਖਰ ਨੇ ਦੱਸਿਆ ਕਿ ਸੂਬਾਈ ਅਜਲਾਸ 25 ਤੇ 26 ਨਵੰਬਰ ਨੂੰ ਸੰਗਰੂਰ ਵਿਚ ਕਰਵਾਇਆ ਜਾ ਰਿਹਾ ਹੈ ਅਤੇ ਕੌਮੀ ਪੱਧਰ ਦਾ ਅਜਲਾਸ ਵਿਸ਼ਾਖਾਪਟਨਮ ਵਿਚ 31 ਦਸੰਬਰ ਤੋਂ ਲੈ ਕੇ 4 ਜਨਵਰੀ ਤਕ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਇਕ ਮਤੇ ਰਾਹੀਂ ਆਂਗਣਵਾੜੀ ਵਰਕਰ ਜਸਵਿੰਦਰ ਕੌਰ ਨੂੰ ਸੀਡੀਪੀਓ ਅਜਨਾਲਾ ਵੱਲੋਂ ਬਰਖ਼ਾਸਤ ਕਰਨ ਦੀ ਨਿੰਦਾ ਕੀਤੀ ਗਈ ਤੇ ਉਚ ਅਧਿਕਾਰੀਆਂ ਤੋਂ ਉਸ ਨੂੰ ਬਹਾਲ ਕਰਨ ਦੀ ਮੰਗ ਕੀਤੀ ਗਈ। ਅਜਲਾਸ ਦੇ ਅੰਤ ਵਿੱਚ ਭਗਵੰਤ ਸਿੰਘ ਨੇ ਆਏ ਹੋਏ ਡੈਲੀਗੇਟਾਂ ਦਾ ਧੰਨਵਾਦ ਕੀਤਾ। ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਰਣਜੀਤ ਬੱਲ ਅਤੇ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਗੁਰਨਾਮ ਸਿੰਘ ਤਲਵੰਡੀ ਨੇ ਭਰਾਤਰੀ ਸੰਦੇਸ਼ ਦਿੰਦਿਆਂ ਚੁਣੀ ਕਮੇਟੀ ਨੂੰ ਵਧਾਈ ਦਿੱਤੀ।]



13-Oct-PAGE-12.qxd 10/12/2025 9:40 PM Page 1



# ਪਿੰਡ ਖੇੜੀ ਜੱਟਾਂ ਵਿਕਾਸ ਮੁੱਖੀ ਪਿੰਡ (ਵਿਸ਼ੇਸ਼ ਅੰਕ ਸੰਗਰੂਰ)

## ਸੰਦੇਸ਼



ਮੈਨੂੰ ਲੰਮਾ ਸਮਾਂ ਜ਼ਿਲ੍ਹਾ ਸੰਗਰੂਰ ਅੰਦਰ ਬਾਗਵਾਨੀ ਵਿਭਾਗ ਵਿਚ ਸੇਵਾਵਾਂ ਨਿਭਾਉਣ ਦਾ ਮੌਕਾ ਮਿਲਿਆ। ਇਸ ਸਮੇਂ ਦੌਰਾਨ ਪੈਸੇ ਵਜੋਂ ਬਤੌਰ ਪੱਤਰਕਾਰ, ਸਮਾਜ ਸੇਵਕ ਅਤੇ ਆਪਣੀ ਜਨਮ ਭੂਮੀ ਪਿੰਡ ਖੇੜੀ-ਜੱਟਾਂਨੂੰ ਪੰਚਾਇਤ ਅਤੇ ਉਸਾਰੂ ਸੋਚ ਦੇ ਲੋਕਾਂ ਨੂੰ ਨਾਲ ਲੈ ਕੇ ਪਿੰਡ ਲਈ ਵਿਕਾਸ ਕਾਰਜ ਕਰਦਿਆਂ ਦੇਖਿਆ। ਉਹਨਾਂ ਆਪਣੇ ਪਿੰਡ ਦਾ ਇਸ ਕਦਰ ਵਿਕਾਸ ਕਰਾਇਆ ਕਿ ਪਿੰਡ ਪੰਜਾਬ ਦੇ ਵਿਕਾਸ ਮੁਖੀ ਪਿੰਡਾਂ ਵਿਚ ਮੂਹਰਲੀ ਕਤਾਰ ਵਿਚ ਆ ਖੜ੍ਹਾ ਹੋਇਆ। ਇਸ ਪਿੰਡ ਦੀ ਇਕ ਹੋਰ ਵਿਲੱਖਣ ਗੱਲ ਇਹ ਕਿ ਪਿੰਡ ਵਿਚ "ਨਾਨਕ ਬਗੀਚੀ" ਵੀ ਲਗਾਈ ਹੈ, ਜਿਸ ਦੇ ਬੂਟੇ ਹਮੇਸ਼ਾਂ ਆਕਸੀਜਨ ਦਿੰਦੇ ਰਹਿਣਗੇ। ਮੈਂ ਫ਼ਤਿਹ ਪ੍ਰਭਾਕਰ ਨੂੰ ਵਿਸ਼ੇਸ਼ ਅੰਕ ਕੱਢਣ 'ਤੇ ਮੁਬਾਰਕਬਾਦ ਦਿੰਦਾ ਹਾਂ।

**ਹਰਦੀਪ ਸਿੰਘ ਡਿਪਟੀ ਡਾਇਰੈਕਟਰ ਬਾਗਬਾਨੀ ਵਿਭਾਗ ਲੁਧਿਆਣਾ।**

## ਸੰਦੇਸ਼



ਬਹੁਤ ਘੱਟ ਪੱਤਰਕਾਰ ਅਜਿਹੇ ਹਨ ਜਿਹੜੇ ਆਪਣੀਆਂ ਲਿਖਤਾਂ, ਖ਼ਬਰਾਂ ਅਤੇ ਆਰਟੀਕਲਾਂ ਰਾਹੀਂ ਸਮਾਜ ਦੇ ਗੰਭੀਰ ਮੁੱਦਿਆਂ ਨੂੰ ਟੱਚ ਕਰਦੇ ਤੇ ਉਹਨਾਂ ਨੂੰ ਅੰਜਾਮ ਤੱਕ ਪਹੁੰਚਾਉਣ ਦਾ ਯਤਨ ਕਰਦੇ ਹਨ। ਉਹਨਾਂ ਗਿਣਤੀ ਦੇ ਪੱਤਰਕਾਰਾਂ ਵਿਚੋਂ ਇੱਕ ਨਾਂ ਫ਼ਤਿਹ ਪ੍ਰਭਾਕਰ ਹੋਰਾਂ ਦਾ ਹੈ ਜਿਹੜੇ ਵਿਸ਼ੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਆਪਣੀ ਕਲਮ ਸੰਗ ਝਰੀਟਦੇ ਹਨ।

**ਮਾਸਟਰ ਪਰਮਵੇਦ ਤਰਕਸ਼ੀਲ ਤੇ ਟਰੇਡ ਯੂਨੀਅਨ ਆਗੂ**

## ਸੰਦੇਸ਼



ਸਮਾਜ ਵਿਚ ਕੁੱਝ ਵਿਰਲੇ ਹੀ ਲੋਕ ਹੁੰਦੇ ਹਨ ਜਿਹੜੇ ਆਪਣੇ ਪਿੰਡ ਦੇ ਵਿਕਾਸ ਲਈ ਯਤਨਸ਼ੀਲ ਹੁੰਦੇ ਹਨ। ਪੈਸੇ ਵਜੋਂ ਪੱਤਰਕਾਰ ਤੇ ਸਮਾਜ ਸੇਵਕ ਫ਼ਤਿਹ ਪ੍ਰਭਾਕਰ ਨੇ ਆਪਣੇ ਪਿੰਡ ਖੇੜੀ-ਜੱਟਾਂ ਤਹਿਸੀਲ ਧੂਰੀ ਨੂੰ ਲੋਕਾਂ ਦੇ ਸਹਿਯੋਗ ਸਦਕਾ ਵਿਕਾਸ ਦੇ ਨਕਸ਼ੇ ਤੇ ਲਿਆ ਖੜ੍ਹਾ ਕੀਤਾ। ਉਹਨਾ ਦੇ ਵਿਕਾਸ ਮੁੱਖੀ ਯਤਨਾ ਨੂੰ ਮੈਂ ਸਲਾਮ ਕਰਦਾ ਹਾਂ।

**(ਡਾ) ਨਰਵਿੰਦਰ ਸਿੰਘ ਕੌਸ਼ਲ ਸੇਵਾ ਮੁਕਤ ਡੀਨ ਕੁਰੂਕਸ਼ੇਤਰਾ ਯੂਨੀਵਰਸਿਟੀ**

## ਸੰਦੇਸ਼



ਬਤੌਰ ਪੱਤਰਕਾਰ ਆਪਣੀ ਕਲਮ ਸੰਗ ਹਰ ਵਰਗ ਨੂੰ ਇਨਸਾਫ਼ ਦਵਾਉਣ ਤੇ ਦੱਬੇ, ਕੁੱਚਲੇ ਵਰਗਾਂ ਦੇ ਲੋਕਾਂ ਦੇ ਹੱਕਾਂ ਦੀ ਆਵਾਜ਼ ਸਰਕਾਰਾਂ ਤੱਕ ਪਹੁੰਚਾਉਣ ਲਈ ਹਮੇਸ਼ਾਂ ਤਤਪਰ ਰਹਿਣ ਵਾਲੇ ਸਾਫ਼ ਸੁਥਰੇ ਅਕਸ ਵਾਲੇ ਫਤਿਹ ਪ੍ਰਭਾਕਰ ਨੂੰ ਆਪਣੀ ਜਨਮ ਭੂਮੀ ਪਿੰਡ ਖੇੜੀ-ਜੱਟਾਂਦੇ ਵਿਕਾਸ ਵਿਚ ਪਾਏ ਯੋਗਦਾਨ ਸਦਕਾ ਮੈਂ ਉਹਨਾਂ ਦੇ ਯਤਨਾਂ ਨੂੰ ਸਲਾਮ ਕਰਦਾ ਹੋਇਆ ਅਦਾਰਾ ਨਵਾਂ ਜ਼ਮਾਨਾਂ ਦੇ ਵਿਸ਼ੇਸ਼ ਅੰਕ ਕੱਢਣ ਤੇ ਮੁਬਾਰਕਬਾਦ ਦਿੰਦਾ ਹਾਂ ਤੇ ਆਸ ਰਖਦਾ ਹਾਂ ਕਿ ਉਹ ਹਮੇਸ਼ਾਂ ਸਮਾਜ ਸੇਵਾ ਤੇ ਵਿਕਾਸ ਕਾਰਜਾਂ ਲਈ ਯੋਗਦਾਨ ਪਾਉਂਦੇ ਰਹਿਣਗੇ।

**ਰਵਿੰਦਰ ਗੁੱਡੂ ਸੇਵਾ ਮੁਕਤ ਅਧਿਕਾਰੀ ਸਮਾਜ ਸੇਵਕ ਤੇ ਟਰੇਡ ਯੂਨੀਅਨਨਿਸਟ।**

## ਸੰਦੇਸ਼



ਕੁੱਝ ਵਿਰਲੇ ਲੋਕ ਹੁੰਦੇ ਹਨ ਜਿਹੜੇ ਆਪਣੇ ਟਰੇਡ ਨਾਲ ਤੇ ਆਪਣੇ ਪੈਸੇ ਨਾਲ ਹਮੇਸ਼ਾਂ ਇਨਸਾਫ਼ ਕਰਦੇ ਹਨ। ਫ਼ਤਿਹ ਪ੍ਰਭਾਕਰ ਇੱਕ ਚੰਗੇ ਪੱਤਰਕਾਰ, ਚੰਗੇ ਸਮਾਜ ਸੇਵਕ ਦੇ ਨਾਲੋ ਨਾਲ ਬਤੌਰ ਭੱਠਾ ਮਾਲਕ ਹੁੰਦਿਆਂ ਆਪਣੇ ਟਰੇਡ ਅਤੇ ਵਰਕਰਾਂ ਵਿਚਕਾਰ ਚੰਗਾ ਤਾਲਮੇਲ ਬਣਾਕੇ ਟਰੇਡ ਨੂੰ ਅੱਗੇ ਲੈ ਜਾਣ ਲਈ ਹਮੇਸ਼ਾਂ ਯਤਨਸ਼ੀਲ ਰਹਿੰਦੇ ਹਨ। ਉਹ ਜਦੋਂ ਆਪਣੀ ਕਲਮ ਚੁੱਕਦੇ ਹਨ ਤਾਂ ਹਰ ਵਰਗ ਨੂੰ ਇਨਸਾਫ਼ ਦਿਵਾਉਣ ਦਾ ਯਤਨ ਕਰਦੇ ਹਨ। ਉਹਨਾਂ ਵੱਲੋਂ ਆਪਣੀ ਜਨਮ ਭੂਮੀ ਪਿੰਡ ਖੇੜੀ-ਜੱਟਾਤੇ ਵਿਸ਼ੇਸ ਅੰਕ ਕੱਢਣ ਤੇ ਮੈਂ ਉਹਨਾਂ ਨੂੰ ਮੁਬਾਰਕਬਾਦ ਦਿੰਦਾ ਹਾਂ।

**ਐਡਵੋਕੇਟ ਕੇਵਲ ਕ੍ਰਿਸ਼ਨ ਲੌਂਗੋਵਾਲੀਆ ਪ੍ਰਧਾਨ ਭੱਠਾ ਬਚਾਓ ਵੈਲਫੇਅਰ ਐਸੋ: ਜ਼ਿਲਾ ਸੰਗਰੂਰ।**

## ਸੰਦੇਸ਼



ਪਿਛਲੇ ਲੰਮੇਂ ਸਮੇਂ ਤੋਂ ਬਤੌਰ ਪੱਤਰਕਾਰ ਤੇ ਸਮਾਜ ਸੇਵਕ ਵਜੋਂ ਵਿਚਰਦੇ ਆ ਰਹੇ ਫ਼ਤਿਹ ਪ੍ਰਭਾਕਰ ਨਾਲ ਮੇਰਾ ਰਾਬਤਾ ਰਿਹਾ ਹੈ। ਜਿਹੜੇ ਆਪਣੀ ਕਲਮ ਰਾਹੀਂ ਹਮੇਸ਼ਾਂ ਸੱਚ ਅਤੇ ਤੱਥਾਂ ਤੇ ਅਧਾਰਤ ਹੀ ਖ਼ਬਰਾਂ ਤੇ ਲੇਖ ਲਿਖਦੇ ਆ ਰਹੇ ਹਨ। ਉਹਨਾਂ ਵੱਲੋਂ ਆਪਣੀ ਜਨਮ ਭੂਮੀ ਤੇ ਕੱਢੇ ਜਾ ਰਹੇ ਵਿਸ਼ੇਸ਼ ਅੰਕ ਲਈ ਮੈਂ ਆਪਣੇ ਵੱਲੋਂ ਉਹਨਾਂ ਨੂੰ ਮੁਬਾਰਕਬਾਦ ਦਿੰਦਾ ਹਾਂ।

**ਇੰਜੀਨੀਅਰ ਜਸਵੰਤ ਸਿੰਘ ਖਹਿਰਾ ਸਕੱਤਰ ਅਕਾਲ ਕਾਲਜ ਕੌਂਸਲ ਮਸਤੂਆਣਾ ਸਾਹਿਬ।**

## ਸੰਦੇਸ਼



ਮੈਨੂੰ ਇਸ ਗੱਲ ਦੀ ਖੁਸ਼ੀ ਤੇ ਮਾਣ ਮਹਿਸੂਸ ਹੁੰਦਾ ਹੈ ਕਿ ਮੇਰਾ ਛੋਟਾ ਵੀਰ ਪੱਤਰਕਾਰ ਫ਼ਤਿਹ ਪ੍ਰਭਾਕਰ ਜਿਥੇ ਕਲਮ ਦਾ ਧਨੀ ਹੈ ਉਥੇ ਆਪਣੀ ਜਨਮ ਭੂਮੀ ਦੇ ਵਿਕਾਸ ਲਈ ਹਮੇਸ਼ਾਂ ਤਤਪਰ ਰਹਿੰਦਾ ਹੈ। ਉਹਨਾਂ ਦੇ ਯਤਨਾਂ ਸਦਕਾ ਪਿੰਡ ਖੇੜੀ-ਜੱਟਂ ਵਿਕਾਸ ਦੇ ਪੱਖੋਂ ਪੰਜਾਬ ਦੇ ਗਿਣਤੀ ਦੇ ਪਿੰਡਾਂ ਵਿਚ ਗਿਣਿਆ ਜਾ ਰਿਹਾ ਹੈ ਮੈਂ ਆਪਣੇ ਛੋਟੇ ਵੀਰ ਨੂੰ ਵਿਸ਼ੇਸ਼ ਅੰਕ ਕੱਢਣ ਤੇ ਮੁਬਾਰਕਬਾਦ ਦਿੰਦਾ ਹਾਂ।

**ਵੈਦ ਦੁਰਗਾ ਦਾਸ ਅਮਰਗੜ (ਸੰਗਰੂਰ)**

# ਪਿੰਡ ਖੇੜੀ-ਜੱਟਾਂ ਨੇ ਵਿਕਾਸ ਕਾਰਜਾਂ ਦੀ ਪਹਿਲੀ ਅੰਗੜਾਈ






**ਤਹਿਸੀਲ** ਧੂਰੀ ਜਿਲਾ ਸੰਗਰੂਰ ਦਾ 1450 ਕੁ ਅਬਾਦੀ ਵਾਲੇ ਛੋਟੇ ਜਿਹੇ ਪਿੰਡ ਖੇੜੀ ਜੱਟਾਂ ਦੀ ਵਾਗਡੋਰ ਸਾਲ 2014 ਵਿਚ ਐੱਸ. ਸੀ. ਔਰਤ ਸਰਪੰਚ ਸ਼੍ਰੀਮਤੀ ਜਸਵਿੰਦਰ ਕੌਰ ਤੇ ਬਲਾਕ ਸੰਮਤੀ ਮੈਂਬਰ ਸੁਰਜੀਤ ਸਿੰਘ, ਸਥਾਨਕ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗਿਆਨੀ ਦਰਸ਼ਨ ਸਿੰਘ ਤੇ ਹੋਰਨਾਂ ਨੇ ਇੱਕਜੁੱਟ ਹੋ ਕੇ ਪਿੰਡ ਦੇ ਵਿਕਾਸ ਲਈ ਉਪਰਾਲਾ ਕਰਨ ਲਈ ਸ਼ਹਿਰ ਸੰਗਰੂਰ ਰਹਿੰਦੇ ਪੇਸ਼ੇ ਵਜੋ ਸੀਨੀਅਰ ਪੱਤਰਕਾਰ ਅਤੇ ਪਿੰਡ ਦੇ ਜੰਮਪਲ ਫਤਿਹ ਪ੍ਰਭਾਕਰ ਪੁੱਤਰ ਸਵ. ਪਟਵਾਰੀ ਗਿਰਧਾਰੀ ਲਾਲ ਉਹਨਾਂ ਦੇ ਹਮਜਮਾਤੀਆਂ ਦੇ ਕਹਿਣ ਤੇ ਉਹਨਾਂ ਨੂੰ ਪਿੰਡ ਦੇ ਵਿਕਾਸ ਵਿਚ ਸਾਥ ਦੇਣ ਲਈ ਪਹੁੰਚ ਕੀਤੀ।

ਉਹਨਾਂ ਕਿਹਾ ਕਿ ਮੇਰੀਆਂ ਕੁਝ ਸ਼ਰਤਾਂ ਹਨ, ਪਹਿਲੀ ਗੱਲ ਵਿਕਾਸ ਕਰਨ ਸਮੇਂ ਧੜੇਬੰਦੀ- ਵਿਤਕਰਾ ਨਹੀਂ ਕਰਨਾ, ਦੂਸਰ ਕਿਸੇ ਗ੍ਰਾਂਟ ਵਿਚੋ ਕੋਈ ਪੈਸਾ ਨਹੀਂ ਖਾਣਾ, ਤੀਸਰੇ ਵਿਕਾਸ ਦਾ ਸਿਹਰਾ ਲੈਣ ਦੀ ਦੌੜ ਨਹੀਂ ਹੋਣੀ ਚਾਹੀਦੀ। ਸਭ ਦੀ ਸਹਿਮਤੀ ਹੋਈ ਤੇ ਤੱਤਕਾਲੀ ਵਧੀਕ ਡਿਪਟੀ ਕਮਿਸ਼ਨਰ ਪ੍ਰੀਤਮ ਸਿੰਘ ਜੌਹਲ ਤੱਕ ਪਹੁੰਚ ਕੀਤੀ ਤੇ ਪਿੰਡ ਦੀ ਫੇਰੀ ਲਗਵਾਈ।

ਇਸ ਤੋਂ ਬਾਅਦ ਪਿੰਡ ਦੇ ਵਿਕਾਸ ਲਈ ਪਹਿਲਾ ਕਦਮ ਜਿਲਾ ਸਿੱਖਿਆ ਅਫਸਰ ਐਲੀਮੈਂਟਰੀ ਸ਼ੇਰ ਸਿੰਘ ਬਾਲੇਵਾਲ ਵੱਲੋਂ ਤਤਕਾਲੀ ਖਜਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦੀ ਮਨਜ਼ੂਰੀ ਨਾਲ 4.32 ਲੱਖ ਦੀ ਗ੍ਰਾਂਟ ਸਰਬ ਸਿੱਖਿਆ ਅਭਿਆਨ ਵਿਚੋ ਜਾਰੀ ਹੋਣ ਤੇ ਸਕੂਲ ਦੀ ਚਾਰਦੀਵਾਰੀ, ਜਿਸ ਦੇ ਕੰਮ ਦੀ ਸ਼ੁਰੂਆਤ ਤਤਕਾਲੀ ਐੱਸ. ਡੀ. ਐੱਮ. ਧੂਰੀ ਮੈਡਮ ਈਸ਼ਾ ਸਿੰਗਲ ਨੇ ਖੁਦ ਆ ਕੇ ਕਰਵਾਈ।

ਉਸ ਉਪਰੰਤ ਪੰਚਾਇਤੀ ਰਾਜ ਦੇ ਐਕਸੀਅਨ ਰਣਜੀਤ ਸਿੰਘ ਸ਼ੇਰਗਿੱਲ ਹੋਰਾਂ ਨੇ ਮਨਰੇਗਾ ਫੰਡਾਂ ਵਿਚੋਂ ਮਨਰੇਗਾ ਭਵਨ ਦੀ ਉਸਾਰੀ ਕਰਵਾਈ, ਸਾਰੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਸਮੇਤ ਗਲੀਆਂ-ਨਾਲੀਆਂ ਅਤੇ ਪਾਣੀ ਦੀ ਨਿਕਾਸੀ ਸਮੇਤ ਅਨੇਕਾਂ ਕਾਰਜ, ਇਸ ਸਮੇਂ ਦੌਰਾਨ ਹੋਏ ਕੰਮਾਂ, ਜਿਨਾਂ ਬਾਰੇ ਕਦੇ ਪਿੰਡ ਵਾਸੀਆਂ ਨੇ ਸੋਚਿਆ ਵੀ ਨਹੀਂ ਸੀ। ਪਿੰਡ ਵਿਚ ਸੇਵਾ ਕੇਂਦਰ ਵੀ ਚਾਲੂ ਹੋਇਆ ਸੀ।

ਇਸ ਸਮੇਂ ਦੌਰਾਨ ਇਤਿਹਾਸਕ ਕਦਮ ਸਾਰੀਆਂ ਸ਼ਮਸ਼ਾਨਘਾਟਾਂ ਨੂੰ ਮਿਲਾ ਕੇ ਇੱਕ ਕਰਨ ਦਾ ਕਾਰਜ ਨੇਪਰੇ ਚਾੜਿਆ। ਪਟਵਾਰਖਾਨੇ ਦੀ ਇਮਾਰਤ ਦੀ ਮੁੜ ਉਸਾਰੀ ਕਰਵਾ ਕੇ ਉਥੇ ਸਰੱਬਤ ਦਾ ਭਲਾ ਚੈਰੀਟੇਬਲ ਟਰੱਸਟ ਵਲੋਂ 2015 ਵਿਚ ਮੁਫਤ ਕੰਪਿਊਟਰ ਸੈਂਟਰ ਚਾਲੂ ਕਰਵਾਇਆ ਗਿਆ, ਜੋ ਅੱਜ ਵੀ ਚਾਲੂ ਹੈ, ਜਿਸ ਦਾ ਲਾਭ ਇਲਾਕੇ ਦੇ ਕਈ ਪਿੰਡਾਂ ਦੇ ਬੱਚੇ ਲੈ ਰਹੇ ਹਨ। ਖੇੜੀ-ਜੱਟਾਂ ਪਿੰਡ ਦੀ ਪਹਿਚਾਣ ਇੱਕ ਗੁਰੂਘਰ, ਇੱਕ ਸਕੂਲ, ਇੱਕ ਸਮਸ਼ਾਨਘਾਟ ਤੇ ਵਿਕਾਸ ਮੁੱਖੀ ਪਿੰਡ ਵਲੋ ਹੋਣ ਲੱਗ ਪਈ।

# ਪਿੰਡ ਖੇੜੀ -ਜੱਟਾਂ ਦੇ ਵਿਕਾਸ ਦਾ ਦੂਸਰਾ ਦੌਰ...

ਹੁਣ ਪਿੰਡ ਦੀ ਸਰਪੰਚੀ ਜਰਨਲ ਵਰਗ ਦੇ ਮਨਪ੍ਰੀਤ ਸਿੰਘ ਨੰਬਰਦਾਰ ਦੇ ਹੱਥ ਆ ਗਈ ਤੇ ਪਿੰਡ ਦੇ ਵਿਕਾਸ ਦੀ ਅਗਵਾਈ ਉਹੀ ਪਹਿਲੀ ਟੀਮ, ਜਿਸ ਵਿਚ ਪਿੰਡ ਦੇ ਜੰਪਲ ਸੀਨੀਅਰ ਪੱਤਰਕਾਰ ਫਤਿਹ ਪ੍ਰਭਾਕਰ ਤੇ ਪਿੰਡ ਦੇ ਹੋਰ ਪਤਵੰਤੇ ਵਿਕਾਸ ਮੁੱਖੀ ਸੋਚ ਵਾਲੇ ਸੱਜਣਾਂ ਨੇ ਮਿਲ ਕੇ ਪਿੰਡ ਦੀ ਨੁਹਾਰ ਬਦਲਣ ਦੇ ਭਰਪੂਰ ਯਤਨ ਜਾਰੀ ਰੱਖੇ।

ਇਸੇ ਸਮੇਂ ਦੌਰਾਨ ਸਰਕਾਰ ਕੈਪਟਨ ਅਮਰਿੰਦਰ ਸਿੰਘ ਹੋਰਾਂ ਦੀ ਆ ਗਈ, ਜਿਥੇ ਵਿਕਾਸ ਦੇ ਕਾਰਜ ਚੱਲ ਹੀ ਰਹੇ ਸਨ ਹੁਣ ਸੋਨੇ ਤੇ ਸੁਹਾਗੇ ਵਾਲਾ ਕੰਮ ਇਹ ਹੋਇਆ ਪਿੰਡ ਖੇੜੀ-ਜੱਟਾਂ ਪਿੰਡ ਬਾਬੇ ਨਾਨਕ ਦਾ ਸਕੀਮ ਅਧੀਨ ਆ ਗਿਆ। ਪਿੰਡ ਦੇ ਵਿਕਾਸ ਲਈ ਇਕ ਕਰੋੜ ਦੇ ਕਰੀਬ ਗ੍ਰਾਂਟ ਅਲਾਟ ਹੋ ਗਈ। ਇਸ ਵਿੱਚੋਂ ਛੱਪੜਾਂ ਦੇ ਪਾਣੀ ਨੂੰ ਫਿਲਟਰ ਕਰਕੇ ਸਿੰਚਾਈ ਯੋਗ ਬਣਾਉਣਾ, ਗੁਰੂ ਘਰ ਨੂੰ ਜਾਣ ਵਾਲਾ ਰਸਤਾ ਪੱਕਾ ਕਰਨਾ, ਪਿੰਡ ਨੂੰ ਹਰਿਆ-ਭਰਿਆ ਬਣਾਉਣ ਲਈ ਬੂਟੇ ਤੇ ਟਰੀਗਾਰਡ ਲਾਉਣਾ, ਸਾਰਾ ਸਮਾਂ ਆਕਸੀਜਨ ਦੇਣ ਵਾਲੀ ਨਾਨਕ ਬਗੀਚੀ, ਨੌਜਵਾਨਾਂ ਲਈ ਜਿੰਮ, ਖੇਡ ਸਟੇਡੀਅਮ, ਰਸਤਿਆ ਤੇ ਉੱਡੀਕ ਘਰਾਂ ਦੀ ਉਸਾਰੀ, ਪਿੰਡ ਨੂੰ ਕੈਮਰਿਆਂ ਦੀ ਨਜ਼ਰ ਹੇਠ ਰੱਖਣ ਲਈ ਕੈਮਰੇ, ਸੜਕਾਂ ਦੇ ਵਰਮ ਪੱਕੇ ਕਰਾਏ, ਮੋੜਾਂ ਉੱਤੇ ਰਿਫਲੈਕਟਰ, ਖੇਤਾਂ ਨੂੰ ਜਾਣ ਵਾਲੇ ਸਾਰੇ ਰਸਤੇ (ਖੜਵੰਜੇ) ਪੱਕੇ ਕਰਨ, ਪਿੰਡ ਦੀ ਪੰਚਾਇਤ ਨਾਲ ਸਹਿਯੋਗ ਕਰਨ ਕਰਕੇ 26 ਜਨਵਰੀ 2020 ਨੂੰ ਫਤਿਹ ਪ੍ਰਭਾਕਰ ਨੂੰ ਗਣਤੰਤਰ ਦਿਵਸ ਤੇ ਮੌਕੇ ਤੇ ਜਿਲਾ ਪੱਧਰੀ ਸਮਾਗਮ ਵਿਚ ਸਨਮਾਨਿਤ ਵੀ ਕੀਤਾ ਗਿਆ।



ਸੋਲਿਡ ਵੇਸਟ ਮੈਨੇਜਮੈਂਟ ਪ੍ਰਾਜੈਕਟ ਪਲਾਂਟ ਦੇ ਉਦਘਾਟਨ ਸਮੇਂ ਦੀ ਤਸਵੀਰ ਅਤੇ ਪਿੰਡ ਵਿਚ ਸਮਾਗਮ ਦੌਰਾਨ ਹਾਜਰ ਪਤਵੰਤੇ ਸੱਜਣ ਤੇ ਸਰਪੰਚ ਮਲਕੀਤ ਕੌਰ।

ਇਸ ਤਰਾਂ ਪਿੰਡ ਦੇ ਲੋਕਾਂ ਦੀ ਏਕਤਾ, ਕੁਰੱਪਸ਼ਨ ਤੋਂ ਦੂਰੀ ਤੇ ਬਿਨਾਂ ਕਿਸੇ ਵਿਤਕਰੇ ਤੇ ਵਿਕਾਸ ਕਰਾਉਣਾਂ ਹੀ ਪਿੰਡ ਨੂੰ ਵਿਕਾਸ ਮੁੱਖੀ ਪਿੰਡਾਂ ਦੀ ਸੂਚੀ ਵਿੱਚ ਨਾਂ ਦਰਜ ਕਰਵਾਉਣ ਵਾਲਾ ਪਿੰਡ ਖੇੜੀ-ਜੱਟਾਂ ਨੂੰ ਬਣਨ ਦਾ ਮਾਣ ਹਾਸਲ ਹੋਇਆ।

ਪੰਜਾਬ ਅੰਦਰ ਜਦੋਂ ਭਗਵੰਤ ਸਿੰਘ ਮਾਨ ਹੋਰਾਂ ਦੀ ਅਗਵਾਈ ਹੇਠ ਵਿਧਾਨ ਸਭਾ ਦੀਆਂ ਹੋਈਆਂ ਚੋਣਾਂ ਵਿਚ ਹਲਕਾ ਧੂਰੀ ਨੂੰ ਇਹ ਮਾਣ ਵੀ ਪ੍ਰਾਪਤ ਹੋਇਆ ਕਿ ਸ. ਮਾਨ ਨੇ ਧੂਰੀ ਵਿਧਾਨ ਸਭਾ ਹਲਕੇ ਤੋਂ ਚੋਣ ਲੜੀ ਤੇ ਪੰਜਾਬ ਦੇ ਬਤੌਰ ਮੁੱਖ ਮੰਤਰੀ ਵਾਗਡੋਰ ਸੰਭਾਲੀ। ਇਸ ਗੱਲ ਦਾ ਇਲਾਕੇ ਦੇ ਲੋਕਾਂ ਤੇ ਖਾਸ ਕਰਕੇ ਪਿੰਡ ਖੇੜੀ-ਜੱਟਾਂਦੇ ਲੋਕਾਂ ਦਾ ਮਾਣ ਹੈ ਕਿ ਉਹਨਾਂ ਦੇ ਇਲਾਕੇ ਤੋਂ ਜਿੱਤ ਤੇ ਸ. ਭਗਵੰਤ ਸਿੰਘ ਮਾਨ ਪੰਜਾਬ ਦੇ ਗਤੀਸ਼ੀਲ ਮੁੱਖ ਮੰਤਰੀ ਹਨ।

# ਪਿੰਡ ਖੇੜੀ-ਜੱਟਾਂ ਵਿਕਾਸ ਤੇ ਤਰੱਕੀ ਦੇ ਰਾਹ...




ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸਮੇਂ ਜਿਥੇ ਪਿੰਡ ਖੇੜੀ-ਜੱਟਾਂ ਦਾ ਵਿਕਾਸ ਹੋਰ ਤੇਜ਼ੀ ਨਾਲ ਹੋ ਰਿਹਾ ਹੈ, ਪਿੰਡ ਦੇ ਵੱਡੇ ਪ੍ਰੋਜੈਕਟ ਜਿਵੇਂ ਕਿ ਪੰਚਾਇਤ ਘਰ 40 ਲੱਖ ਦੀ ਲਾਗਤ ਨਾਲ ਤੇ ਲਾਇਬ੍ਰੇਰੀ 30 ਲੱਖ ਦੀ ਲਾਗਤ ਨਾਲ ਉਸਾਰੀ ਅਧੀਨ ਹਨ। ਪੰਚਾਇਤ ਘਰ ਦੀ ਉਸਾਰੀ ਦਾ ਉਦਘਾਟਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਧਰਮ ਪਤਨੀ ??. ਗੁਰਪ੍ਰੀਤ ਕੌਰ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਸ ਦੌਰਾਨ ਸੋਲਡ ਵੇਸਟ ਪਲਾਂਟ ਵੀ ਮੁਕੰਮਲ ਹੋਣ ਉਪਰੰਤ ਭਗਵੰਤ ਸਿੰਘ ਮਾਨ ਦੀ ਟੀਮ ਦੇ ਮੈਂਬਰਾਂ ਵੱਲੋਂ ਸੋਲਡ ਵੇਸਟ ਪਲਾਂਟ ਦਾ ਉਦਘਾਟਨ ਕੀਤਾ ਗਿਆ।

ਇਸੇ ਸਮੇ ਦੌਰਾਨ ਪਿੰਡ ਦੇ ਸਰਪੰਚ ਮਨਪ੍ਰੀਤ ਸਿੰਘ ਮਨੀ ਨੰਬਰਦਾਰ ਆਪਣੇ ਨਿੱਜੀ ਕੰਮਾਂ ਲਈ ਵਿਦੇਸ਼ ਚਲੇ ਗਏ ਤੇ ਰਹਿੰਦੀਆਂ ਵਿਕਾਸ ਲਈ ਗ੍ਰਾਂਟਾਂ ਦੇ ਕੰਮ ਅਧਿਕਾਰਤ ਸਰਪੰਚ ਰਾਹੀਂ ਪੂਰੇ ਕੀਤੇ ਗ ?, ਜਿਨਾਂ ਵਿਚ ਸੀਵਰੇਜ ਲਾਇਨਾਂ ਦਾ ਕੰਮ, ਸਮਸ਼ਾਨਘਾਟ ਦਾ ਮੁੱਖ ਗੇਟ, ਅੰਦਰਲੇ ਰਸਤੇ ਤੇ ਲੱਖਾਂ ਦੀ ਲਾਗਤ ਨਾਲ ਪਹਿਲਾਂ ਬਣੇ ਮਨਰੇਗਾ ਭਵਨ ਨੂੰ ਪੇਂਟ ਆਦਿ ਕਰਕੇ ਦਫਤਰੀ ਟੇਬਲ, ਕੁਰਸੀਆ ਆਦਿ ਲਗਾ ਕੇ ਤਿਆਰ ਕਰਵਾਇਆ ਗਿਆ, ਤਾਂ ਜੋ ਬਾਹਰਲੇ ਜ਼ਿਲਿਆਂ ਅਤੇ ਦੇਸ਼ ਦੇ ਹੋਰ ਸੂਬਿਆਂ ਤੋਂ ਆਉਣ ਵਾਲੇ ਲੋਕ ਪਿੰਡ ਦੇ ਵਿਕਾਸ ਦੀਆਂ ਤਸਵੀਰਾਂ ਅੱਖੀਂ ਦੇਖ ਸਕਣ ਅਤੇ ਆਪਣੇ ਪਿੰਡਾਂ ਵਿਚ ਦੀ ਅਜਿਹੇ ਵਿਕਾਸ ਕਾਰਜ ਕਰਾਉਣ ਲਈ ਉਤਸ਼ਾਹਿਤ ਹੋ ਸਕਣ। ਇਸੇ ਇਮਾਰਤ ਵਿੱਚ ਵੱਖ-ਵੱਖ ਵਿਸ਼ਿਆਂ ਤੇ ਸਮੇਂ-ਸਮੇ ਉੱਤੇ ਸੈਮੀਨਾਰ ਤੇ ਗੋਸ਼ਟੀਆਂ ਵੀ ਕਰਵਾਈਆਂ ਜਾਂਦੀਆਂ ਹਨ।

ਹੁਣ ਨਵੀਂ ਚੁਣੀ ਪੰਚਾਇਤ ਵਿਚ ਜਨਰਲ ਵਰਗ ਵਿਚੋ ਮੈਡਮ ਮਲਕੀਤ ਕੌਰ ਪਤਨੀ ਸਾਬਕਾ ਪੰਚ ਹਰਪ੍ਰੀਤ ਸਿੰਘ ਵੱਲੋਂ ਪਿੰਡ ਦੇ ਵਿਕਾਸ ਨੂੰ ਹੋਰ ਤੇਜ਼ੀ ਨਾਲ ਅੱਗੇ ਵਧਾਉਣ ਲਈ ਯਤਨ ਕੀਤੇ ਜਾ ਰਹੇ ਹਨ। ਸਰਪੰਚ ਮਲਕੀਤ ਕੌਰ ਨੂੰ 4 ਮਾਰਚ 2025 ਨੂੰ ਦਿੱਲੀ ਵਿਗਿਆਨ ਭਵਨ ਵਿਖੇ ( ਰਾਸ਼ਟਰੀ ਪੰਚਾਇਤ ਨੇਤਰੀ ਅਭਿਆਨ ਤਹਿਤ ) ਸੈਮੀਨਾਰ ਵਿਚ ਸ਼ਮੂਲੀਅਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ।



**ਪੰਚਾਇਤ ਘਰ ਦੀ ਉਸਾਰੀ ਦਾ ਉਦਘਾਟਨ ਕਰਨ ਮੌਕੇ ਮੁੱਖ ਮੰਤਰੀ ਪੰਜਾਬ ਦੀ ਪਤਨੀ ਡਾ. ਗੁਰਪ੍ਰੀਤ ਕੌਰ, ਨਾਲ ਹੋਰ। ਅਤੇ ਦਿੱਲੀ ਵਿਖੇ ਰਾਸ਼ਟਰੀ ਪੱਧਰ ਦੇ ਸੈਮੀਨਾਰ ਵਿਚ ਸ਼ਾਮਲ ਹੋਣ ਮੌਕੇ ਪਿੰਡ ਦੀ ਸਰਪੰਚ ਮਲਕੀਤ ਕੌਰ।**

ਇਸੇ ਤਰਾਂ 8 ਮਾਰਚ 2025 ਨੂੰ ਅੰਤਰ ਰਾਸ਼ਟਰੀ ਮਹਿਲਾ ਦਿਵਸ ਉੱਤੇ ਵੀ ਜਿਲਾ ਪੱਧਰੀ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਤਰਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੋਰਾਂ ਦੀ ਰਹਿਨੁਮਾਈ ਹੇਠ ਆਉਣ ਵਾਲੇ ਸਮੇਂ ਵਿਚ ਵਿਕਾਸ ਤੇ ਤਰੱਕੀ ਦੇ ਕਦਮ ਵਧਾਉਂਦਾ ਰਹੇਗਾ।


**ਪਿਛਲੇ ਲੰਮੇਂ ਸਮੇਂ ਤੋਂ ਮੈਂ ਲੱਕੜ ਦਾ ਵਿਉਪਾਰ ਸੰਗਰੂਰ ਵਿਖੇ ਕਰਦਾ ਆ ਰਿਹਾ ਹਾਂ ਤੇ ਮੇਰਾ ਹਮੇਸ਼ਾ ਰਾਬਤਾ ਇੱਕ ਚੰਗੇ ਪੱਤਰਕਾਰ ਤੇ ਸਮਾਜ ਸੇਵਕ ਜਿਹੜੇ ਆਪਣੇ ਪਿੰਡ ਖੇੜੀ-ਜੱਟਾਂ ਦੇ ਵਿਕਾਸ ਕਾਰਜਾਂ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। ਉਨਾਂ ਦੇ ਯਤਨਾ ਸਦਕਾ ਪਿੰਡ ਖੇੜੀ-ਜੱਟਾਂ ਦੀ ਗਿਣਤੀ ਪੰਜਾਬ ਦੇ ਵਿਕਾਸ ਮੁੱਖੀ ਪਿੰਡਾਂ ਵਿਚ ਹੋਣ ਲੱਗ ਪਈ ਹੈ। ਮੈਂ ਉਨਾਂ ਵੱਲੋਂ ਕੱਢੇ ਜਾ ਰਹੇ ਵਿਸ਼ੇਸ਼ ਅੰਕ ਲਈ ਫਤਿਹ ਪ੍ਰਭਾਕਰ ਨੂੰ ਮੁਬਾਰਕਬਾਦ ਦਿੰਦਾ ਹਾਂ।**



**ਹਰੀ ਕ੍ਰਿਸ਼ਨ ਸਿੰਗਲਾ ਉਰਫ਼ ਭੋਲਾ**

ਸੰਤ ਅਤਰ ਸਿੰਘ ਸ਼ਾਅ ਮਿੱਲ ਬੱਗੂਆਣਾ ਰੋਡ ਸੰਗਰੂਰ। ਸੰਪਰਕ 94644-44427

**ਸਮਾਜ ਅੰਦਰ ਕੁੱਝ ਗਿਣਤੀ ਦੇ ਹੀ ਲੋਕ ਹੁੰਦੇ ਹਨ, ਜਿਹੜੇ ਆਪਣੇ ਸਾਫ਼ ਸੁਥਰੇ ਅਕਸ ਕਰਕੇ ਹਰ ਵਰਗ ਵਿਚ ਸਤਿਕਾਰ ਅਤੇ ਸਨਮਾਨ ਵਾਲਾ ਸਥਾਨ ਹਾਸਲ ਕਰ ਲੈਂਦੇ ਹਨ। ਫ਼ਤਿਹ ਪ੍ਰਭਾਕਰ ਇੱਕ ਚੰਗੇ ਸਮਾਜ ਸੇਵਕ, ਵਧੀਆ ਪੱਤਰਕਾਰ ਤੇ ਆਪਣੇ ਪੈਸੇ ਨਾਲ ਇਨਸਾਫ਼ ਕਰਨ ਵਾਲੇ ਇਨਸਾਨ ਹਨ। ਮੇਰੇ ਮਨ ਅੰਦਰ ਉਹਨਾਂ ਪ੍ਰਤੀ ਬੁਹੁਤ ਸਤਿਕਾਰ ਤੇ ਸਲਮਾਨ ਹੈ ਉਨਾਂ ਵੱਲੋਂ ਕੱਢੇ ਜਾ ਰਹੇ ਵਿਸ਼ੇਸ਼ ਅੰਕ ਲਈ ਮੈਂ ਫਤਿਹ ਪ੍ਰਾਭਕਰ ਨੂੰ ਮੁਬਾਰਕਬਾਦ ਦਿੰਦਾ ਹਾਂ।**



**ਰਾਜ ਕੁਮਾਰ ਪ੍ਰਾਪਰਟੀ ਐਡਵਾਈਜ਼ਰ**

**ਸੰਗਰੂਰ, ਮੋਬਾਇਲ ਨੰ- 98142-40246**


## ਸੰਦੇਸ਼



ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਆਪਣੇ ਅਧਿਕਾਰ ਹੇਠ ਆਉਂਦੇ ਇਲਾਕੇ ਦੇ ਸਾਰੇ ਲੋਕਾਂ ਦੇ ਹਿੱਤਾਂ ਪ੍ਰਤੀ ਕਾਰਜ ਕਰਨੇ ਹੁੰਦੇ ਹਨ ਪਰ ਕੁੱਝ ਪਿੰਡਾਂ ਦੇ ਲੋਕ ਆਪਣੀ ਏਕਤਾ, ਸਮਝਦਾਰੀ ਅਤੇ ਰਸਰ ਰਸੂਖ ਸਦਕਾ ਵੱਧ ਵਿਕਾਸ ਕਾਰਜ ਜਾਂ ਸਰਕਾਰ ਦੀਆਂ ਸਕੀਮਾਂ ਦਾ ਲਾਹਾਂ ਲੈਣ ਵਿਚ ਸਫ਼ਲ ਹੋ ਜਾਂਦੇ ਹਨ। ਅਜਿਹਾ ਹੀ ਇੱਕ ਪਿੰਡ ਧੂਰੀ ਵਿਧਾਨ ਸਭਾ ਦਾ ਖੇੜੀ-ਜੱਟਾਂਹੈ, ਜਿਥੇ ਦੇ ਸਮਾਜ ਸੇਵਕ ਤੇ ਪੱਤਰਕਾਰ ਫ਼ਤਿਹ ਪ੍ਰਭਾਕਰ ਨੇ ਆਪਣੇ ਅਸਰ ਰਸੂਖ ਸਦਕਾ ਪਿੰਡ ਵਿਚ ਏਕਤਾ ਕਾਇਮ ਰੱਖਦੇ ਹੋਏ ਸਾਲ 2014 ਤੋਂ ਪਿੰਡ ਦੇ ਵਿਕਾਸ ਲਈ ਸਰਕਾਰ ਦੀਆਂ ਵੱਧ ਤੋਂ ਵੱਧ ਸਕੀਮਾਂ ਦਾ ਲਾਹਾਂ ਲੈਂਦਿਆਂ ਪਿੰਡ ਨੂੰ ਪੰਜਾਬ ਦੇ ਵਿਕਾਸ ਮੁੱਖੀ ਪਿੰਡਾਂ ਦੀ ਪਹਿਲੀ ਕਤਾਰ ਵਿਚ ਲਿਆ ਖੜ੍ਹਾ ਕੀਤਾ। ਹੁਣ ਧੂਰੀ ਵਿਧਾਨ ਸਭਾ ਦਾ ਇਹ ਪਿੰਡ ਸੀ.ਐਮ. ਸਾਹਿਬ ਦੇ ਹਲਕੇ ਦਾ ਪਿੰਡ ਹੋਣ ਕਰਕੇ ਇਥੇ ਲਾਇਬ੍ਰੇਰੀ ਅਤੇ ਪੰਚਾਇਤ ਘਰ ਜਿਹੇ ਵੱਡੇ ਪ੍ਰੋਜੈਕਟਾਂ ਜਿੰਨਾਂ 'ਤੇ ਕੰਮ ਚਲ ਰਹੇ ਹਨ, ਇੰਨਾਂ ਪ੍ਰੋਜੈਕਟਾਂ ਨੂੰ ਲਿਆਉਣ ਵਿਚ ਫ਼ਤਿਹ ਪ੍ਰਭਾਕਰ ਹੋਰਾਂ ਨੇ ਵੱਡਾ ਯੋਗਦਾਨ ਪਾਇਆ ਹੈ। ਹੁਣ ਭਾਵੇਂ ਮੈਂ ਜ਼ਿਲਾ ਲੁਧਿਆਣਾ ਵਿਖੇ ਸੇਵਾਵਾਂ ਨਿਭਾ ਰਿਹਾ ਹਾਂ ਪਰ ਮੈਨੂੰ ਖੁਸ਼ੀ ਹੈ ਕਿ ਮੈਂ ਸੀ.ਐਮ.ਸਾਹਿਬ ਦੇ ਵਿਧਾਨ ਸਭਾ ਹਲਕੇ ਦੀ ਸੇਵਾ ਕਰ ਸਕਿਆ ਹਾਂ। ਮੈਂ ਫ਼ਤਿਹ ਪ੍ਰਭਾਕਰ ਨੂੰ ਵਿਸ਼ੇਸ ਅੰਕ ਕੱਢਣ ਤੇ ਮੁਬਾਰਕਬਾਦ ਦਿੰਦਾ ਹਾਂ।

**ਰਣਜੀਤ ਸਿੰਘ ਸ਼ੇਰਗਿੱਲ ਕਾਰਜਕਾਰੀ ਇੰਜੀਨੀਅਰ**

## ਸੰਦੇਸ਼



ਮੇਰੀ ਤਾਂ ਨੌਕਰੀ ਤੋਂ ਲੈ ਕੇ ਹਰ ਪੜਾਅ ਤੇ ਮੇਰਾ ਸਾਥ ਨਿਰਸਵਾਰਥ ਕੀਤਾ ਤੇ ਇਸ ਨਾਲੋ ਨਾਲ ਆਪਣੀ ਜਨਮ ਭੂਮੀ ਪਿੰਡ ਖੇੜੀ-ਜੱਟਾਂ ਤਹਿਸੀਲ ਨੂੰ ਵਿਕਾਸ ਦੇ ਨਕਸ਼ੇ ਤੇ ਲਿਆਉਣ ਜਿਹੇ ਕਾਰਜ ਸਮਾਜ ਸੇਵਕ, ਪੱਤਰਕਾਰ ਅੰਕਲ ਫਤਿਹ ਪ੍ਰਭਾਕਰ ਨੇ ਪਿੰਡ ਦੇ ਲੋਕਾਂ ਨੂੰ ਨਾਲ ਲੈ ਕੇ ਕੀਤੇ। ਇਸੇ ਕਾਰਨ ਪਿਛਲੇ ਇੱਕ ਦਹਾਕੇ ਤੋਂ ਪਿੰਡ ਖੇੜੀ-ਜੱਟਾਂਪੰਜਾਬ ਦੇ ਵਿਕਾਸ ਮੁੱਖੀ ਪਿੰਡਾਂ ਦੀ ਪਹਿਲੀ ਕਤਾਰ ਵਿਚ ਆ ਖੜਾ ਹੋਇਆ। ਆਪਣੇ ਦਫ਼ਤਰ ਸੰਗਰੂਰ ਵਿਖੇ ਆਰਥਕ ਤੌਰ ਤੇ ਕਮਜ਼ੋਰ ਬੱਚਿਆਂ ਨੂੰ ਸ਼ਾਮ ਦੇ ਸਮੇਂ ਮੁਫ਼ਤ ਟਿਊਸ਼ਨ ਦਾ ਪ੍ਰਬੰਧ ਕਰਨਾਂ ਅਤੇ ਉਹਨਾਂ ਨੂੰ ਰੁਜ਼ਗਾਰ ਦੇ ਯੋਗ ਬਣਾਉਣਾ ਛੋਟਾ ਕੰਮ ਨਹੀਂ। ਮੈਂ ਆਪਣੇ ਅੰਕਲ ਫ਼ਤਿਹ ਪ੍ਰਭਾਕਰ ਨੂੰ ਉਹਨਾਂ ਵੱਲੋਂ ਕੀਤੇ ਜਾਂਦੇ ਕਾਰਜਾਂ ਕਰਕੇ ਹਮੇਸ਼ਾਂ ਨਿਮਰਤਾ ਨਾਲ ਸਲਾਮ ਕਰਦਾ ਹਾਂ।

**ਸੁਖਵਿੰਦਰ ਸ਼ਰਮਾ ਉਰਫ਼ ਬਬਲਾ ਚੀਫ਼ ਫ਼ਾਰਮਾਸਿਸਟ ਸਿਵਲ ਹਸਪਤਾਲ ਸੰਗਰੂਰ।**

## ਸੰਦੇਸ਼



ਮੈਂ ਬਤੌਰ ਸਕੱਤਰ ਸੀ.ਪੀ.ਆਈ ਜ਼ਿਲਾ ਸੰਗਰੂਰ ਕਾਰਜ ਕਰਦਾ ਆ ਰਿਹਾ ਹਾਂ ਤੇ ਤਕਰੀਬਨ ਪ੍ਰੈਸ ਨਾਲ ਜੁੜੇ ਲੋਕਾਂ ਨਾਲ ਅਕਸਰ ਰਾਬਤਾ ਕਾਇਮ ਰਹਿੰਦਾ ਹੈ। ਅਦਾਰਾ ਨਵਾਂ ਜ਼ਮਾਨਾਂ ਦੇ ਪੱਤਰਕਾਰ ਫ਼ਤਿਹ ਪ੍ਰਭਾਕਰ ਦੀ ਨਿਰਪੱਖ ਪੱਤਰਕਾਰਤਾ ਤੋਂ ਮੈਂ ਹਮੇਸ਼ਾਂ ਪ੍ਰਭਾਵਿਤ ਹੋਇਆ ਹਾਂ। ਉਹ ਲੇਖਕ, ਪੱਤਰਕਾਰ, ਸਮਾਜ ਸੇਵਕ ਤੇ ਆਪਣੀ ਜਨਮ ਭੂਮੀ ਪਿੰਡ ਖੇੜੀ-ਜੱਟਾਂ ਦੇ ਪਿਛਲੇ 10 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਵਿਕਾਸ ਕਾਰਜਾਂ ਲਈ ਯਤਨਸ਼ੀਲ ਹਨ ਤੇ ਉਹਨਾਂ ਦੀ ਮਿਹਨਤ ਰੰਗ ਲਿਆਈ ਹੈ ਪਿੰਡ ਖੇੜੀ-ਜੱਟਾਂ ਪੰਜਾਬ ਦੇ ਗਿਣਤੀ ਦੇ ਵਿਕਾਸ ਮੁੱਖੀ ਪਿੰਡਾਂ ਵਿਚ ਗਿਣਿਆ ਜਾਣ ਲੱਗਾ ਹੈ। ਮੈਂ ਉਸਾਰੂ ਸੋਚਦੇ ਧਾਰਨੀ ਸਮਾਜ ਸੇਵਕ ਪੱਤਰਕਾਰ ਨੂੰ ਵਿਸ਼ੇਸ਼ ਅੰਕ ਕੱਢਣ ਤੇ ਮੁਬਾਰਕਬਾਦ ਦਿੰਦਾ ਹਾਂ।

**ਕਾ: ਸੁਖਦੇਵ ਸ਼ਰਮਾ ਜ਼ਿਲਾ ਸਕੱਤਰ ਸੀ.ਪੀ.ਆਈ ਜ਼ਿਲਾ ਸੰਗਰੂਰ।**

## ਸੰਦੇਸ਼



ਸਮਾਜ ਅੰਦਰ ਕੁੱਝ ਵਿਰਲੇ ਲੋਕ ਹੁੰਦੇ ਹਨ ਜਿਹੜੇ ਸਮਾਜਿਕ ਕਾਰਜਾਂ ਕਰਕੇ ਸਨਮਾਨ ਤੇ ਸਤਿਕਾਰ ਵਾਲਾ ਸਥਾਨ ਹਾਸਲ ਕਰ ਲੈਂਦੇ ਹਨ। ਸਤਿਕਾਰ ਯੋਗ ਫ਼ਤਿਹ ਪ੍ਰਭਾਕਰ ਆਪਣੇ ਪਿੰਡ ਖੇੜੀ-ਜੱਟਾਂ ਦੇ ਵਿਕਸ ਕਾਰਜਾਂ ਪ੍ਰਤੀ ਹਮੇਸ਼ਾਂ ਗੰਭੀਰ ਤੇ ਯਤਨਸ਼ੀਲ ਰਹੇ ਹਨ। ਉਹਨਾਂ ਵੱਲੋਂ ਘੱਟ ਗਿਣਤੀ ਮੁਸਲਿਮ ਪ੍ਰੀਵਾਰਾਂ ਦੇ ਮੈਂਬਰਾਂ ਲਈ ਪਿੰਡ ਵਿਚ ਮਸਜਿਦ ਬਣਵਾਉਣ ਅਤੇ ਹਰ ਸਾਲ ਰਮਜਾਨ ਦੇ ਦਿਨਾਂ ਵਿਚ ਨਮਾਜੀਆਂ ਦੇ ਰੋਜੇ ਖੁਲਵਾਉਣ ਦਾ ਵੀ ਕਾਰਜ ਕਰਦੇ ਹਨ। ਉਹਨਾਂ ਵੱਲੋਂ ਆਪਣੀ ਜਨਮ ਭੂਮੀ ਦੇ ਹੋਏ ਵਿਕਾਸ ਕਾਰਜ ਤੇ ਕੱਢੇ ਜਾ ਰਹੇ ਵਿਸ਼ੇਸ ਅੰਕ ਲਈ ਮੈਂ ਉਹਨਾਂ ਨੂੰ ਸਲਾਮ ਕਰਦਾ ਹਾਂ।

**ਮੁਸਤਫ਼ਾ ਚੌਧਰੀ ਕੇਲਾ ਭੰਡਾਰ ਫ਼ੋਕਲ ਪੁਆਇੰਟ ਸੰਗਰੂਰ।**

## ਸੰਦੇਸ਼



ਬਤੌਰ ਵਧੀਕ ਡਿਪਟੀ ਕਮਿਸ਼ਨਰ (ਜ) ਸੰਗਰੂਰ ਪੋਸਟਿੰਗ ਸਮੇਂ ਉੱਘੇ ਸਮਾਜ ਸੇਵਕ ਤੇ ਪੱਤਰਕਾਰ ਫਤਿਹ ਪ੍ਰਭਾਕਰ ਨਾਲ ਉਹਨਾਂ ਦੀ ਜਨਮ ਭੂਮੀ ਪਿੰਡ ਖੇੜੀ-ਜੱਟਾਂਦੇਖਣ ਦਾ ਸੁਭਾਗ ਪ੍ਰਾਪਤ ਹੋਇਆ। ਪਿੰਡ ਛੋਟਾ ਤੇ ਲੋਕਾਂ ਦੀ ਸੋਚ, ਵਿਕਾਸਮੁੱਖੀ ਹੋਣ ਕਰਕੇ ਉਸ ਪਿੰਡ ਨੇ ਉਸ ਸਮੇਂ ਅਥਾਹ ਤਰੱਕੀ ਦੀਆਂ ਪੁਲਾਘਾਂ ਪੁੱਟਣੀਆਂ ਸ਼ੁਰੂ ਕੀਤੀਆਂ। ਪਹਿਲੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਚਾਰ ਦੀਵਾਰੀ ਮਨਰੇਗਾ ਭਵਨ ਤੇ ਹੋਰ ਬਹੁਤ ਸਾਰੇ ਵਿਕਾਸ ਕਾਰਜ ਇਸ ਕਰਕੇ ਸ਼ੁਰੂ ਹੋਏ ਕਿਉਂਕਿ ਪਿੰਡ ਦੇ ਲੋਕ ਇੱਕ ਮੁੱਠ ਸਨ ਤੇ ਵਿਕਾਸ ਅਤੇ ਤੁਰੱਕੀ ਲਈ ਉਸਾਰੂ ਸੋਚ ਰੱਖਦੇ ਸਨ। ਉਹਨਾਂ ਵੱਲੋਂ ਫਤਿਹ ਪ੍ਰਭਾਕਰ ਦੀ ਅਗਵਾਈ ਹੇਠ ਨਿਰਪੱਖਤਾ ਨਾਲ ਵਿਕਾਸ ਕਾਰਜ ਸ਼ੁਰੂ ਕੀਤੇ। ਇਸੇ ਕਰਕੇ ਪਿੰਡ ਪੰਜਾਬ ਦੇ ਵਿਕਾਸ ਮੁੱਖੀ ਪਿੰਡਾਂ ਦੀ ਮੂਹਰਲੀ ਕਤਾਰ ਵਿੱਚ ਗਿਣਿਆ ਜਾਣ ਲੱਗਾ।

**ਸ. ਪ੍ਰੀਤਮ ਸਿੰਘ ਜੌਹਲ ਸਾਬਕਾ ਵਧੀਕ ਡਿਪਟੀ ਕਮਿਸ਼ਨਰ (ਜਰਨਲ) ਸੰਗਰੂਰ।**


# ਸਿਬੀਆ ਹੈਲਥ ਕੇਅਰ ਪ੍ਰਾ. ਲਿਮਿਟਿਡ

## ਹੈਲਥ ਐਂਡ ਮਲਟੀਸਪੈਸ਼ਲਿਟੀ ਸੈਂਟਰ, ਜੀਂਦ ਰੋਡ, ਸੰਗਰੂਰ



ਸੰਗਰੂਰ ਤੋਂ ਵਿਸ਼ੇਸ਼ ਅੰਕ ਕੱਢਣ ਲਈ ਸੀਨੀਅਰ ਪੱਤਰਕਾਰ ਫਤਹਿ ਪ੍ਰਭਾਕਰ ਨੂੰ ਮੁਬਾਰਕਵਾਦ






# ਸੰਤ ਅਤਰ ਸਿੰਘ ਅਕਾਲ ਅਕੈਡਮੀ

## ਗੁਰਸਾਗਰ ਮਸਤੂਆਣਾ ਸਾਹਿਬ, ਸੰਗਰੂਰ

# ਦਾਖਲਾ ਸ਼ੁਰੂ

**ਵਿਸ਼ੇਸ਼ ਸਹੂਲਤਾਂ:**

1. ਆਮ ਮਾਪਿਆਂ ਦੀ ਪਹੁੰਚ ਵਾਲੀਆਂ ਫੀਸਾਂ।
2. 100% ਬੋਰਡ ਨਤੀਜੇ ਅਤੇ ਮੈਰਿਟ ਵਿੱਚ ਪਹਿਲੀਆਂ ਪੁਜੀਸ਼ਨਾਂ
3. +2 ਸਾਇੰਸ ਗਰੁੱਪ ਦੇ ਵਿਦਿਆਰਥੀਆਂ ਦੀ ਵੱਖ-ਵੱਖ ਕੰਪੀਟਿਟਿਵ ਟੈਸਟਾਂ ਵਿਚ ਸਫਲਤਾ
4. ਸ਼ਾਨਦਾਰ ਅਤੇ ਇਤਿਹਾਸਕ ਦਿੱਖ ਵਾਲੀ ਬਿਲਡਿੰਗ
5. ਖੁੱਲੇ-ਡੁੱਲੇ ਖੇਡ ਮੈਦਾਨ ਅਤੇ ਨਿਪੁੰਨ ਕੋਚ
6. ਉਚ ਯੋਗਤਾ ਪ੍ਰਾਪਤ ਸਟਾਫ
7. ਹਰ ਵਿਦਿਆਰਥੀ ਲਈ ਖੇਡਾਂ ਅਤੇ ਕਲਚਰਲ ਖੇਤਰ ਵਿਚ ਉਭਰਨ ਦਾ ਮੌਕਾ
8. ਆਪਣੀਆਂ 16 ਸਕੂਲ ਬੱਸਾਂ ਦਾ ਵੱਡਾ ਫਲੀਟ
9. ਬੱਚਿਆਂ ਬਾਰੇ ਹਰ ਜਾਣਕਾਰੀ ਮਾਪਿਆਂ ਨਾਲ ਫੋਨ ਤੇ ਸਾਂਝੀ
10. ਸਾਇੰਸ, +1, +2 ਦੇ ਬੱਚਿਆਂ ਲਈ ਕੈਰੀਅਰ ਐਂਡ ਕੌਂਸਲਿੰਗ ਦਾ ਖਾਸ ਪ੍ਰਬੰਧ
11. ਬੱਚਿਆਂ ਦੀ ਮਨੋਵਿਗਿਆਨਕ ਕੌਂਸਲਿੰਗ ਦਾ ਪ੍ਰਬੰਧ
12. ਵਿਦਿਅਕ ਕੰਪਲੈਕਸ, ਖੇਡ ਗਰਾਂਊਂਡ ਅਤੇ ਬੱਸਾਂ CCTV ਕੈਮਰਿਆਂ ਨਾਲ ਲੈਸ
13. ਪਹਿਲੀ ਕਲਾਸ ਤੋਂ ਹੀ ਕੰਪਿਊਟਰ ਸਿੱਖਿਆ ਦਾ ਪ੍ਰਬੰਧ

**M. 84370-10157, 84370-10158, 98721-81552**


## ਵਿਆਹ ਦੀ ਵਰ੍ਹੇਗੰਢ ਦੀਆਂ ਲੱਖ-ਲੱਖ ਮੁਬਾਰਕਾਂ



ਸ. ਪ੍ਰੀਤਮ ਸਿੰਘ ਜੌਹਲ ਰਿਟਾ. ਪੀ.ਸੀ.ਐਸ ਤੇ ਉਹਨਾਂ ਦੀ ਪਤਨੀ ਸੁਰਜੀਤ ਕੌਰ ਜੌਹਲ ਦੀ 50ਵੀਂ ਵਰ੍ਹੇਗੰਢ ਸਮੇਂ ਪਿੰਡ ਖੇੜੀ-ਜੱਟਾਂ ਵਿੱਖੇ ਸਮੁੱਚੀ ਗ੍ਰਾਮ ਪੰਚਾਇਤ ਸਰਪੰਤ ਮਲਕੀਤ ਕੌਰ ਪਤਨੀ ਹਰਪ੍ਰੀਤ ਸਿੰਘ, ਸ. ਫਤਿਹ ਪ੍ਰਭਾਕਰ, ਦਰਸਨ ਸਿੰਘ, ਬਲਵਿੰਦਰ ਸਿੰਘ, ਸੁਰਜੀਤ ਸਿੰਘ ਸਾਬਕਾ ਬਲਾਕ ਸੰਮਤੀ ਮੈਂਬਰ, ਨਿਰਮਲ ਸਿੰਘ ਪੰਚ, ਰਵਿੰਦਰ ਕੌਰ ਪੰਚ, ਰਣਜੀਤ ਸਿੰਘ, ਹਰਜਿੰਦਰ ਕੌਰ, ਨਿੱਕਾ ਖਾਂ ਪੰਚ, ਹਰਪਾਲ ਸਿੰਘ, ਗੁਰਮੇਲ ਸਿੰਘ ਤੇ ਭੋਲਾ ਖਾਂ ਜੋੜੀ ਨੂੰ ਮੁਬਾਰਕਬਾਦ ਦਿੰਦੇ ਹੋਏ।



ਪਿੰਡ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਵਾਲੀਆਂ ਸਾਰੀਆਂ ਹੀ ਸਤਿਕਾਰਯੋਗ ਸਖਸ਼ੀਅਤਾਂ ਅਤੇ ਸੰਗਰੂਰ ਤੋਂ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਨ ਵਿੱਚ ਸਹਿਯੋਗ ਦੇਣ ਵਾਲੇ ਸਾਰੇ ਸੱਜਣਾ-ਮਿੱਤਰਾਂ ਦਾ ਤਹਿਦਿਲੋਂ ਧੰਨਵਾਦ।

**ਫ਼ਤਹਿ ਪ੍ਰਭਾਕਰ**

ਪੱਤਰਕਾਰ ਕਮ ਸਮਾਜ ਸੇਵਕ ਜ਼ਿਲ੍ਹਾ ਸੰਗਰੂਰ।